PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611 | 16 ਜੁਲਾਈ ਤੋਂ 22 ਜੁਲਾਈ, 2026 | Email :- editor@punjabstar.com, Vo. 20. Issue:1246


## ਟਰੰਪ ਦਾ ਯੂ-ਟਰਨ! ਹੋਰਮੁਜ਼ ਸਟ੍ਰੇਟ 'ਤੇ 20% ਟੈਕਸ ਦਾ ਫ਼ੈਸਲਾ 24 ਘੰਟਿਆਂ 'ਚ ਲਿਆ ਵਾਪਸ



ਵਾਸ਼ਿੰਗਟਨ, (ਪੰਜਾਬ ਸਟਾਰ ਬਿਓਰੋ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਹੋਰਮੁਜ਼ ਸਟ੍ਰੇਟ ਤੋਂ ਲੰਘਣ ਵਾਲੇ ਜਹਾਜ਼ਾਂ 'ਤੇ 20% ਟੈਕਸ ਲਗਾਉਣ ਦਾ ਆਪਣਾ ਫੈਸਲਾ ਮਹਿਜ਼ 24 ਘੰਟਿਆਂ ਦੇ ਅੰਦਰ ਵਾਪਸ ਲੈ ਲਿਆ ਹੈ। ਸੋਮਵਾਰ ਨੂੰ ਜਿਸ ਫੈਸਲੇ ਨਾਲ ਉਨ੍ਹਾਂ ਨੇ ਦੁਨੀਆ ਭਰ ਦੇ ਬਾਜ਼ਾਰਾਂ ਵਿੱਚ ਹਲਚਲ ਮਚਾ ਦਿੱਤੀ ਸੀ, ਹੁਣ ਉਸ ਨੂੰ ਰੱਦ ਕਰਦੇ ਹੋਏ ਟਰੰਪ ਨੇ ਇੱਕ ਨਵਾਂ ਦਾਅ ਖੇਡਿਆ ਹੈ। ਹੁਣ ਟਰੰਪ ਦਾ ਕਹਿਣਾ ਹੈ ਕਿ ਉਹ ਇਸ ਟੈਕਸ ਦੀ ਜਗ੍ਹਾ ਮਿਡਲ ਈਸਟ ਦੇ ਦੇਸ਼ਾਂ * ਬਾਕੀ ਸਫ਼ਾ 2 'ਤੇ

## ਇੰਡੋਨੇਸ਼ੀਆ 'ਚ ਰੂਹ ਕੰਬਾਊ ਹਾਦਸਾ

### 13 ਲੋਕਾਂ ਦੀ ਮੌਕੇ 'ਤੇ ਮੌਤ




(ਪੰਜਾਬ ਸਟਾਰ ਬਿਓਰੋ): ਇੰਡੋਨੇਸ਼ੀਆ ਦੇ ਜਾਵਾ ਟਾਪੂ 'ਤੇ ਇੱਕ ਦਿਲ ਕੰਬਾਊ ਸੜਕ ਹਾਦਸਾ ਵਾਪਰਿਆ ਹੈ, ਜਿੱਥੇ ਵਿਆਹ ਸਮਾਗਮ ਦੀਆਂ ਖ਼ੁਸ਼ੀਆਂ ਪਲ ਭਰ ਵਿੱਚ ਮਾਤਮ ਵਿੱਚ ਬਦਲ ਗਈਆਂ। ਇੱਕ ਖੁੱਲ੍ਹੇ ਪਿਕਅੱਪ ਟਰੱਕ ਵਿੱਚ ਸਵਾਰ ਹੋ ਕੇ ਘਰ ਪਰਤ ਰਹੇ ਲੋਕ ਜਿਵੇਂ ਹੀ ਹਾਈਵੇਅ 'ਤੇ ਯੂ-ਟਰਨ ਲੈਣ ਲਈ ਰੁਕੇ, ਪਿੱਛੇ ਤੋਂ ਆ ਰਹੇ ਇੱਕ ਤੇਜ਼ ਰਫ਼ਤਾਰ ਟਰੱਕ ਨੇ ਉਨ੍ਹਾਂ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ। ਟੱਕਰ ਇੰਨੀ ਭਿਆਨਕ ਸੀ ਕਿ ਪਿਕਅੱਪ ਉਛਲ ਕੇ ਉਲਟ ਦਿਸ਼ਾ ਵਾਲੀ ਲੇਨ ਵਿੱਚ ਜਾ ਡਿੱਗਿਆ ਅਤੇ ਸਾਹਮਣੇ ਤੋਂ ਆ ਰਹੇ ਦੂਜੇ ਭਾਰੀ ਟਰੱਕ ਦੀ ਲਪੇਟ ਵਿੱਚ ਆ ਗਿਆ। ਦੋ ਟਰੱਕਾਂ ਦੇ ਵਿਚਕਾਰ ਇਸ ਵਾਹਨ ਦੇ ਪਰਖੱਚੇ ਉੱਡ ਗਏ ਅਤੇ * ਬਾਕੀ ਸਫ਼ਾ 2 'ਤੇ

## ਅਮਰੀਕੀ ਹਮਲੇ ਤੋਂ ਬਾਅਦ ਈਰਾਨ 'ਚ ਭਾਰੀ ਤਬਾਹੀ

# 30 ਤੋਂ ਵੱਧ ਮੌਤਾਂ, 260 ਤੋਂ ਵੱਧ ਜ਼ਖ਼ਮੀ





(ਪੰਜਾਬ ਸਟਾਰ ਬਿਓਰੋ): ਈਰਾਨ 'ਤੇ ਅਮਰੀਕੀ ਹਵਾਈ ਹਮਲਿਆਂ ਨੇ ਇਸਲਾਮਿਕ ਗਣਰਾਜ ਵਿੱਚ ਭਾਰੀ ਤਬਾਹੀ ਮਚਾਈ ਹੈ। ਈਰਾਨੀ ਸਰਕਾਰ ਦੇ ਬੁਲਾਰੇ ਫਤੇਮੇਹ ਮੋਹਾਜੇਰਾਨੀ ਨੇ ਬੁੱਧਵਾਰ ਨੂੰ ਕਿਹਾ ਕਿ ਈਰਾਨ 'ਤੇ ਹਾਲ ਹੀ ਵਿੱਚ ਹੋਏ ਅਮਰੀਕੀ ਹਵਾਈ ਹਮਲਿਆਂ ਵਿੱਚ 30 ਤੋਂ ਵੱਧ ਲੋਕ ਮਾਰੇ ਗਏ ਹਨ। ਹਾਲਾਂਕਿ, ਉਸਨੇ 30 ਤੋਂ ਵੱਧ ਮੌਤਾਂ ਦੇ ਇਸ ਅੰਕੜੇ ਵਿੱਚ ਸ਼ਾਮਿਲ ਖਾਸ ਸਮੇਂ ਦੀ ਮਿਆਦ ਨੂੰ ਸਪੱਸ਼ਟ ਨਹੀਂ ਕੀਤਾ। ਈਰਾਨੀ ਸਰਕਾਰ ਦਾ ਇਹ ਬਿਆਨ ਅਜਿਹੇ ਸਮੇਂ ਆਇਆ ਹੈ ਜਦੋਂ ਈਰਾਨ ਦੇ ਸਿਹਤ ਮੰਤਰਾਲੇ ਦੇ ਬੁਲਾਰੇ ਨੇ ਦੱਸਿਆ ਹੈ ਕਿ ਰਾਤ ਭਰ ਕੀਤੇ ਗਏ ਅਮਰੀਕੀ ਹਵਾਈ ਹਮਲਿਆਂ ਵਿੱਚ 260 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ।

ਈਰਾਨੀ ਫੌਜ ਨੇ ਕਿਹਾ ਹੈ ਕਿ ਈਰਾਨਸ਼ਹਿਰ ਵਿੱਚ ਬਾਮਪੁਰ ਗੈਰੀਸਨ 'ਤੇ ਅਮਰੀਕੀ ਹਮਲੇ * ਬਾਕੀ ਸਫ਼ਾ 2 'ਤੇ

## ਬੈਂਕਾਕ ਦੇ ਪੱਬ 'ਚ ਲੱਗੀ ਭਿਆਨਕ ਅੱਗ

### 27 ਲੋਕਾਂ ਦੀ ਮੌਤ; ਕਈ ਗੰਭੀਰ ਜ਼ਖ਼ਮੀ




ਬੈਂਕਾਕ, (ਪੰਜਾਬ ਸਟਾਰ ਬਿਓਰੋ): ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿੱਚ ਸੋਮਵਾਰ ਤੜਕੇ ਇਕ ਵੱਡਾ ਹਾਦਸਾ ਵਾਪਰਿਆ। ਬੈਂਕਾਕ ਵਿੱਚ ਇੱਕ ਪੱਬ ਵਿੱਚ ਭਿਆਨਕ ਅੱਗ ਲੱਗਣ ਕਾਰਨ ਘੱਟੋ-ਘੱਟ 27 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 63 ਹੋਰ ਜ਼ਖ਼ਮੀ ਹੋ ਗਏ। ਬੈਂਕਾਕ ਦੇ ਗਵਰਨਰ ਨੇ ਦੱਸਿਆ ਕਿ ਪੱਬ ਵਿੱਚ ਲੱਗੀ ਅੱਗ ਵਿੱਚ ਜ਼ਖ਼ਮੀ ਹੋਏ 63 ਲੋਕਾਂ ਵਿੱਚੋਂ 22 ਦੀ ਹਾਲਤ ਗੰਭੀਰ ਹੈ। ਅਧਿਕਾਰੀਆਂ ਮੁਤਾਬਕ ਅੱਗ ਅੱਧੀ ਰਾਤ ਦੇ ਕਰੀਬ ਸ਼ਹਿਰ ਦੇ ਉੱਤਰੀ ਹਿੱਸੇ ਵਿੱਚ ਸਥਿਤ ਇੱਕ ਐਂਟਰਟੇਨਮੈਂਟ ਵੇਨਿਊ ਵਿੱਚ ਲੱਗੀ। ਦੇਖਦੇ ਹੀ ਦੇਖਦੇ ਅੱਗ ਨੇ ਪੂਰੀ ਇਮਾਰਤ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਅਤੇ ਮੌਕੇ 'ਤੇ ਹਫੜਾ ਦਫੜੀ ਮਚ ਗਈ। ਅਧਿਕਾਰੀਆਂ ਮੁਤਾਬਕ, ਫਾਇਰ ਬ੍ਰਿਗੇਡ ਕਰਮਚਾਰੀਆਂ ਨੇ ਕਰੀਬ ਅੱਧੇ ਘੰਟੇ ਦੀ ਮੁਸ਼ੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ।

ਰਾਹਤ ਕਰਮਚਾਰੀਆਂ ਨੇ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਦੇਰ ਰਾਤ ਮਿਲੀ। ਅਧਿਕਾਰੀਆਂ ਮੁਤਾਬਕ, ਅੱਗ 'ਤੇ ਕਾਬੂ ਪਾਉਣ ਲਈ ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਲਗਭਗ 30 ਮਿੰਟ ਲੱਗੇ। ਹਾਦਸੇ ਤੋਂ ਬਾਅਦ ਦੀਆਂ ਤਸਵੀਰਾਂ ਵਿੱਚ ਪੱਬ ਦੇ ਅੰਦਰ ਸੜੀਆਂ ਹੋਈਆਂ ਮੇਜ਼-ਕੁਰਸੀਆਂ ਅਤੇ ਬੁਰੀ ਤਰ੍ਹਾਂ ਨੁਕਸਾਨਿਆ ਹੋਇਆ * ਬਾਕੀ ਸਫ਼ਾ 2 'ਤੇ

## ਕੈਨੇਡਾ ਸਰਕਾਰ ਨੇ 2026 ਲਈ ਮਾਪਿਆਂ ਅਤੇ ਦਾਦਾ-ਦਾਦੀ ਦੀ PR ਸਪਾਂਸਰਸ਼ਿਪ ਦੀਆਂ ਨਵੀਆਂ ਅਰਜ਼ੀਆਂ ਲੈਣ 'ਤੇ ਲਗਾਈ ਰੋਕ




ਕੈਨੇਡਾ (ਕੁਲਤਰਨ ਸਿੰਘ ਪਧਿਆਣਾ): ਕੈਨੇਡਾ ਸਰਕਾਰ ਨੇ 2026 ਦੌਰਾਨ Parents and Grandparents Program (PGP) ਤਹਿਤ ਨਵੀਆਂ ਸਥਾਈ ਨਿਵਾਸ (PR) ਸਪਾਂਸਰਸ਼ਿਪ ਅਰਜ਼ੀਆਂ ਸਵੀਕਾਰ ਨਾ ਕਰਨ ਦਾ ਫ਼ੈਸਲਾ ਬਰਕਰਾਰ ਰੱਖਿਆ ਹੈ। ਇਸ ਦਾ ਮਤਲਬ ਹੈ ਕਿ ਇਸ ਸਾਲ ਨਵੇਂ ਸਪਾਂਸਰ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਫ੍ਰ ਲਈ ਸਪਾਂਸਰ ਨਹੀਂ ਕਰ ਸਕਣਗੇ ਅਤੇ ਸਰਕਾਰ ਨਵੀਆਂ ਅਰਜ਼ੀਆਂ ਨਹੀਂ ਲਵੇਗੀ ਬਲਕਿ ਪੁਰਾਣੀਆਂ ਅਰਜ਼ੀਆਂ ਤੇ ਹੀ ਕੰਮ ਹੋਵੇਗਾ।

ਇਮੀਗ੍ਰੇਸ਼ਨ ਵਿਭਾਗ (IRCC) ਸਿਰਫ਼ 2025 ਦੇ ਇੰਟੇਕ ਅਧੀਨ ਪਹਿਲਾਂ ਹੀ ਜਮ੍ਹਾਂ ਹੋਈਆਂ ਅਰਜ਼ੀਆਂ ਦੀ ਪ੍ਰਕਿਰਿਆ ਜਾਰੀ ਰੱਖੇਗਾ। ਹਾਲਾਂਕਿ ਸਰਕਾਰ ਨੇ ਕਿਹਾ ਹੈ ਕਿ ਭਵਿੱਖ ਵਿੱਚ ਨਵੇਂ ਇੰਟੇਕ * ਬਾਕੀ ਸਫ਼ਾ 2 'ਤੇ

### ਜਥੇਦਾਰ ਗੜਗੱਜ ਨੇ ਕੀਤੇ ਦੋ ਅਹਿਮ ਐਲਾਨ

## ਹਰੀਕੇ ਪੱਤਣ ਵਿਖੇ ਭਾਈ ਜਸਵੰਤ ਸਿੰਘ ਖਾਲੜਾ ਸਮੇਤ ਸਮੂਹ ਸ਼ਹੀਦਾਂ ਦੀ ਯਾਦ 'ਚ ਅਰਦਾਸ ਸਮਾਗਮ



ਸ੍ਰੀ ਅੰਮ੍ਰਿਤਸਰ, (ਪੰਜਾਬ ਸਟਾਰ ਬਿਓਰੋ): ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਅੱਜ ਸਮੂਹ ਖ਼ਾਲਸਾ ਪੰਥ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਹਰੀਕੇ ਪੱਤਣ ਵਿਖੇ 1984 ਅਤੇ ਬਾਅਦ ਦੇ ਦਹਾਕੇ ਦੇ ਸਮੂਹ ਸ਼ਹੀਦਾਂ ਅਤੇ ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਯਾਦ ਅਤੇ ਪੀੜਤ ਪਰਿਵਾਰਾਂ ਤੇ ਪੰਥ ਨੂੰ ਇਨਸਾਫ਼ ਲਈ ਅਰਦਾਸ ਸਮਾਗਮ ਕੀਤਾ ਗਿਆ। ਸਮਾਗਮ ਦੌਰਾਨ ਵਿਸ਼ੇਸ਼ ਪਾਲਕੀ ਸਾਹਿਬ ਵਿੱਚ * ਬਾਕੀ ਸਫ਼ਾ 2 'ਤੇ

## ਸਿੱਖ ਵਿਰੋਧੀ ਹਮਲਿਆਂ 'ਚ ਭਾਰੀ ਵਾਧੇ ; ਹੁਣ ਬ੍ਰਿਟਿਸ਼ ਸੰਸਦ 'ਚ ਗੂੰਜੇਗੀ ਸਿੱਖਾਂ ਦੀ ਆਵਾਜ਼



(ਪੰਜਾਬ ਸਟਾਰ ਬਿਓਰੋ): ਪੱਛਮੀ ਲੰਡਨ ਵਿੱਚ ਇੱਕ ਨੌਜਵਾਨ ਸਿੱਖ ਔਰਤ ਦੀ ਚਾਕੂ ਮਾਰ ਕੇ ਹੱਤਿਆ ਕੀਤੇ ਜਾਣ ਤੋਂ ਬਾਅਦ ਬ੍ਰਿਟਿਸ਼ ਸਿੱਖ ਜਥੇਬੰਦੀਆਂ ਨੇ ਦੇਸ਼ ਵਿੱਚ ਸਿੱਖ ਵਿਰੋਧੀ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋਣ ਦਾ ਦਾਅਵਾ ਕੀਤਾ ਹੈ। ਸਿੱਖ ਜਥੇਬੰਦੀਆਂ ਇਸ ਹਫ਼ਤੇ ਬ੍ਰਿਟਿਸ਼ ਪਾਰਲੀਮੈਂਟ (ਸੰਸਦ) ਵਿੱਚ ਪਹੁੰਚ ਕੇ ਸੰਸਦ ਮੈਂਬਰਾਂ (MPs) ਕੋਲ ਆਪਣਾ ਪੱਖ ਰੱਖਣਗੀਆਂ (ਲਾਬਿੰਗ ਕਰਨਗੀਆਂ) ਅਤੇ ਯੂਕੇ ਸਰਕਾਰ 'ਤੇ ਸਿੱਖਾਂ ਵਿਰੁੱਧ ਵਧ ਰਹੀ ਨਫ਼ਰਤ ਨੂੰ ਰੋਕਣ ਵਿੱਚ ਅਸਫ਼ਲ ਰਹਿਣ ਦੇ ਦੋਸ਼ ਲਗਾਉਣਗੀਆਂ।

### ਤਰਨਤਾਰਨ ਦੀ ਕਿਰਨਦੀਪ ਕੌਰ ਦੇ ਕਤਲ ਤੋਂ ਬਾਅਦ ਭਖਿਆ ਮਾਮਲਾ

ਇਹ ਮੁਹਿੰਮ ਪੱਛਮੀ ਲੰਡਨ ਦੇ ਹੇਜ਼ (Hayes) ਇਲਾਕੇ ਵਿੱਚ ਹੋਏ ਦੋਹਰੇ ਚਾਕੂ ਹਮਲੇ ਵਿੱਚ ਪੰਜਾਬ ਦੇ ਤਰਨਤਾਰਨ ਨਾਲ ਸਬੰਧਤ 24 ਸਾਲਾ ਕਿਰਨਦੀਪ ਕੌਰ ਦੀ ਮੌਤ ਤੋਂ ਕੁਝ ਦਿਨਾਂ ਬਾਅਦ ਸ਼ੁਰੂ ਹੋਈ ਹੈ। ਇਸੇ ਹਮਲੇ ਵਿੱਚ ਇੱਕ ਹੋਰ 20 ਸਾਲਾ ਨੌਜਵਾਨ ਵੀ ਜ਼ਖ਼ਮੀ ਹੋਇਆ ਸੀ, ਜੋ ਹਸਪਤਾਲ ਵਿੱਚ ਜ਼ੇਰੇ-ਇਲਾਜ ਹੈ।

ਇਸ ਮਾਮਲੇ ਵਿੱਚ 44 ਸਾਲਾ ਵਿਅਕਤੀ ਡੈਨੀਅਲ ਸੀਨ ਜੇਮਸ 'ਤੇ ਕਤਲ, ਕਤਲ ਦੀ ਕੋਸ਼ਿਸ਼ ਅਤੇ ਤੇਜ਼ਧਾਰ ਹਥਿਆਰ ਰੱਖਣ ਦੇ ਦੋਸ਼ ਆਇਦ ਕੀਤੇ ਗਏ ਹਨ। ਮੈਟਰੋਪੋਲੀਟਨ ਪੁਲੀਸ ਨੇ ਹਮਲੇ ਦੇ ਪਿੱਛੇ ਦੇ ਅਸਲ ਮਕਸਦ ਦਾ ਅਜੇ ਖ਼ੁਲਾਸਾ ਨਹੀਂ ਕੀਤਾ ਹੈ, ਪਰ ਕਿਰਨਦੀਪ ਕੌਰ ਦੇ ਪਰਿਵਾਰ ਨੇ ਜਾਸੂਸਾਂ ਨੂੰ ਇਸ ਗੱਲ ਦੀ ਜਾਂਚ * ਬਾਕੀ ਸਫ਼ਾ 2 'ਤੇ

## ਕੈਨੇਡਾ ਦੇ ਸਾਬਕਾ ਐਮਪੀ ਰਾਜ ਗਰੇਵਾਲ ਦੀਆਂ ਵਧੀਆਂ ਮੁਸ਼ਕਿਲਾਂ

### ਧੋਖਾਧੜੀ ਦੇ ਦੋਸ਼ਾਂ ਵਿਚਾਲੇ ਵਕਾਲਤ ਲਾਇਸੈਂਸ ਖ਼ਤਰੇ 'ਚ



(ਪੰਜਾਬ ਸਟਾਰ ਬਿਓਰੋ): ਕੈਨੇਡਾ ਦੇ ਸਾਬਕਾ ਲਿਬਰਲ ਸੰਸਦ ਮੈਂਬਰ ਅਤੇ ਵਕੀਲ ਰਾਜ ਗਰੇਵਾਲ ਇੱਕ ਵਾਰ ਫਿਰ ਗੰਭੀਰ ਕਾਨੂੰਨੀ ਵਿਵਾਦਾਂ ਵਿੱਚ ਘਿਰ ਗਏ ਹਨ। ਓਨਟਾਰੀਓ ਦੀ ਕਾਨੂੰਨੀ ਨਿਗਰਾਨ ਸੰਸਥਾ ਲਾਅ ਸੁਸਾਇਟੀ ਆਫ਼ ਓਨਟਾਰੀਓ (LSO) ਨੇ ਉਨ੍ਹਾਂ ਦਾ ਵਕਾਲਤ ਦਾ ਲਾਇਸੈਂਸ ਮੁਅੱਤਲ ਕਰਨ ਲਈ ਕਾਰਵਾਈ ਸ਼ੁਰੂ ਕੀਤੀ ਹੈ। ਸੰਸਥਾ ਦਾ ਕਹਿਣਾ ਹੈ ਕਿ ਗਰੇਵਾਲ ਖ਼ਿਲਾਫ਼ ਟਰੱਸਟ ਫ਼ੰਡਾਂ ਦੀ ਕਥਿਤ ਦੁਰਵਰਤੋਂ, ਧੋਖਾਧੜੀ ਵਿੱਚ ਸ਼ਮੂਲੀਅਤ ਅਤੇ ਪੇਸ਼ੇਵਰ ਇਮਾਨਦਾਰੀ ਦੇ ਮਾਪਦੰਡਾਂ ਦੀ ਉਲੰਘਣਾ ਸਬੰਧੀ ਜਾਂਚ ਚੱਲ ਰਹੀ ਹੈ। ਮਾਮਲੇ ਦੀ ਮੁੱਢਲੀ ਸੁਣਵਾਈ ਸੋਮਵਾਰ ਨੂੰ ਲਾਅ ਸੁਸਾਇਟੀ ਟ੍ਰਿਬਿਊਨਲ ਵਿੱਚ ਹੋਣੀ ਹੈ।

ਗਰੇਵਾਲ, ਉਨ੍ਹਾਂ ਵੱਲੋਂ ਸਥਾਪਤ ਕੀਤੀ ਗਈ RSG Law ਫ਼ਰਮ, ਪਰਿਵਾਰਕ ਮੈਂਬਰਾਂ ਅਤੇ ਕਾਰੋਬਾਰੀ ਸਹਿਯੋਗੀਆਂ ਖ਼ਿਲਾਫ਼ ਇਸ ਵੇਲੇ 20 ਤੋਂ ਵੱਧ ਸਿਵਲ ਕੇਸ ਵੱਖ-ਵੱਖ ਅਦਾਲਤਾਂ ਵਿੱਚ ਚੱਲ ਰਹੇ ਹਨ। ਇਨ੍ਹਾਂ ਵਿੱਚ ਕਰੋੜਾਂ ਡਾਲਰ ਦੇ ਕਰਜ਼ਿਆਂ ਅਤੇ ਮਾਰਟਗੇਜ ਦੀ ਅਦਾਇਗੀ ਨਾ ਕਰਨ, ਟਰੱਸਟ ਵਿੱਚ ਰੱਖੀ ਗਈ ਰਕਮ ਦੀ ਕਥਿਤ ਹੇਰਾਫੇਰੀ, ਜਾਇਦਾਦ ਸੁਰੱਖਿਆ ਰਿਕਾਰਡਾਂ ਵਿੱਚ ਤਬਦੀਲੀਆਂ ਕਰਨ ਅਤੇ ਨਿਵੇਸ਼ਕਾਂ ਨੂੰ ਵਿੱਤੀ ਨੁਕਸਾਨ ਪਹੁੰਚਾਉਣ ਵਰਗੇ ਦੋਸ਼ ਲਗਾਏ ਗਏ ਹਨ।

ਇੱਕ ਮਾਮਲੇ ਵਿੱਚ ਬੈਂਕ ਆਫ਼ ਨੋਵਾ ਸਕੋਸ਼ੀਆ ਨੇ ਦੋਸ਼ ਲਾਇਆ ਕਿ ਟੀ ਡੀ ਬੈਂਕ ਦੇ ਤਿੰਨ ਜਾਅਲੀ ਚੈੱਕਾਂ, ਜਿਨ੍ਹਾਂ ਦੀ ਕੁੱਲ ਰਕਮ 53 ਲੱਖ ਡਾਲਰ ਸੀ, ਨਾਲ ਜੁੜੀ ਲਗਪਗ 30 ਲੱਖ ਡਾਲਰ ਦੀ ਰਕਮ RSG Law ਦੇ ਟਰੱਸਟ ਖਾਤੇ ਵਿੱਚ ਪਹੁੰਚੀ। ਇਸ ਤੋਂ ਬਾਅਦ ਅਦਾਲਤ ਨੇ ਫ਼ਰਮ ਦੇ ਟਰੱਸਟ ਖਾਤਿਆਂ ਨੂੰ ਫ੍ਰੀਜ਼ ਕਰਨ ਦੇ ਹੁਕਮ ਦਿੱਤੇ ਸਨ। ਗਰੇਵਾਲ ਦੇ ਵਕੀਲਾਂ ਦਾ ਦਾਅਵਾ ਹੈ ਕਿ ਇਹ ਮਾਮਲਾ ਬਾਅਦ ਵਿੱਚ ਸਮਝੌਤੇ ਰਾਹੀਂ ਨਿਪਟਾ ਲਿਆ ਗਿਆ।

ਇੱਕ ਹੋਰ ਮੁਕੱਦਮੇ ਵਿੱਚ ਜਾਰਜ ਟਾਊਨ ਦੇ ਦੋ ਕਾਰੋਬਾਰੀਆਂ ਨੇ ਦੋਸ਼ ਲਾਇਆ ਕਿ ਗ੍ਰੇਵਾਲ ਨੂੰ 42 ਲੱਖ ਡਾਲਰ ਟਰੱਸਟ ਵਿੱਚ ਦਿੱਤੇ ਗਏ ਸਨ ਤਾਂ ਜੋ ਰਾਇਲ ਬੈਂਕ ਦਾ ਮਾਰਟਗੇਜ ਅਦਾ ਕੀਤਾ ਜਾ ਸਕੇ, ਪਰ ਭੁਗਤਾਨ ਨਾ ਹੋਣ ਕਾਰਨ ਉਨ੍ਹਾਂ ਨੂੰ ਇੱਕੋ ਜਾਇਦਾਦ 'ਤੇ ਦੋ ਮੋਰਟਗੇਜਾਂ ਦਾ ਬੋਝ ਝੱਲਣਾ ਪਿਆ। * ਬਾਕੀ ਸਫ਼ਾ 2 'ਤੇ





ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ




- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
www.MakeMeDebtFree.ca
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ

HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090



Vik Mehmi
Broker
416-500-6262

# ਪੇਜ ਇੱਕ ਦੀ ਬਾਕੀ

## ਟਰੰਪ ਦਾ ਯੂ-ਟਰਨ...

ਨਾਲ 'ਇਤਿਹਾਸਕ ਅਤੇ ਵਿਸ਼ਾਲ' ਬਿਜ਼ਨੈੱਸ ਡੀਲ ਕਰਨਗੇ।

ਟਰੰਪ ਨੇ ਕਿਹਾ ਕਿ ਮਿਡਲ ਈਸਟ ਦੇ ਨੇਤਾਵਾਂ ਨਾਲ ਗੱਲਬਾਤ ਤੋਂ ਬਾਅਦ ਉਨ੍ਹਾਂ ਨੇ ਇਸ ਨੂੰ ਖ਼ਤਮ ਕਰਨ ਦਾ ਫੈਸਲਾ ਕੀਤਾ ਹੈ। ਹੁਣ ਇਸ ਦੀ ਜਗ੍ਹਾ ਖਾੜੀ ਦੇਸ਼ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਕਰਨਗੇ। ਇਸ ਨਾਲ ਅਮਰੀਕਾ ਵਿੱਚ ਲੱਖਾਂ ਰੁਜ਼ਗਾਰ ਪੈਦਾ ਹੋਣਗੇ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਟ੍ਰੁਥ ਸੋਸ਼ਲ 'ਤੇ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਲਿਖਿਆ, "ਮਿਡਲ ਈਸਟ ਦੇ ਨੇਤਾਵਾਂ ਨਾਲ ਬੇਹੱਦ ਸਕਾਰਾਤਮਕ ਅਤੇ ਸਫ਼ਲ ਗੱਲਬਾਤ ਤੋਂ ਬਾਅਦ ਮੈਂ 20 ਫੀਸਦੀ ਅਮਰੀਕੀ ਰੀਇੰਬਰਸਮੈਂਟ ਫੀਸ ਦੇ ਫੈਸਲੇ ਨੂੰ ਬਦਲਣ ਦਾ ਫੈਸਲਾ ਕੀਤਾ ਹੈ। ਇਸ ਦੀ ਜਗ੍ਹਾ ਹੁਣ ਖਾੜੀ ਦੇਸ਼ ਅਮਰੀਕਾ ਵਿੱਚ ਵੱਡੇ ਪੱਧਰ 'ਤੇ ਵਪਾਰ ਅਤੇ ਨਿਵੇਸ਼ ਕਰਨਗੇ।"

ਟਰੰਪ ਨੇ ਅੱਗੇ ਦਾਅਵਾ ਕੀਤਾ ਕਿ ਇਹ ਨਿਵੇਸ਼ ਬੇਹੱਦ ਵੱਡਾ ਹੋਵੇਗਾ ਅਤੇ ਇਹ ਸੌਦੇ ਮਿਡਲ ਈਸਟ ਦੇ ਦੇਸ਼ਾਂ ਦੇ ਭਵਿੱਖ ਲਈ ਵੀ ਬਿਹਤਰੀਨ ਸਾਬਤ ਹੋਣਗੇ। ਟਰੰਪ ਦੇ ਮੁਤਾਬਕ, ਇਨ੍ਹਾਂ ਡੀਲਜ਼ ਦੇ ਜ਼ਰੀਏ ਅਮਰੀਕਾ ਵਿੱਚ ਫੈਕਟਰੀਆਂ, ਪਲਾਂਟ ਅਤੇ ਨਵੇਂ ਉਪਕਰਣ ਇਤਿਹਾਸਕ ਪੱਧਰ 'ਤੇ ਆਉਣਗੇ। ਇਸ ਨਾਲ ਅਮਰੀਕੀ ਨਾਗਰਿਕਾਂ ਲਈ ਭਾਰੀ ਗਿਣਤੀ ਵਿੱਚ ਮੋਟੀ ਕਮਾਈ ਵਾਲੀਆਂ ਨੌਕਰੀਆਂ ਪੈਦਾ ਹੋਣਗੀਆਂ।

ਇਸ ਤੋਂ ਪਹਿਲਾ ਟਰੰਪ ਨੇ ਸੋਮਵਾਰ ਨੂੰ ਐਲਾਨ ਕੀਤਾ ਸੀ ਕਿ ਹੋਰਮੁਜ਼ ਸਟ੍ਰੇਟ ਤੋਂ ਲੰਘਣ ਵਾਲੇ ਜਹਾਜ਼ਾਂ ਤੋਂ 20% ਟੈਕਸ ਵਸੂਲਿਆ ਜਾਵੇਗਾ। ਹਾਲਾਂਕਿ ਇਸ ਫੈਸਲੇ ਦੀ ਕਈ ਦੇਸ਼ਾਂ ਨੇ ਆਲੋਚਨਾ ਕੀਤੀ ਸੀ। ਈਰਾਨ ਨੇ ਵੀ ਇਸ 'ਤੇ ਤੰਜ਼ ਕਸਦਿਆਂ ਕਿਹਾ ਸੀ ਕਿ ਟਰੰਪ ਦੀ ਗੱਲ ਬਿਲਕੁਲ ਸਹੀ ਹੈ, ਪਰ 20% ਟੈਕਸ ਬਹੁਤ ਜ਼ਿਆਦਾ ਹੈ। ਈਰਾਨ ਇਸ ਤੋਂ ਘੱਟ ਟੈਕਸ ਵਸੂਲੇਗਾ।

## ਇੰਡੋਨੇਸ਼ੀਆ 'ਚ ਰੂਹ...

ਸੜਕ 'ਤੇ ਲਾਸ਼ਾਂ ਦੇ ਢੇਰ ਲੱਗ ਗਏ। ਇਸ ਰੂਹ ਕੰਬਾਊ ਹਾਦਸੇ ਵਿੱਚ 13 ਲੋਕਾਂ ਦੀ ਮੌਕੇ 'ਤੇ ਹੀ ਤੜਫ-ਤੜਫ ਕੇ ਮੌਤ ਹੋ ਗਈ, ਜਦੋਂ ਕਿ 5 ਹੋਰ ਲੋਕ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜ ਰਹੇ ਹਨ।

ਪੁਲਿਸ ਨੇ ਸੋਮਵਾਰ ਨੂੰ ਦੱਸਿਆ ਕਿ ਇੰਡੋਨੇਸ਼ੀਆ ਦੇ ਮੁੱਖ ਟਾਪੂ ਜਾਵਾ 'ਤੇ ਇੱਕ ਦਰਦਨਾਕ ਹਾਦਸਾ ਵਾਪਰ ਗਿਆ। ਇੱਥੇ ਇੱਕ ਵਿਅਸਤ ਹਾਈਵੇਅ 'ਤੇ ਵਿਆਹ ਦੇ ਮਹਿਮਾਨਾਂ ਨੂੰ ਲੈ ਕੇ ਜਾ ਰਹੀ ਇੱਕ ਪਿਕਅੱਪ ਟਰੱਕ ਦੋ ਟਰੱਕਾਂ ਦੇ ਵਿਚਕਾਰ ਕੁਚਲੀ ਗਈ। ਇਸ ਹਾਦਸੇ ਵਿੱਚ 13 ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ ਪੰਜ ਲੋਕ ਜ਼ਖਮੀ ਹੋ ਗਏ ਹਨ। ਇਹ ਲੋਕ ਗੁਆਂਢੀ ਪਾਰੇਨ ਪਿੰਡ ਵਿੱਚ ਇੱਕ ਵਿਆਹ ਵਿੱਚ ਸ਼ਾਮਲ ਹੋ ਕੇ ਘਰ ਪਰਤ ਰਹੇ ਸਨ। ਟ੍ਰੈਫਿਕ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਪੀੜਤ ਇੱਕ ਖੁੱਲ੍ਹੀ ਪਿਕਅੱਪ ਟਰੱਕ ਵਿੱਚ ਸਫ਼ਰ ਕਰ ਰਹੇ ਸਨ। ਹਾਈਵੇਅ 'ਤੇ ਯੂ-ਟਰਨ ਲੈਣ ਲਈ ਜਦੋਂ ਗੱਡੀ ਹੌਲੀ ਹੋਈ ਅਤੇ ਮੀਡੀਅਨ ਓਪਨਿੰਗ ਦੇ ਕੋਲ ਰੁਕੀ, ਤਾਂ ਉਸੇ ਦਿਸ਼ਾ ਵਿੱਚ ਆ ਰਹੇ ਇੱਕ ਵਿੰਗ-ਬਾਕਸ ਟਰੱਕ ਨੇ ਉਸ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ। ਅਧਿਕਾਰੀਆਂ ਨੇ ਕਿਹਾ ਕਿ "ਟੱਕਰ ਕਾਰਨ ਪਿਕਅੱਪ ਦੂਜੀ ਲੇਨ ਵਿੱਚ ਚਲੀ ਗਈ, ਜਿੱਥੇ ਉਸ ਨੂੰ ਇੱਕ ਹੋਰ ਟਰੱਕ ਨੇ ਟੱਕਰ ਮਾਰ ਦਿੱਤੀ। ਇਸ ਜ਼ਬਰਦਸਤ ਟੱਕਰ ਕਾਰਨ ਪਿਕਅੱਪ ਟਰੱਕ ਵਿੱਚ ਸਵਾਰ ਇੱਕ ਦਰਜਨ ਤੋਂ ਵੱਧ ਲੋਕ ਹਾਈਵੇਅ 'ਤੇ ਜਾ ਡਿੱਗੇ।" ਜ਼ਖਮੀਆਂ ਦਾ ਹਸਪਤਾਲ 'ਚ ਇਲਾਜ ਚਲ ਰਿਹਾ ਹੈ। ਅਧਿਕਾਰੀ ਦੁਰਘਟਨਾ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ।

## ਅਮਰੀਕੀ ਹਮਲੇ ਤੋਂ...

ਵਿੱਚ ਉਸਦੇ ਸੱਤ ਸੈਨਿਕ ਮਾਰੇ ਗਏ ਸਨ। ਇਸਨੇ ਅੱਗੇ ਐਲਾਨ ਕੀਤਾ ਕਿ ਇਸ ਹਮਲੇ ਦਾ ਫੈਸਲਾਕੁੰਨ ਜਵਾਬ ਢੁਕਵੇਂ ਸਮੇਂ 'ਤੇ ਦਿੱਤਾ ਜਾਵੇਗਾ। ਫੌਜ ਨੇ ਹਮਲੇ ਨੂੰ ਕਾਇਰਤਾਪੂਰਨ ਹਮਲਾ ਕਰਾਰ ਦਿੱਤਾ। ਫੌਜ ਦੇ ਅਨੁਸਾਰ, ਅਮਰੀਕੀ ਫੌਜਾਂ ਨੇ ਬਾਮਪੁਰ ਵਿੱਚ ਫੌਜੀ ਬੈਰਕਾਂ 'ਤੇ 13 ਮਿਜ਼ਾਈਲਾਂ ਦਾਗੀਆਂ ਹਨ। ਇਸ ਹਮਲੇ ਵਿੱਚ 388ਵੀਂ ਬ੍ਰਿਗੇਡ ਦੇ ਸੱਤ ਸੈਨਿਕ ਮਾਰੇ ਗਏ ਸਨ, ਜਦੋਂ ਕਿ ਕਈ ਹੋਰ ਜ਼ਖਮੀ ਹੋ ਗਏ ਸਨ। ਈਰਾਨੀ ਫੌਜ ਨੇ ਦਾਅਵਾ ਕੀਤਾ ਕਿ 'ਪੈਸਿਵ ਡਿਫੈਂਸ ਉਪਾਅ' ਨੇ ਜਾਨੀ ਨੁਕਸਾਨ ਨੂੰ ਸੀਮਤ ਕਰਨ ਵਿੱਚ ਮਦਦ ਕੀਤੀ। ਫੌਜ ਦਾ ਦੋਸ਼ ਹੈ ਕਿ ਅਮਰੀਕੀ ਹਮਲੇ ਫੌਜੀ ਅੱਡੇ ਦੇ ਗੈਸਟ ਹਾਊਸ, ਸੁਰੱਖਿਆ ਚੌਕੀਆਂ ਅਤੇ ਰਿਹਾਇਸ਼ੀ ਸਹੂਲਤਾਂ ਨੂੰ ਨਿਸ਼ਾਨਾ ਬਣਾ ਕੇ ਵੱਧ ਤੋਂ ਵੱਧ ਜਾਨੀ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਕੀਤੇ ਗਏ ਸਨ।

ਫਾਰਸ ਦੀ ਖਾੜੀ ਦਾ ਪ੍ਰਵੇਸ਼ ਦੁਆਰ ਮੰਨੇ ਜਾਣ ਵਾਲੇ ਹੋਰਮੁਜ਼ ਜਲਡਮਰੂ ਦੇ ਕੰਟਰੋਲ ਨੂੰ ਲੈ ਕੇ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਬਣਿਆ ਹੋਇਆ ਹੈ। ਸਮੁੰਦਰ ਰਾਹੀਂ ਲਿਜਾਏ ਜਾਣ ਵਾਲੇ ਤੇਲ ਅਤੇ ਕੁਦਰਤੀ ਗੈਸ ਦੇ ਵਿਸ਼ਵ ਵਪਾਰ ਦਾ ਇੱਕ ਮਹੱਤਵਪੂਰਨ ਹਿੱਸਾ ਇਸ ਰਣਨੀਤਕ ਜਲ ਮਾਰਗ ਰਾਹੀਂ ਲੰਘਦਾ ਹੈ।

## ਬੈਂਕਾਕ ਦੇ ਪੱਬ...

ਢਾਂਚਾ ਦਿਖਾਈ ਦੇ ਰਿਹਾ ਹੈ। ਫਿਲਹਾਲ ਅਧਿਕਾਰੀ ਬੈਂਕਾਕ ਦੇ ਇਸ ਤਾਜ਼ਾ ਹਾਦਸੇ ਦੀ ਬਾਰੀਕੀ ਨਾਲ ਜਾਂਚ ਕਰ ਰਹੇ ਹਨ। ਮ੍ਰਿਤਕਾਂ ਅਤੇ ਜ਼ਖਮੀਆਂ ਦੀ ਪਛਾਣ ਕਰਨ ਦੀ ਪ੍ਰਕਿਰਿਆ ਜਾਰੀ ਹੈ।

ਇਸ ਘਟਨਾ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵੀ ਸਾਂਝੀਆਂ ਕੀਤੀਆਂ ਗਈਆਂ ਜਿਸ ਵਿੱਚ ਉੱਤਰੀ ਬੈਂਕਾਕ ਸਥਿਤ ਪੱਬ ਦੇ ਮੁੱਖ ਦਰਵਾਜ਼ੇ ਤੋਂ ਉੱਚੀਆਂ ਲਪਟਾਂ ਉੱਠਦੀਆਂ ਦਿਖਾਈ ਦੇ ਰਹੀਆਂ ਹਨ। ਲੋਕ ਜਾਨ ਬਚਾਉਣ ਲਈ ਬਾਹਰ ਵੱਲ ਭੱਜਦੇ ਨਜ਼ਰ ਆਏ, ਜਦੋਂ ਕਿ ਅਸਮਾਨ ਵਿੱਚ ਕਾਲੇ ਧੂੰਏਂ ਦਾ ਗੁਬਾਰ ਫੈਲ ਗਿਆ।

ਘਟਨਾ ਵਾਲੀ ਥਾਂ 'ਤੇ ਪਹੁੰਚੇ ਥਾਈਲੈਂਡ ਦੇ ਪ੍ਰਧਾਨ ਮੰਤਰੀ ਅਨੁਤਿਨ ਚਰਨਵੀਰਾਕੁਲ ਨੇ ਮ੍ਰਿਤਕਾਂ ਦੀ ਗਿਣਤੀ ਦੀ ਪੁਸ਼ਟੀ ਕੀਤੀ। ਉਨ੍ਹਾਂ ਕਿਹਾ, 'ਹੁਣ ਤੱਕ 27 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ ਕਈ ਜ਼ਖਮੀਆਂ ਦਾ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ।' ਉਨ੍ਹਾਂ ਕਿਹਾ ਕਿ ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਕੈਨੇਡਾ ਸਰਕਾਰ ਨੇ...

ਬਾਰੇ ਫ਼ੈਸਲਾ ਬਾਅਦ ਵਿੱਚ ਐਲਾਨਿਆ ਜਾਵੇਗਾ। ਜਿਨ੍ਹਾਂ ਪਰਿਵਾਰਾਂ ਨੂੰ ਆਪਣੇ ਮਾਪਿਆਂ ਜਾਂ ਦਾਦਾ-ਦਾਦੀ ਨੂੰ ਕੈਨੇਡਾ ਲਿਆਉਣਾ ਹੈ, ਉਨ੍ਹਾਂ ਲਈ ਫਿਲਹਾਲ ਸੁਪਰ ਵੀਜ਼ਾ (Super Visa) ਸਭ ਤੋਂ ਮੁੱਖ ਵਿਕਲਪ ਬਣਿਆ ਹੋਇਆ ਹੈ।

ਤਾਜ਼ਾ ਇਮੀਗ੍ਰੇਸ਼ਨ ਲੈਵਲਜ਼ ਪਲਾਨ ਅਨੁਸਾਰ, ਕੈਨੇਡਾ ਦੀ ਫੈਡਰਲ ਸਰਕਾਰ ਨੇ Parents and Grandparents Program (PGP) ਤਹਿਤ 2026, 2027 ਅਤੇ 2028 ਲਈ ਹਰ ਸਾਲ 15,000 ਸਥਾਈ ਨਿਵਾਸ (PR) ਦਾਖ਼ਲਿਆਂ ਦਾ ਟੀਚਾ ਨਿਰਧਾਰਿਤ ਕੀਤਾ ਹੈ। ਜਿਨ੍ਹਾਂ ਲੋਕਾਂ ਨੇ ਜੁਲਾਈ 2025 ਵਿੱਚ PGP ਅਧੀਨ ਅਰਜ਼ੀਆਂ ਦਿੱਤੀਆਂ ਸਨ, ਉਨ੍ਹਾਂ ਲਈ ਕਿਊਬਿਕ ਤੋਂ ਬਾਹਰ ਵੱਸਣ ਵਾਲਿਆਂ ਦੀਆਂ ਅਰਜ਼ੀਆਂ ਦੀ ਬਾਕੀ ਰਹਿੰਦੀ ਪ੍ਰੋਸੈਸਿੰਗ ਦਾ ਅੰਦਾਜ਼ਨ ਸਮਾਂ 18 ਮਹੀਨੇ ਹੈ, ਜਦਕਿ ਕਿਊਬਿਕ ਵਿੱਚ ਵੱਸਣ ਦੇ ਇੱਛੁਕ ਅਰਜ਼ੀਦਾਰਾਂ ਲਈ ਇਹ ਸਮਾਂ ਲਗਭਗ 54 ਮਹੀਨੇ ਹੈ।

## ਸਿੱਖ ਵਿਰੋਧੀ ਹਮਲਿਆਂ...

ਕਰਨ ਦੀ ਅਪੀਲ ਕੀਤੀ ਹੈ ਕਿ ਕੀ ਇਸ ਹਮਲੇ ਪਿੱਛੇ ਨਸਲੀ ਨਫ਼ਰਤ (Racial Hatred) ਦੀ ਕੋਈ ਭੂਮਿਕਾ ਸੀ। ਮੁਲਜ਼ਮ ਜੇਮਸ ਨੂੰ ਪਿਛਲੇ ਸੋਮਵਾਰ ਅਦਾਲਤ ਵਿੱਚ ਪੇਸ਼ ਕਰਕੇ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

### ਸੰਸਦ ਵਿੱਚ ਆਵਾਜ਼ ਬੁਲੰਦ ਕਰਨ ਦੀ ਤਿਆਰੀ

ਇਸ ਸੰਸਦੀ ਮੁਹਿੰਮ ਦੀ ਅਗਵਾਈ 'ਸਿੱਖ ਫੈਡਰੇਸ਼ਨ (ਯੂਕੇ)' ਅਤੇ ਉਸ ਨਾਲ ਸਬੰਧਤ 'ਸਿੱਖ ਨੈੱਟਵਰਕ' ਵੱਲੋਂ ਕੀਤੀ ਜਾ ਰਹੀ ਹੈ। ਉਹ ਸੰਸਦ ਮੈਂਬਰਾਂ ਨੂੰ ਅਪੀਲ ਕਰਨਗੇ ਕਿ ਉਹ ਸਰਕਾਰ 'ਤੇ ਸਿੱਖਾਂ ਵਿਰੁੱਧ ਹੁੰਦੇ ਨਫ਼ਰਤੀ ਅਪਰਾਧਾਂ (Hate Crimes) ਨੂੰ ਮਾਨਤਾ ਦੇਣ ਅਤੇ ਇਹਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਲਈ ਦਬਾਅ ਬਣਾਉਣ।

ਇਸ ਮੁਹਿੰਮ ਦਾ ਪਿਛੋਕੜ ਸਾਊਥੈਂਪਟਨ ਵਿੱਚ ਹੈਨਰੀ ਨੋਵਾਕ ਦੇ ਕਤਲ ਅਤੇ ਉਸ ਤੋਂ ਬਾਅਦ ਵਿਕਰਮ ਦਿਗਵਾ ਦੀ ਸਜ਼ਾ ਨਾਲ ਵੀ ਜੁੜਿਆ ਹੋਇਆ ਹੈ। ਉਸ ਮਾਮਲੇ ਨੇ ਬ੍ਰਿਟੇਨ ਵਿੱਚ ਕਾਨੂੰਨੀ ਸੁਰੱਖਿਆ ਪ੍ਰਾਪਤ ਸਿੱਖਾਂ ਦੇ ਧਾਰਮਿਕ ਚਿੰਨ੍ਹ 'ਕਿਰਪਾਨ' ਬਾਰੇ ਇੱਕ ਸਿਆਸੀ ਬਹਿਸ ਛੇੜ ਦਿੱਤੀ ਸੀ। ਸਿੱਖ ਸੰਗਠਨਾਂ ਦਾ ਤਰਕ ਹੈ ਕਿ ਇਸ ਮਾਮਲੇ ਤੋਂ ਬਾਅਦ ਕਿਰਪਾਨ ਬਾਰੇ ਜਨਤਕ ਤੌਰ 'ਤੇ ਹੋਈਆਂ ਬਹਿਸਾਂ ਨੇ ਭਾਈਚਾਰੇ ਦੇ ਮੈਂਬਰਾਂ ਪ੍ਰਤੀ ਨਫ਼ਰਤ ਵਧਾਉਣ ਦਾ ਕੰਮ ਕੀਤਾ ਹੈ।

### ਸਿੱਖ ਨੈੱਟਵਰਕ ਦੇ ਸਰਵੇਖਣ ਵਿੱਚ ਚਿੰਤਾਜਨਕ ਖ਼ੁਲਾਸੇ

ਬ੍ਰਿਟੇਨ ਵਿੱਚ 5,25,000 ਤੋਂ ਵੱਧ ਸਿੱਖ ਰਹਿੰਦੇ ਹਨ, ਜੋ ਭਾਰਤ ਤੋਂ ਬਾਹਰ ਸਭ ਤੋਂ ਵੱਡੀ ਸਿੱਖ ਆਬਾਦੀ ਵਿੱਚੋਂ ਇੱਕ ਹੈ। ਹਾਲਾਂਕਿ ਪੁਲੀਸ ਧਾਰਮਿਕ ਨਫ਼ਰਤ ਵਾਲੇ ਅਪਰਾਧ ਦਰਜ ਕਰਦੀ ਹੈ, ਪਰ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਦੀ ਪਛਾਣ ਕਰਨ ਵਾਲੇ ਕੋਈ ਕੌਮੀ ਅੰਕੜੇ ਅਧਿਕਾਰਤ ਤੌਰ 'ਤੇ ਪ੍ਰਕਾਸ਼ਿਤ ਨਹੀਂ ਕੀਤੇ ਜਾਂਦੇ।

'ਸਿੱਖ ਨੈੱਟਵਰਕ' ਵੱਲੋਂ 1,000 ਤੋਂ ਵੱਧ ਬ੍ਰਿਟਿਸ਼ ਸਿੱਖਾਂ 'ਤੇ ਕੀਤੇ ਗਏ ਸਰਵੇਖਣ ਅਨੁਸਾਰ:

40 ਫੀਸਦੀ ਲੋਕਾਂ ਨੇ ਮੰਨਿਆ ਕਿ ਉਹਨਾਂ ਨੇ ਸਿੱਖ ਵਿਰੋਧੀ ਘਟਨਾਵਾਂ ਦਾ ਸਾਹਮਣਾ ਕੀਤਾ ਜਾਂ ਗਵਾਹ ਰਹੇ ਹਨ।

90 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਮਈ ਦੇ ਅੱਧ ਤੋਂ ਅਜਿਹੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ।

50 ਫੀਸਦੀ ਤੋਂ ਵੱਧ ਲੋਕਾਂ ਨੇ ਕਿਹਾ ਕਿ ਉਹ ਹੁਣ ਸੁਰੱਖਿਅਤ ਮਹਿਸੂਸ ਨਹੀਂ ਕਰਦੇ।

ਸਰਵੇਖਣ ਵਿੱਚ ਸਾਹਮਣੇ ਆਈਆਂ ਘਟਨਾਵਾਂ ਵਿੱਚੋਂ ਸਿਰਫ਼ 6 ਫੀਸਦੀ ਮਾਮਲਿਆਂ ਦੀ ਹੀ ਪੁਲੀਸ ਕੋਲ ਰਿਪੋਰਟ ਕੀਤੀ ਗਈ ਸੀ।

(ਨੋਟ: ਇਸ ਸਰਵੇਖਣ ਦੀ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ ਅਤੇ ਇਹ ਆਮ ਪ੍ਰਤੀਨਿਧ ਸਮੂਹ ਦੀ ਬਜਾਏ ਖੁਦ ਚੁਣੇ ਗਏ ਲੋਕਾਂ 'ਤੇ ਅਧਾਰਿਤ ਸੀ।)

ਸਰਕਾਰ ਵੱਲੋਂ 'ਚੁੱਪੀ' ਧਾਰਨ ਦੇ ਦੋਸ਼ਸਿੱਖ ਫੈਡਰੇਸ਼ਨ ਦੇ ਸਿਆਸੀ ਮਾਮਲਿਆਂ ਦੇ ਮੁੱਖ ਕਾਰਜਕਾਰੀ ਦਬਿੰਦਰਜੀਤ ਸਿੰਘ (OBE) ਨੇ ਦੋਸ਼ ਲਾਇਆ ਕਿ ਵਾਰ-ਵਾਰ ਮੰਗ ਪੱਤਰ ਸੌਂਪਣ ਦੇ ਬਾਵਜੂਦ ਸਰਕਾਰ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਨੂੰ ਹੱਲ ਕਰਨ ਵਿੱਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ: "ਅਸੀਂ ਮਈ ਦੇ ਅਖੀਰ ਤੋਂ ਸਿੱਖ ਵਿਰੁੱਧ ਨਫ਼ਰਤੀ ਅਪਰਾਧਾਂ ਅਤੇ ਪਵਿੱਤਰ ਕਿਰਪਾਨ ਦੀ ਗਲਤ ਪੇਸ਼ਕਾਰੀ ਬਾਰੇ ਗ੍ਰਹਿ ਸਕੱਤਰ (Home Secretary) ਅਤੇ ਪੁਲੀਸਿੰਗ ਮੰਤਰੀ (Policing Minister) ਕੋਲ ਚਿੰਤਾਵਾਂ ਚੁੱਕ ਰਹੇ ਹਾਂ, ਪਰ ਸਾਨੂੰ ਸਰਕਾਰ ਵੱਲੋਂ ਪੂਰੀ ਤਰ੍ਹਾਂ ਚੁੱਪੀ ਦਾ ਸਾਹਮਣਾ ਕਰਨਾ ਪਿਆ ਹੈ।"

ਉਨ੍ਹਾਂ ਕਿਹਾ ਕਿ ਫੈਡਰੇਸ਼ਨ ਸੰਸਦ ਮੈਂਬਰਾਂ ਨੂੰ ਅਪੀਲ ਕਰੇਗੀ ਕਿ ਉਹ ਸਰਕਾਰ ਨੂੰ ਸਿੱਖਾਂ ਵਿਰੁੱਧ ਨਫ਼ਰਤੀ ਅਪਰਾਧਾਂ ਨੂੰ ਦੂਜੇ ਨਫ਼ਰਤੀ ਅਪਰਾਧਾਂ ਦੇ ਬਰਾਬਰ ਮਾਨਤਾ ਦੇਣ ਅਤੇ ਸਿੱਖ ਜਥੇਬੰਦੀਆਂ ਨਾਲ ਸਿੱਧਾ ਸੰਪਰਕ ਬਣਾਉਣ ਲਈ ਕਹਿਣ।

### ਇੰਡੀਅਨ ਵਰਕਰਜ਼ ਐਸੋਸੀਏਸ਼ਨ ਵੱਲੋਂ ਜਾਂਚ ਦੀ ਮੰਗ

ਬ੍ਰਿਟੇਨ ਦੀ ਸਭ ਤੋਂ ਪੁਰਾਣੀ ਨਸਲਵਾਦ ਵਿਰੋਧੀ ਸੰਸਥਾ 'ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ- IWA)' ਨੇ ਵੀ ਕਿਰਨਦੀਪ ਕੌਰ ਦੇ ਕਤਲ ਦੀ ਨਿੰਦਾ ਕੀਤੀ ਹੈ ਅਤੇ ਪਰਿਵਾਰ ਦੀ ਨਿਰਪੱਖ ਜਾਂਚ ਦੀ ਮੰਗ ਦਾ ਸਮਰਥਨ ਕੀਤਾ ਹੈ। ਸੰਸਥਾ ਦੇ ਜਨਰਲ ਸਕੱਤਰ ਸ਼ੀਤਲ ਸਿੰਘ ਗਿੱਲ ਨੇ ਕਿਹਾ: "ਅਸੀਂ ਇਸ ਦੁਖਦਾਈ ਘਟਨਾ ਤੋਂ ਬਹੁਤ ਸਦਮੇ ਵਿੱਚ ਹਾਂ। ਅਸੀਂ ਕਿਰਨਦੀਪ ਦੇ ਪਰਿਵਾਰ ਨਾਲ ਖੜ੍ਹੇ ਹਾਂ। ਜੇਕਰ ਜਾਂਚ ਵਿੱਚ ਇਹ ਸਾਬਤ ਹੁੰਦਾ ਹੈ ਕਿ ਇਹ ਹਮਲਾ ਨਸਲੀ ਜਾਂ ਧਾਰਮਿਕ ਨਫ਼ਰਤ ਕਾਰਨ ਹੋਇਆ ਸੀ, ਤਾਂ ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ।"

ਉਨ੍ਹਾਂ ਭਾਈਚਾਰੇ ਨੂੰ ਇਕਜੁੱਟ ਰਹਿਣ ਦੀ ਅਪੀਲ ਕਰਦਿਆਂ ਕਿਹਾ ਕਿ ਲੋਕਤੰਤਰ ਅਤੇ ਬਹੁ-ਸੱਭਿਆਚਾਰਕ ਬ੍ਰਿਟੇਨ ਵਿੱਚ ਨਸਲਵਾਦ ਜਾਂ ਨਫ਼ਰਤ ਦੀ ਕੋਈ ਥਾਂ ਨਹੀਂ ਹੈ।

ਸੰਸਦ ਮੈਂਬਰ ਜਸ ਅਥਵਾਲ ਵੱਲੋਂ ਦੁੱਖ ਦਾ ਪ੍ਰਗਟਾਵਾਲੇਬਰ ਪਾਰਟੀ ਦੇ ਸੰਸਦ ਮੈਂਬਰ ਜਸ ਅਟਵਾਲ ਨੇ ਇਸ ਘਟਨਾ 'ਤੇ ਗਹਿਰਾ ਦੁੱਖ ਪ੍ਰਗਟ ਕਰਦਿਆਂ ਕਿਹਾ: "ਕਿਰਨਦੀਪ ਕੌਰ ਦੀ ਮੌਤ ਬੇਹੱਦ ਦੁਖਦਾਈ ਹੈ। ਉਹ ਇੱਕ ਮਾਂ ਸੀ, ਜਿਸ ਕਾਰਨ ਇਹ ਦੁਖਾਂਤ ਹੋਰ ਵੀ ਗੰਭੀਰ ਹੋ ਜਾਂਦਾ ਹੈ। ਇੱਕ ਨੌਜਵਾਨ ਔਰਤ ਦਾ ਭਵਿੱਖ ਖੋਹ ਲਿਆ ਗਿਆ ਹੈ ਅਤੇ ਹੁਣ ਉਸ ਦਾ ਬੱਚਾ ਆਪਣੀ ਮਾਂ ਤੋਂ ਬਿਨਾਂ ਵੱਡਾ ਹੋਵੇਗਾ। ਕਿਸੇ ਵੀ ਪਰਿਵਾਰ ਨੂੰ ਅਜਿਹਾ ਅਸਹਿ ਦੁੱਖ ਨਹੀਂ ਝੱਲਣਾ ਚਾਹੀਦਾ।"

ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਪੁਲੀਸ ਜਾਂਚ ਚੱਲ ਰਹੀ ਹੈ, ਇਸ ਲਈ ਕਿਸੇ ਵੀ ਤਰ੍ਹਾਂ ਦੀਆਂ ਅਫਵਾਹਾਂ ਤੋਂ ਬਚਿਆ ਜਾਵੇ ਅਤੇ ਤੱਥਾਂ ਨੂੰ ਸਾਹਮਣੇ ਆਉਣ ਦਿੱਤਾ ਜਾਵੇ। ਮੈਟਰੋਪੋਲੀਟਨ ਪੁਲੀਸ ਅਨੁਸਾਰ ਇਸ ਮਾਮਲੇ ਦੀ ਹਰ ਪਹਿਲੂ ਤੋਂ ਜਾਂਚ ਜਾਰੀ ਹੈ।

## ਹਰੀਕੇ ਪੱਤਣ ਵਿਖੇ...

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬੀੜ ਸੁਸ਼ੋਭਿਤ ਕਰਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਭਾਈ ਸਿਮਰਪ੍ਰੀਤ ਸਿੰਘ ਦੇ ਹਜ਼ੂਰੀ ਰਾਗੀ ਜਥੇ ਨੇ ਰਸਭਿੰਨਾ ਗੁਰਬਾਣੀ ਕੀਰਤਨ ਸਮਗਤ ਨੂੰ ਸਰਵਣ ਕਰਵਾਇਆ। ਸਮਾਗਮ ਦੀ ਸਮਾਪਤੀ ਦੀ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੁਦ ਕੀਤੀ।

ਅਰਦਾਸ ਵਿੱਚ ਜਥੇਦਾਰ ਗੜਗੱਜ ਨੇ ਲਾਵਾਰਿਸ ਕਹਿ ਕੇ ਸਾੜੇ ਅਤੇ ਦਰਿਆਵਾਂ ਵਿੱਚ ਵਹਾਏ ਗਏ ਪੰਜਾਬ ਦੇ ਪੁੱਤਾਂ ਤੇ ਧੀਆਂ ਨੂੰ ਯਾਦ ਕਰਦਿਆਂ ਅਰਦਾਸ ਕੀਤੀ ਕਿ ਖ਼ਾਲਸਾ ਪੰਥ ਨੂੰ ਇਨਸਾਫ਼ ਲਈ ਬਲ ਬਖ਼ਸ਼ਣ। ਉਨ੍ਹਾਂ ਅਰਦਾਸ ਕੀਤੀ ਕਿ ਅੱਜ ਅਸੀਂ ਜਿੱਥੇ (ਹਰੀਕੇ ਪੱਤਣ) ਵਿਖੇ ਖੜ੍ਹੇ ਹਾਂ ਇੱਥੇ ਕੌਮੀ ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਸਮੇਤ ਹਜ਼ਾਰਾਂ ਨੌਜਵਾਨਾਂ, ਭੈਣਾਂ, ਬਜ਼ੁਰਗਾਂ ਤੇ ਬੱਚਿਆਂ ਨੂੰ ਕਤਲ ਕਰਕੇ ਵਹਾਇਆ ਗਿਆ ਹੈ।

ਉਨ੍ਹਾਂ ਅਰਦਾਸ ਕੀਤੀ ਕਿ ਸੱਚੇ ਪਾਤਸ਼ਾਹ ਮੌਤ ਤੋਂ ਬਾਅਦ ਸਰੀਰ ਨਾਲ ਸਾਰੇ ਵੈਰ ਵਿਰੋਧ ਮੁੱਕ ਜਾਂਦੇ ਹਨ, ਪਰ ਇੱਥੇ ਸਮੇਂ ਦੀ ਜਾਲਮ ਹਕੂਮਤ ਨੇ ਮਨੁੱਖੀ ਹੱਕਾਂ ਦਾ ਘਾਣ ਕਰਦਿਆਂ, ਲਾਸ਼ਾਂ ਨੂੰ ਲਾਵਾਰਿਸ ਕਹਿ ਕੇ ਸਿੱਖਾਂ ਹਿੰਦੂਆਂ ਦੇ ਸਰੀਰ ਵੀ ਵਾਰਸਾਂ ਨੂੰ ਨਾ ਦਿੱਤੇ ਗਏ। ਉਨ੍ਹਾਂ ਅਕਾਲ ਪੁਰਖ ਅੱਗੇ ਅਰਦਾਸ ਕੀਤੀ ਕਿ ਮ੍ਰਿਤਕ ਸਰੀਰਾਂ ਨਾਲ ਵੈਰ ਕਮਾਉਣ ਵਾਲੇ ਹਾਕਮਾਂ ਦਾ ਲੇਖਾ ਸੱਚੇ ਪਾਤਸ਼ਾਹ ਆਪ ਕਰਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਇੱਥੇ ਦਰਿਆ ਸਤਲੁਜ ਬਿਆਸ ਦੇ ਸੰਗਮ ਤੇ ਪੰਜਾਬ ਦੇ ਹੋਰ ਦਰਿਆਵਾਂ, ਪੱਤਣਾਂ ਤੇ ਨਹਿਰਾਂ ਵਿੱਚ ਮਾਰ ਕੇ ਟੋਟੇ-ਟੋਟੇ ਕਰਕੇ ਵਹਾਇਆ ਗਿਆ। ਉਨ੍ਹਾਂ ਅਰਦਾਸ ਕੀਤੀ ਕਿ ਪੰਥ ਤੇ ਪੰਜਾਬ ਦੇ ਧੀਆਂ ਪੁੱਤਾਂ ਦੇ ਇਨਸਾਫ਼ ਲਈ ਖ਼ਾਲਸਾ ਪੰਥ ਨੂੰ ਉੱਦਮ ਦਾ ਬਲ ਮਿਲੇ। ਉਨ੍ਹਾਂ ਸ਼ਹੀਦ ਕੀਤੇ ਗਏ ਸਿੰਘਾਂ ਸਿੰਘਣੀਆਂ ਦੇ ਪਰਿਵਾਰਾਂ ਤੇ ਬੱਚਿਆਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਲਈ ਵੀ ਅਰਦਾਸ ਕੀਤੀ। ਅਰਦਾਸ ਉਪਰੰਤ ਪਾਵਨ ਮੁੱਖਵਾਕ ਗੁਰਦੁਆਰਾ ਬੀੜ ਬਾਬਾ ਬੁੱਢਾ ਜੀ ਠੱਠਾ ਦੇ ਮੁੱਖ ਗ੍ਰੰਥੀ ਗਿਆਨੀ ਨਿਸ਼ਾਨ ਸਿੰਘ ਨੇ ਸਰਵਣ ਕਰਵਾਇਆ।

ਇਸ ਤੋਂ ਬਾਅਦ ਸੰਗਤ ਨੂੰ ਸੰਬੋਧਨ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਦੋ ਅਹਿਮ ਐਲਾਨ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਦੇਸ਼ ਕੀਤਾ ਕਿ ਉਹ ਖ਼ਾਲਸਾ ਪੰਥ ਦੇ ਸਹਿਯੋਗ ਨਾਲ ਹਰੀਕੇ ਪੱਤਣ ਵਿਖੇ 'ਸ਼ਹੀਦੀ ਪੱਤਣ ਯਾਦਗਾਰ' ਬਣਾਏ। ਉਨ੍ਹਾਂ ਕਿਹਾ ਕਿ ਅੱਜ ਤੋਂ ਬਾਅਦ ਇਸ ਥਾਂ ਜਿੱਥੇ ਸਾਡੇ ਨੌਜਵਾਨਾਂ ਨੂੰ ਸ਼ਹੀਦ ਕਰਕੇ ਟੋਟੇ-ਟੋਟੇ ਕਰਕੇ ਵਹਾਇਆ ਗਿਆ ਨੂੰ ਸਿੱਖ ਸ਼ਹੀਦੀ ਪੱਤਣ ਵਜੋਂ ਸੰਬੋਧਤ ਹੋਣਗੇ।

ਜਥੇਦਾਰ ਗੜਗੱਜ ਨੇ ਇਹ ਵੀ ਐਲਾਨ ਕੀਤਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਤਰਫ਼ੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਸਾਲ 1982 ਤੋਂ 1995 ਤੱਕ ਦੇ ਜੋ ਵੀ ਸ਼ਹੀਦ ਹਨ ਸਮੇਤ ਜਿਨ੍ਹਾਂ ਨੂੰ ਲਾਵਾਰਿਸ ਕਹਿ ਕੇ ਸਾੜਿਆ ਗਿਆ, ਕਤਲ ਕੀਤਾ ਗਿਆ, ਉਨ੍ਹਾਂ ਦੇ ਸਮੁੱਚੇ ਵੇਰਵੇ ਦਸਤਾਵੇਜ਼ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਵੇਰਵੇ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਰਿਕਾਰਡ ਹੋਣਗੇ।

## ਕੈਨੇਡਾ ਦੇ ਸਾਬਕਾ ਐਮਪੀ...

ਇਸੇ ਤਰ੍ਹਾਂ ਇੱਕ ਹੋਰ ਕੇਸ ਵਿੱਚ ਰਿਣਦਾਤਾਵਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ ਗਰੇਵਾਲ ਅਤੇ ਸਬੰਧਿਤ ਕੰਪਨੀਆਂ ਨੂੰ 10.7 ਕਰੋੜ ਡਾਲਰ ਦੇ ਕਰਜ਼ੇ ਦਿੱਤੇ, ਜਿਨ੍ਹਾਂ ਵਿੱਚੋਂ 6.4 ਕਰੋੜ ਡਾਲਰ ਅਜੇ ਵੀ ਬਕਾਇਆ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕੁਝ ਕਰਜ਼ਿਆਂ ਲਈ ਸੁਰੱਖਿਆ ਦਰਜ ਹੀ ਨਹੀਂ ਕਰਵਾਈ ਗਈ, ਜਦਕਿ ਕੁਝ ਜਾਇਦਾਦਾਂ ਉੱਤੇ ਦਰਜ ਸੁਰੱਖਿਆ ਬਿਨਾਂ ਮਨਜ਼ੂਰੀ ਹਟਾ ਦਿੱਤੀ ਗਈ। ਇਨ੍ਹਾਂ ਮਾਮਲਿਆਂ ਦੇ ਨਾਲ-ਨਾਲ ਪੀਲ ਰੀਜਨਲ ਪੁਲੀਸ ਵੀ ਰੀਅਲ ਅਸਟੇਟ ਨਾਲ ਸਬੰਧਿਤ ਕੁਝ ਲੈਣ-ਦੇਣ ਦੀ ਜਾਂਚ ਕਰ ਰਹੀ ਹੈ। ਹਾਲਾਂਕਿ ਅਜੇ ਤੱਕ ਕਿਸੇ ਵੀ ਦੋਸ਼ ਦੀ ਅਦਾਲਤ ਵਿੱਚ ਪੁਸ਼ਟੀ ਨਹੀਂ ਹੋਈ ਅਤੇ ਗਰੇਵਾਲ ਨੇ ਆਪਣੇ ਵਕੀਲਾਂ ਰਾਹੀਂ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਵਪਾਰਕ ਲੈਣ-ਦੇਣ ਨਾਲ ਜੁੜੇ ਵਿਵਾਦ ਹਨ ਅਤੇ ਘੱਟੋ-ਘੱਟ ਤਿੰਨ ਕੇਸ ਪਹਿਲਾਂ ਹੀ ਸਮਝੌਤੇ ਨਾਲ ਨਿਪਟ ਚੁੱਕੇ ਹਨ।

ਜ਼ਿਕਰਯੋਗ ਹੈ ਕਿ ਰਾਜ ਗਰੇਵਾਲ 2018 ਵਿੱਚ ਉਸ ਵੇਲੇ ਸੁਰਖ਼ੀਆਂ ਵਿੱਚ ਆਏ ਸਨ ਜਦੋਂ ਉਨ੍ਹਾਂ ਨੇ ਕੈਸੀਨੋ ਵਿੱਚ ਜੂਏ ਦੌਰਾਨ ਲੱਖਾਂ ਡਾਲਰ ਗੁਆਉਣ ਦੀ ਗੱਲ ਮੰਨਦਿਆਂ ਸੰਸਦ ਮੈਂਬਰ ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਬਾਅਦ ਵਿੱਚ RCMP ਨੇ ਉਨ੍ਹਾਂ ਖ਼ਿਲਾਫ਼ ਅਹੁਦੇ ਦੀ ਦੁਰਵਰਤੋਂ ਦਾ ਕੇਸ ਦਰਜ ਕੀਤਾ ਸੀ, ਪਰ 2023 ਵਿੱਚ ਅਦਾਲਤ ਨੇ ਸਬੂਤਾਂ ਦੀ ਘਾਟ ਕਾਰਨ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ। ਹੁਣ ਨਵੇਂ ਵਿੱਤੀ ਅਤੇ ਕਾਨੂੰਨੀ ਵਿਵਾਦਾਂ ਨੇ ਇੱਕ ਵਾਰ ਫਿਰ ਉਨ੍ਹਾਂ ਦੀ ਪੇਸ਼ੇਵਾਰ ਸਾਖ ਅਤੇ ਕਾਨੂੰਨੀ ਭਵਿੱਖ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਦਿੱਤਾ ਹੈ।

# ਰੂਸੀ ਤੇਲ ਖਰੀਦਣ 'ਤੇ ਭਾਰਤ ਸਮੇਤ ਪੰਜ ਦੇਸ਼ਾਂ 'ਤੇ 100 ਪ੍ਰਤੀਸ਼ਤ ਅਮਰੀਕੀ ਡਿਊਟੀ ਲਗਾਉਣ ਲਈ ਬਿੱਲ ਕੀਤਾ ਪੇਸ਼



ਵਾਸ਼ਿੰਗਟਨ: ਅਮਰੀਕਾ ਦੀਆਂ ਦੋਵੇਂ ਪ੍ਰਮੁੱਖ ਪਾਰਟੀਆਂ - ਰਿਪਬਲਿਕਨ ਪਾਰਟੀ ਅਤੇ ਡੈਮੋਕ੍ਰੇਟਿਕ ਪਾਰਟੀ - ਦੇ ਕਾਨੂੰਨਸਾਜ਼ਾਂ ਦੇ ਇੱਕ ਸਮੂਹ ਨੇ ਸੈਨੇਟ ਵਿੱਚ ਇੱਕ ਬਿੱਲ ਪੇਸ਼ ਕੀਤਾ ਹੈ ਜੋ ਰੂਸ ਤੋਂ ਤੇਲ ਖਰੀਦਣ ਲਈ ਭਾਰਤ ਅਤੇ ਚੀਨ ਸਮੇਤ ਪੰਜ ਦੇਸ਼ਾਂ 'ਤੇ 100 ਪ੍ਰਤੀਸ਼ਤ ਤੱਕ ਆਯਾਤ ਡਿਊਟੀ ਲਗਾਉਣ ਦਾ ਪ੍ਰਸਤਾਵ ਰੱਖਦਾ ਹੈ।

ਰਿਪਬਲਿਕਨ ਸੈਨੇਟਰ ਲਿੰਡਸੇ ਗ੍ਰਾਹਮ ਦੁਆਰਾ ਸ਼ੁਰੂ ਕੀਤਾ ਗਿਆ ਇਹ ਬਿੱਲ, ਰੂਸ ਤੋਂ ਗੈਸ ਖਰੀਦਣ ਵਾਲੇ 15 ਯੂਰਪੀਅਨ ਦੇਸ਼ਾਂ ਨੂੰ ਡਿਊਟੀ ਤੋਂ ਛੋਟ ਦਿੰਦਾ ਹੈ। ਇਸ ਪਿੱਛੇ ਤਰਕ ਇਹ ਹੈ ਕਿ ਰੂਸ ਤੋਂ ਉਨ੍ਹਾਂ ਦੀ ਖਰੀਦ ਉਨ੍ਹਾਂ ਦੀਆਂ ਕੁੱਲ ਜ਼ਰੂਰਤਾਂ ਦਾ ਬਹੁਤ ਛੋਟਾ ਹਿੱਸਾ ਹੈ ਅਤੇ ਇਹ ਦੇਸ਼ ਮਾਸਕੋ 'ਤੇ ਆਪਣੀ ਨਿਰਭਰਤਾ ਘਟਾਉਣ ਲਈ ਕਦਮ ਚੁੱਕ ਰਹੇ ਹਨ। ਗ੍ਰਾਹਮ ਦਾ ਐਤਵਾਰ ਸਵੇਰੇ ਦੇਹਾਂਤ ਹੋ ਗਿਆ।

ਭਾਰਤ ਅਤੇ ਚੀਨ ਤੋਂ ਇਲਾਵਾ, ਸਲੋਵਾਕੀਆ, ਹੰਗਰੀ ਅਤੇ ਅਜ਼ਰਬਾਈਜਾਨ ਵੀ ਪ੍ਰਸਤਾਵਿਤ 100 ਪ੍ਰਤੀਸ਼ਤ ਡਿਊਟੀ ਦੇ ਘੇਰੇ ਵਿੱਚ ਆਉਂਦੇ ਹਨ। "ਇਸਨੂੰ ਇੱਕ ਟੈਰਿਫ ਬਿੱਲ ਕਿਹਾ ਜਾ ਰਿਹਾ ਹੈ, ਪਰ ਅਸਲ ਵਿੱਚ, ਇਹ ਪਾਬੰਦੀਆਂ ਲਗਾਉਂਦਾ ਹੈ ਜੋ ਰੂਸ ਦੇ ਊਰਜਾ ਖੇਤਰ, ਵਿੱਤੀ ਖੇਤਰ, ਰੱਖਿਆ ਉਦਯੋਗਿਕ ਅਧਾਰ, ਅਮੀਰ ਕਾਰੋਬਾਰੀਆਂ, ਉਦਯੋਗਪਤੀਆਂ ਅਤੇ ਰੂਸੀ ਅਰਥਵਿਵਸਥਾ ਦੇ ਇੱਕ ਵੱਡੇ ਹਿੱਸੇ ਨੂੰ ਪੂਰੀ ਤਰ੍ਹਾਂ ਰੋਕਦੀਆਂ ਹਨ, ਜਿਸ ਵਿੱਚ ਖੁਦ ਵਲਾਦੀਮੀਰ ਪੁਤਿਨ ਵੀ ਸ਼ਾਮਲ ਹਨ," ਕਨੈਕਟੀਕਟ ਦੇ ਡੈਮੋਕ੍ਰੇਟਿਕ ਸੈਨੇਟਰ ਰਿਚਰਡ ਬਲੂਮੈਂਥਲ ਨੇ ਮੰਗਲਵਾਰ ਸ਼ਾਮ ਨੂੰ ਇੱਥੇ ਪੱਤਰਕਾਰਾਂ ਨੂੰ ਦੱਸਿਆ।

"ਇਹ ਨਿਸ਼ਾਨਾਬੱਧ ਟੈਰਿਫਾਂ ਦੀ ਵਿਵਸਥਾ ਕਰਦਾ ਹੈ। ਇਹ ਟੈਰਿਫ ਰੂਸੀ ਤੇਲ ਦੇ ਪੰਜ ਪ੍ਰਮੁੱਖ ਖਰੀਦਦਾਰਾਂ ਤੱਕ ਸੀਮਿਤ ਹੋਣਗੇ ਅਤੇ 100 ਪ੍ਰਤੀਸ਼ਤ ਤੱਕ ਉੱਚ ਦਰਾਂ ਤੱਕ ਪਹੁੰਚ ਸਕਦੇ ਹਨ। ਛੋਟ ਦੇਣ ਦੀ ਸ਼ਕਤੀ ਵੀ ਬਹੁਤ ਸੀਮਤ ਹੈ। ਵਰਤਮਾਨ ਵਿੱਚ, ਰੂਸੀ ਤੇਲ ਦੇ ਇਹ ਪੰਜ ਪ੍ਰਮੁੱਖ ਖਰੀਦਦਾਰ ਚੀਨ, ਭਾਰਤ, ਸਲੋਵਾਕੀਆ, ਹੰਗਰੀ ਅਤੇ ਅਜ਼ਰਬਾਈਜਾਨ ਹਨ।"

ਜੇਕਰ ਪਾਸ ਹੋ ਜਾਂਦਾ ਹੈ, ਤਾਂ ਇਹ ਬਿੱਲ ਪਹਿਲੀ ਵਾਰ ਹੋਵੇਗਾ ਜਦੋਂ ਅਮਰੀਕੀ ਕਾਂਗਰਸ ਸਪੱਸ਼ਟ ਤੌਰ 'ਤੇ ਟੈਰਿਫਾਂ ਨੂੰ ਭੂ-ਰਾਜਨੀਤਿਕ ਹਥਿਆਰ ਵਜੋਂ ਵਰਤਣ ਦੀ ਇਜਾਜ਼ਤ ਦਿੰਦੀ ਹੈ ਤਾਂ ਜੋ ਉਨ੍ਹਾਂ ਦੇਸ਼ਾਂ ਨੂੰ ਸਜ਼ਾ ਦਿੱਤੀ ਜਾ ਸਕੇ ਜੋ ਕਿਸੇ ਹੋਰ ਦੇਸ਼ ਦੇ ਯੁੱਧ ਯਤਨਾਂ ਨੂੰ ਫੰਡ ਦਿੰਦੇ ਹਨ। ਬਿੱਲ ਦੇ ਇੱਕ ਪੁਰਾਣੇ ਸੰਸਕਰਣ ਵਿੱਚ ਰੂਸ ਤੋਂ ਤੇਲ ਅਤੇ ਗੈਸ ਖਰੀਦਣ ਵਾਲੇ ਦੇਸ਼ਾਂ 'ਤੇ 500 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਪ੍ਰਸਤਾਵ ਸੀ। ਬਲੂਮੈਂਥਲ ਨੇ ਕਿਹਾ, "ਸਾਡੇ ਯੂਰਪੀਅਨ ਸਹਿਯੋਗੀ ਇਸ ਵਿੱਚ ਨਿਸ਼ਾਨਾ ਨਹੀਂ ਹਨ।" ਉਸਨੇ ਅੱਗੇ ਕਿਹਾ, "ਇਹ ਸਮਝਣਾ ਮਹੱਤਵਪੂਰਨ ਹੈ ਕਿ ਅਸੀਂ ਇਸ ਬਿੱਲ ਦਾ ਖਰੜਾ ਦਾਇਰੇ ਵਿੱਚ ਬਹੁਤ ਸੀਮਤ ਹੋਣ ਅਤੇ ਮੁੱਖ ਤੌਰ 'ਤੇ ਰੂਸੀ ਤੇਲ ਅਤੇ ਗੈਸ ਦੇ ਪ੍ਰਮੁੱਖ ਖਰੀਦਦਾਰਾਂ ਨੂੰ ਨਿਸ਼ਾਨਾ ਬਣਾਉਣ ਲਈ ਤਿਆਰ ਕੀਤਾ ਹੈ।"

ਕੈਪੀਟਲ ਹਿੱਲ (ਯੂਐਸ ਕੈਪੀਟਲ ਕੰਪਲੈਕਸ) 'ਤੇ ਆਯੋਜਿਤ ਇੱਕ ਪ੍ਰੈਸ ਕਾਨਫਰੰਸ ਵਿੱਚ, ਰਿਪਬਲਿਕਨ ਅਤੇ ਡੈਮੋਕ੍ਰੇਟਿਕ ਸੈਨੇਟਰਾਂ ਨੇ ਇਕੱਠੇ ਖੜ੍ਹੇ ਹੋ ਕੇ ਦੱਖਣੀ ਕੈਰੋਲੀਨਾ ਦੇ ਸੈਨੇਟਰ ਗ੍ਰਾਹਮ ਨੂੰ ਸ਼ਰਧਾਂਜਲੀ ਵਜੋਂ ਬਿੱਲ ਪੇਸ਼ ਕੀਤਾ, ਜਿਨ੍ਹਾਂ ਦੀ ਐਤਵਾਰ ਸਵੇਰੇ ਮੌਤ ਹੋ ਗਈ ਸੀ। ਅਲਾਬਾਮਾ ਦੀ ਰਿਪਬਲਿਕਨ ਸੈਨੇਟਰ ਕੇਟੀ ਬ੍ਰਿਟ ਨੇ ਕਿਹਾ ਕਿ ਗ੍ਰਾਹਮ ਨੇ ਬਿੱਲ ਦਾ ਖਰੜਾ ਤਿਆਰ ਕਰਨ ਲਈ "ਅਣਥੱਕ ਅਤੇ ਅਣਥੱਕ" ਕੰਮ ਕੀਤਾ ਸੀ ਅਤੇ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਉਨ੍ਹਾਂ ਦੇ ਰਾਜਨੀਤਿਕ ਕਰੀਅਰ ਦਾ ਸਭ ਤੋਂ ਮਹੱਤਵਪੂਰਨ ਕਾਨੂੰਨ ਹੋਵੇਗਾ। ਪਿਛਲੇ ਮਹੀਨੇ, ਅਮਰੀਕਾ ਨੇ ਭਾਰਤ ਸਮੇਤ 54 ਦੇਸ਼ਾਂ 'ਤੇ 12.5 ਪ੍ਰਤੀਸ਼ਤ ਟੈਰਿਫ ਲਗਾਉਣ ਦਾ ਪ੍ਰਸਤਾਵ ਰੱਖਿਆ ਸੀ, ਜਿਸ 'ਤੇ ਜ਼ਬਰਦਸਤੀ ਮਜ਼ਦੂਰੀ ਦੀ ਵਰਤੋਂ ਕਰਕੇ ਤਿਆਰ ਕੀਤੀਆਂ ਗਈਆਂ ਵਸਤਾਂ ਦੀ ਦਰਾਮਦ ਨੂੰ ਰੋਕਣ ਵਿੱਚ ਅਸਫਲ ਰਹਿਣ ਦਾ ਦੋਸ਼ ਲਗਾਇਆ ਗਿਆ ਸੀ।

# ਕਾਂਗੋ ਵਿੱਚ ਇਬੋਲਾ ਦੇ ਲਗਭਗ 2,000 ਮਾਮਲੇ ਸਾਹਮਣੇ ਆਏ, 754 ਮੌਤਾਂ




ਬੁਨੀਆ: ਅਫ਼ਰੀਕੀ ਦੇਸ਼ ਕਾਂਗੋ ਵਿੱਚ ਈਬੋਲਾ ਦੇ ਕੁੱਲ 2,011 ਮਾਮਲਿਆਂ ਦੀ ਪੁਸ਼ਟੀ ਹੋਈ ਹੈ, ਅਤੇ ਇਨ੍ਹਾਂ ਵਿੱਚੋਂ 754 ਮਾਮਲਿਆਂ ਦੀ ਮੌਤ ਹੋ ਗਈ ਹੈ। ਇਹ ਅੰਕੜਾ ਮੰਗਲਵਾਰ ਰਾਤ ਨੂੰ ਸਰਕਾਰ ਦੁਆਰਾ ਜਾਰੀ ਕੀਤਾ ਗਿਆ ਸੀ, ਜੋ ਦੇਸ਼ ਵਿੱਚ ਲਾਗ ਦੇ ਤੇਜ਼ੀ ਨਾਲ ਫੈਲਣ ਦਾ ਸੰਕੇਤ ਦਿੰਦਾ ਹੈ।

ਕਾਂਗੋ ਦੇ ਸਿਹਤ ਮੰਤਰਾਲੇ ਦੇ ਅਨੁਸਾਰ, ਕੁੱਲ 753 ਸੰਕਰਮਿਤ ਲੋਕ ਆਈਸੋਲੇਸ਼ਨ ਜਾਂ ਹਸਪਤਾਲਾਂ ਵਿੱਚ ਹਨ, ਜਦੋਂ ਕਿ ਹੁਣ ਤੱਕ 366 ਠੀਕ ਹੋ ਗਏ ਹਨ। ਮੰਤਰਾਲੇ ਨੇ ਕਿਹਾ ਕਿ ਸੰਕਰਮਿਤ ਲੋਕਾਂ ਦੇ ਸੰਪਰਕ ਵਿੱਚ ਆਏ ਲੋਕਾਂ ਦਾ ਪਤਾ ਲਗਾਉਣਾ ਇੱਕ ਚੁਣੌਤੀ ਬਣਿਆ ਹੋਇਆ ਹੈ।

ਮੱਧ ਅਫ਼ਰੀਕੀ ਦੇਸ਼ 15 ਮਈ ਤੋਂ ਦੁਰਲੱਭ ਬੁੰਡੀਬੁਗਿਓ ਵਾਇਰਸ ਕਾਰਨ ਹੋਣ ਵਾਲੇ ਇਬੋਲਾ ਦੇ ਪ੍ਰਕੋਪ ਦਾ ਸਾਹਮਣਾ ਕਰ ਰਿਹਾ ਹੈ। ਅਧਿਕਾਰੀਆਂ ਨੇ ਕਿਹਾ ਕਿ ਇਬੋਲਾ ਦੇ ਪਹਿਲੇ ਮਾਮਲੇ ਦੀ ਰਿਪੋਰਟ ਆਉਣ ਤੋਂ ਦੋ ਮਹੀਨੇ ਬਾਅਦ, ਇਸਦਾ ਫੈਲਾਅ ਤੇਜ਼ ਹੋ ਰਿਹਾ ਹੈ, ਅਤੇ ਸਿਹਤ ਕਰਮਚਾਰੀਆਂ ਨੂੰ ਸੰਕਰਮਿਤ ਲੋਕਾਂ ਦੇ ਸੰਪਰਕ ਵਿੱਚ ਆਏ ਲੋਕਾਂ ਦੀ ਪਛਾਣ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਸ਼ਵ ਸਿਹਤ ਸੰਗਠਨ (ਡਬਲਯੂਐਚਓ) ਨੇ ਮੰਗਲਵਾਰ ਨੂੰ ਕਿਹਾ ਕਿ ਘੱਟੋ-ਘੱਟ 80 ਪ੍ਰਤੀਸ਼ਤ ਨਵੇਂ ਮਾਮਲੇ ਅਣਪਛਾਤੇ ਪ੍ਰਸਾਰਣਾਂ ਤੋਂ ਸਾਹਮਣੇ ਆ ਰਹੇ ਹਨ। WHO ਦੇ ਐਮਰਜੈਂਸੀ ਸਿਹਤ ਮੁਖੀ ਡਾ. ਚਿਕਵੇ ਇਹੇਕਵੇਜ਼ੂ ਨੇ ਮੰਗਲਵਾਰ ਨੂੰ ਕਿਹਾ ਕਿ ਹਾਲ ਹੀ ਵਿੱਚ ਹੋਈਆਂ ਇਬੋਲਾ ਮੌਤਾਂ ਵਿੱਚੋਂ ਬਹੁਤ ਸਾਰੇ ਉਹ ਲੋਕ ਸਨ ਜੋ ਕਦੇ ਵੀ ਸਿਹਤ ਕੇਂਦਰ ਨਹੀਂ ਪਹੁੰਚੇ ਅਤੇ ਨਾ ਹੀ ਉਨ੍ਹਾਂ ਦਾ ਕੋਈ ਇਲਾਜ ਹੋਇਆ। ਡਾ. ਇਹੇਕਵੇਜ਼ੂ ਨੇ ਇਹ ਬਿਆਨ ਇਟੂਰੀ ਪ੍ਰਾਂਤ ਦੇ ਬੁਨੀਆ ਤੋਂ ਵਾਪਸ ਆਉਣ ਤੋਂ ਬਾਅਦ ਦਿੱਤਾ, ਜੋ ਕਿ ਕਾਂਗੋ ਵਿੱਚ ਇਬੋਲਾ ਤੋਂ ਸਭ ਤੋਂ ਵੱਧ ਪ੍ਰਭਾਵਿਤ ਖੇਤਰ ਹੈ। ਇਸ ਦੌਰਾਨ, ਇਟੂਰੀ ਦੇ ਵੱਖ-ਵੱਖ ਹਿੱਸਿਆਂ ਵਿੱਚ ਸਿਹਤ ਕਰਮਚਾਰੀ ਵੀ ਹੜਤਾਲ 'ਤੇ ਹਨ। ਕੁਝ ਲੋਕਾਂ ਨੇ ਐਸੋਸੀਏਟਿਡ ਪ੍ਰੈਸ ਨੂੰ ਦੱਸਿਆ ਹੈ ਕਿ ਮਹਾਂਮਾਰੀ ਦੌਰਾਨ ਕੰਮ ਕਰਨ ਦੇ ਬਾਵਜੂਦ ਉਨ੍ਹਾਂ ਨੂੰ ਆਪਣੀਆਂ ਤਨਖਾਹਾਂ ਨਹੀਂ ਮਿਲ ਰਹੀਆਂ ਹਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT ANY CREDIT
Office: 416-674-7050
Fax: 416-674-9009
EMail:paulgahunia@hotmail com
Jaspal Singh Gahunia
# M08006400
Lic # 10686
19 Woodbine Downs Blvd., Suite#201, Etobicoke, ON. M9W 6N5
The Mortgage Centre

Best Bargain Carpet & Flooring
Sale & Custom Installation done by Professionals
FREE Shop at Home Service
Residential - Commercial - Industrial
* Hardwood * Laminate * Vinyl Flooring * Wall to Wall Carpets
* Hall Runners * Custom Made Area Rugs * Tiles * Accessories
Specialized in Hotel, Motel and Banquet Halls Carpet and Wallpaper and Tiles
beaulieu CANADA
TORLYS smart floors
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
Tel: 905-696-7877 Cell: 416-937-2856
1332 Khalsa Drive, Unit#21, Mississauga, ON L5S 0A2
Email:- info@bbcflooring.ca
Gurpreet Singh

BEST TRUCK REPAIR & TIRE CENTER
ਅਸੀਂ ਸੇਫਟੀ, ਇੰਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬ੍ਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ
We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ, ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum USA Mace Special Rates with Installation
CAT Batteries 1000c Under Warranty $550 Instalation Include
MICHELIN BFGoodrich DUNLOP GOODYEAR Hankook Xceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਪੰਜਾਬ ਕਾਂਗਰਸ ਇੰਚਾਰਜ ਭੁਪੇਸ਼ ਬਘੇਲ ਦਾ ਵੱਡਾ ਬਿਆਨ, 'ਪੰਜਾਬ ਕਾਂਗਰਸ 'ਚ ਕੋਈ ਬਦਲਾਅ ਨਹੀਂ ਹੋਵੇਗਾ'



ਨਵੀਂ ਦਿੱਲੀ: ਕਾਂਗਰਸ ਦੇ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਨੇ ਬੁੱਧਵਾਰ ਨੂੰ ਕਿਹਾ ਕਿ ਸੂਬੇ ਵਿੱਚ ਲੀਡਰਸ਼ਿਪ ਤਬਦੀਲੀ "ਗੁੱਡੀਆਂ ਦਾ ਖੇਡ" ਨਹੀਂ ਹੈ। ਉਨ੍ਹਾਂ ਨੇ ਪੰਜਾਬ ਵਿੱਚ ਪਾਰਟੀ ਦੇ ਮਾਮਲਿਆਂ ਵਿੱਚ ਹਾਲ ਹੀ ਵਿੱਚ ਹੋਏ ਵਿਕਾਸ ਬਾਰੇ ਆਪਣੀ ਰਿਪੋਰਟ ਪਾਰਟੀ ਦੇ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੂੰ ਸੌਂਪ ਦਿੱਤੀ, ਜਿਸ ਤੋਂ ਸੰਕੇਤ ਮਿਲਦਾ ਹੈ ਕਿ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਸੂਬਾ ਪ੍ਰਧਾਨ ਬਣਾਏ ਰੱਖਣ ਦੇ ਹਾਈਕਮਾਨ ਦੇ ਫੈਸਲੇ ਵਿੱਚ ਕੋਈ ਬਦਲਾਅ ਨਹੀਂ ਹੋਵੇਗਾ। ਵੇਣੂਗੋਪਾਲ ਨਾਲ ਮੁਲਾਕਾਤ ਤੋਂ ਬਾਅਦ, ਬਘੇਲ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾਂ ਨੇ ਇਹ ਰਿਪੋਰਟ ਕਾਂਗਰਸ ਸੰਗਠਨ ਦੇ ਜਨਰਲ ਸਕੱਤਰ ਵੇਣੂਗੋਪਾਲ ਨੂੰ ਸੌਂਪ ਦਿੱਤੀ ਹੈ, ਜੋ ਕਿ ਉਨ੍ਹਾਂ ਦੇ ਛੇ ਦਿਨਾਂ ਦੌਰੇ ਦੌਰਾਨ ਸਾਰੇ ਸੂਬਾਈ ਆਗੂਆਂ ਨਾਲ ਮੁਲਾਕਾਤ ਕਰਨ ਅਤੇ ਵੱਖ-ਵੱਖ ਮੀਟਿੰਗਾਂ ਕਰਨ ਤੋਂ ਬਾਅਦ ਤਿਆਰ ਕੀਤੀ ਗਈ ਸੀ।

ਹਾਲਾਂਕਿ, ਉਨ੍ਹਾਂ ਨੇ ਰਿਪੋਰਟ ਦੀ ਸਮੱਗਰੀ ਦਾ ਖੁਲਾਸਾ ਕਰਨ ਤੋਂ ਇਨਕਾਰ ਕਰ ਦਿੱਤਾ, ਇਹ ਕਹਿੰਦੇ ਹੋਏ, "ਮੈਂ ਤੁਹਾਨੂੰ (ਪੱਤਰਕਾਰਾਂ) ਨੂੰ ਰਿਪੋਰਟ ਬਾਰੇ ਕਿਉਂ ਦੱਸਾਂ?"ਇਹ ਪੁੱਛੇ ਜਾਣ 'ਤੇ ਕਿ ਕੀ ਸੂਬਾ ਕਾਂਗਰਸ ਲੀਡਰਸ਼ਿਪ ਵਿੱਚ ਤਬਦੀਲੀ ਦੀ ਕੋਈ ਗੁੰਜਾਇਸ਼ ਹੈ, ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ, "ਮੈਂ ਪਹਿਲਾਂ ਹੀ ਕਹਿ ਚੁੱਕਾ ਹਾਂ... ਇਹ ਗੁੱਡੀਆਂ ਅਤੇ ਗੁੱਡੀਆਂ ਦਾ ਖੇਡ ਨਹੀਂ ਹੈ।"

ਬਘੇਲ ਨੇ ਕਿਹਾ ਕਿ ਉਨ੍ਹਾਂ ਨੇ ਛੇ ਦਿਨਾਂ ਲਈ ਪੰਜਾਬ ਦਾ ਦੌਰਾ ਕੀਤਾ ਅਤੇ ਸਾਰੇ ਮੁੱਖ ਆਗੂਆਂ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਇਸ ਸਮੇਂ ਦੌਰਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਸੀ.ਸੀ.) ਦੇ ਅੰਦਰ ਮੀਟਿੰਗਾਂ ਹੋਈਆਂ ਅਤੇ ਆਗੂਆਂ ਨਾਲ ਨਿੱਜੀ ਪੱਧਰ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ।

ਇਹ ਜ਼ਿਕਰਯੋਗ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੰਗਠਨਾਤਮਕ ਤਬਦੀਲੀਆਂ ਨੂੰ ਲੈ ਕੇ ਪੰਜਾਬ ਕਾਂਗਰਸ ਦੇ ਅੰਦਰ ਅੰਦਰੂਨੀ ਕਲੇਸ਼ ਤੇਜ਼ ਹੋ ਗਿਆ ਹੈ। ਇਸ ਵਿਵਾਦ ਨੂੰ ਹੱਲ ਕਰਨ ਲਈ, ਪੰਜਾਬ ਕਾਂਗਰਸ ਦੇ ਇੰਚਾਰਜ ਬਘੇਲ ਨੇ ਹਾਲ ਹੀ ਵਿੱਚ ਚੰਡੀਗੜ੍ਹ ਦਾ ਦੌਰਾ ਕੀਤਾ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਸਮੇਤ ਸੀਨੀਅਰ ਆਗੂਆਂ ਨਾਲ ਮੁਲਾਕਾਤ ਕੀਤੀ। ਇਹ ਵਿਵਾਦ ਉਦੋਂ ਸ਼ੁਰੂ ਹੋਇਆ ਜਦੋਂ ਹਾਈਕਮਾਨ ਨੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਪ੍ਰਧਾਨ ਵਜੋਂ ਬਰਕਰਾਰ ਰੱਖਣ ਅਤੇ ਸਾਬਕਾ ਮੁੱਖ ਮੰਤਰੀ ਚੰਨੀ ਨੂੰ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਨਿਯੁਕਤ ਕਰਨ ਦਾ ਫੈਸਲਾ ਕੀਤਾ। ਇਸ ਫੈਸਲੇ ਤੋਂ ਨਾਰਾਜ਼ ਚੰਨੀ ਧੜੇ ਅਤੇ ਕਈ ਸੀਨੀਅਰ ਆਗੂਆਂ ਨੇ ਖੁੱਲ੍ਹ ਕੇ ਲੀਡਰਸ਼ਿਪ ਵਿੱਚ ਤਬਦੀਲੀ ਦੀ ਮੰਗ ਕੀਤੀ।

# ਪੰਜਾਬ ਕਾਂਗਰਸ 'ਤੇ ਮੁੱਖ ਮੰਤਰੀ ਤੰਜ਼: 'ਬੱਸ 'ਚ ਇਕੱਠੇ ਤਾਂ ਚੜ੍ਹ ਸਕਦੇ ਹਨ, ਪਰ ਲੜ ਕੇ ਹੀ ਉਤਰਨਗੇ'



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੁਕੇਰੀਆਂ ਵਿੱਚ ਇੱਕ ਜਨਤਕ ਰੈਲੀ ਨੂੰ ਸੰਬੋਧਨ ਕਰਦਿਆਂ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਬੋਲਿਆ ਅਤੇ ਸ਼੍ਰੋਮਣੀ ਅਕਾਲੀ ਦਲ 'ਤੇ ਬੇਅਦਬੀ ਕਾਨੂੰਨ ਨੂੰ ਲੈ ਕੇ ਦੋਹਰੇ ਮਾਪਦੰਡ ਅਪਣਾਉਣ ਦਾ ਦੋਸ਼ ਲਾਇਆ। ਉਨ੍ਹਾਂ ਕਿਹਾ ਕਿ ਅਕਾਲੀ ਦਲ ਅੱਜ ਕਾਨੂੰਨ ਦਾ ਵਿਰੋਧ ਕਰ ਰਿਹਾ ਹੈ ਪਰ ਪਹਿਲਾਂ ਇਹ ਦੱਸਣਾ ਚਾਹੀਦਾ ਹੈ ਕਿ ਜਦੋਂ ਉਹ ਪੰਜ ਵਾਰ ਮੁੱਖ ਮੰਤਰੀ ਦੇ ਨਾਲ ਸੱਤਾ ਵਿੱਚ ਸੀ ਤਾਂ ਉਸਨੇ ਅਜਿਹਾ ਕਾਨੂੰਨ ਕਿਉਂ ਨਹੀਂ ਬਣਾਇਆ। ਮਾਨ ਨੇ ਦੋਸ਼ ਲਾਇਆ ਕਿ ਜੇ ਕਾਂਗਰਸ, ਭਾਜਪਾ ਜਾਂ ਸ਼੍ਰੋਮਣੀ ਅਕਾਲੀ ਦਲ ਸੱਤਾ ਵਿੱਚ ਵਾਪਸ ਆਉਂਦੇ ਹਨ, ਤਾਂ ਉਹ ਸਭ ਤੋਂ ਪਹਿਲਾ ਕਦਮ ਇਹ ਚੁੱਕਣਗੇ ਕਿ ਪੰਜਾਬ ਦੇ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਭਲਾਈ ਸਕੀਮਾਂ ਅਤੇ ਜਨਤਕ ਲਾਭਾਂ ਨੂੰ ਬੰਦ ਕਰ ਦਿੱਤਾ ਜਾਵੇਗਾ। ਮੁੱਖ ਮੰਤਰੀ ਦੇ ਅਹੁਦੇ ਲਈ ਦਾਅਵਾ ਪੇਸ਼ ਕਰਨ ਵਾਲੇ ਵਿਰੋਧੀ ਨੇਤਾਵਾਂ 'ਤੇ ਚੁਟਕੀ ਲੈਂਦਿਆਂ ਮਾਨ ਨੇ ਕਿਹਾ ਕਿ ਉਨ੍ਹਾਂ ਨੂੰ ਪਹਿਲਾਂ ਘੱਟੋ-ਘੱਟ 60 ਵਿਧਾਨ ਸਭਾ ਸੀਟਾਂ ਜਿੱਤ ਕੇ ਆਪਣੀ ਤਾਕਤ ਸਾਬਤ ਕਰਨੀ ਚਾਹੀਦੀ ਹੈ। ਉਨ੍ਹਾਂ ਸਵਾਲ ਕੀਤਾ, "ਉਨ੍ਹਾਂ ਨੂੰ ਇੰਨੀਆਂ ਸੀਟਾਂ ਕਿੱਥੋਂ ਮਿਲਣਗੀਆਂ?"

ਕਾਂਗਰਸੀ ਆਗੂ ਰਾਹੁਲ ਗਾਂਧੀ ਦੇ ਪ੍ਰਸਤਾਵਿਤ ਪੰਜਾਬ ਦੌਰੇ ਦਾ ਹਵਾਲਾ ਦਿੰਦਿਆਂ ਮਾਨ ਨੇ ਟਿੱਪਣੀ ਕੀਤੀ ਕਿ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਹ ਪੰਜਾਬ ਕਾਂਗਰਸ ਦੇ ਸਾਰੇ ਆਗੂਆਂ ਨੂੰ ਇੱਕ ਬੱਸ ਵਿੱਚ ਇਕੱਠੇ ਲੈ ਕੇ ਜਾਣਗੇ। ਉਨ੍ਹਾਂ ਵਿਅੰਗ ਕਰਦਿਆਂ ਕਿਹਾ, "ਉਹ ਬੱਸ ਵਿੱਚ ਇਕੱਠੇ ਤਾਂ ਚੜ੍ਹ ਸਕਦੇ ਹਨ, ਪਰ ਆਪਸ ਵਿੱਚ ਲੜ ਕੇ ਉਤਰਨਗੇ।" ਮੁੱਖ ਮੰਤਰੀ ਨੇ ਵਾਸੀਆਂ ਨੂੰ ਮੁਕੇਰੀਆਂ ਵਿੱਚ ਸਰਕਾਰੀ ਕਾਲਜ ਦੀ ਉਸਾਰੀ ਲਈ ਢੁਕਵੀਂ ਜ਼ਮੀਨ ਮੁਹੱਈਆ ਕਰਵਾਉਣ ਦੀ ਅਪੀਲ ਵੀ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਇੱਕ ਵਾਰ ਜ਼ਮੀਨ ਉਪਲਬਧ ਹੋਣ 'ਤੇ, ਸਰਕਾਰ ਆਧੁਨਿਕ ਸਹੂਲਤਾਂ ਨਾਲ ਲੈਸ ਇੱਕ ਅਤਿ-ਆਧੁਨਿਕ ਸਰਕਾਰੀ ਕਾਲਜ ਸਥਾਪਿਤ ਕਰੇਗੀ। ਉਨ੍ਹਾਂ ਅੱਗੇ ਐਲਾਨ ਕੀਤਾ ਕਿ ਹਾਜੀਪੁਰ ਅਤੇ ਮੁਕੇਰੀਆਂ ਦੇ ਸਰਕਾਰੀ ਹਸਪਤਾਲਾਂ ਨੂੰ ਖੇਤਰ ਦੇ ਵਾਸੀਆਂ ਲਈ ਸੇਵਾਵਾਂ ਬਿਹਤਰ ਬਣਾਉਣ ਵਾਸਤੇ ਉੱਨਤ ਮੈਡੀਕਲ ਬੁਨਿਆਦੀ ਢਾਂਚੇ ਅਤੇ ਆਧੁਨਿਕ ਸਿਹਤ ਸਹੂਲਤਾਂ ਨਾਲ ਅਪਗ੍ਰੇਡ ਕੀਤਾ ਜਾਵੇਗਾ।

# ਅਮਰੀਕਾ 'ਚ ਪੰਜਾਬੀ ਟਰੱਕ ਡਰਾਈਵਰ ਨੂੰ 5 ਸਾਲ ਦੀ ਕੈਦ

## ਸੜਕ ਹਾਦਸੇ 'ਚ 3 ਲੋਕਾਂ ਦੀ ਗਈ ਸੀ ਜਾਨ



ਅਮਰੀਕਾ ਵਿਚ ਪੰਜਾਬੀ ਟਰੱਕ ਡਰਾਈਵਰ ਨੂੰ ਇੱਕ ਸੜਕ ਹਾਦਸੇ ਮਾਮਲੇ ਵਿਚ ਕਰੀਬ 5 ਸਾਲ ਦੀ ਕੈਦ ਸੁਣਾਈ ਹੈ। ਇਹ ਸੜਕ ਹਾਦਸਾ ਅਕਤੂਬਰ 2025 'ਚ ਕੈਲੀਫੋਰਨੀਆ 'ਚ ਵਾਪਰਿਆ ਸੀ, ਜਿਸ ਵਿਚ 3 ਲੋਕਾਂ ਦੀ ਹੋਈ ਸੀ। ਦੋਸ਼ ਹਨ ਕਿ ਇਸ ਦੋਸ਼ੀ ਡਰਾਈਵਰ ਜਸ਼ਨਪ੍ਰੀਤ ਦੇ ਟਰੱਕ ਨੇ ਹਾਈਵੇਅ 'ਤੇ ਕਈ ਵਾਹਨਾਂ ਨੂੰ ਟੱਕਰ ਮਾਰੀ ਸੀ। ਜਸ਼ਨਪ੍ਰੀਤ 'ਤੇ ਨਸ਼ੇ 'ਚ ਟਰੱਕ ਚਲਾਉਣ ਦੇ ਇਲਜ਼ਾਮ ਲੱਗੇ ਸਨ।

ਜਾਣਕਾਰੀ ਮੁਤਾਬਕ ਅਮਰੀਕਾ ਵਿੱਚ 21 ਸਾਲਾ ਪੰਜਾਬੀ ਟਰੱਕ ਡਰਾਈਵਰ ਜਸ਼ਨਪ੍ਰੀਤ ਸਿੰਘ ਨੂੰ ਅਕਤੂਬਰ 2025 ਵਿੱਚ ਕੈਲੀਫੋਰਨੀਆ (I-10 ਫ੍ਰੀਵੇਅ, ਓਨਟਾਰੀਓ) ਵਿੱਚ ਇੱਕ ਭਿਆਨਕ ਸੜਕ ਹਾਦਸੇ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਸੀ। ਇੱਕ ਨਿਊਜ਼ ਚੈਨਲ ਨੇ ਇਸ ਹਿੰਸਕ ਹਾਦਸੇ ਹਾਦਸੇ ਦਾ ਡੈਸ਼ ਕੈਮਰਾ ਵੀਡੀਓ ਵੀ ਹਾਸਲ ਕੀਤਾ, ਜਿਸ ਵਿੱਚ ਸੈਮੀਟਰੱਕ 10 ਫ੍ਰੀਵੇਅ ਦੇ ਨਾਲ ਕਈ ਰੁਕੇ ਹੋਏ ਵਾਹਨਾਂ ਵਿੱਚ ਟਕਰਾਉਂਦਾ ਨਜ਼ਰ ਆ ਰਿਹਾ ਹੈ। ਜਸ਼ਨਪ੍ਰੀਤ ਨੂੰ ਇਸ ਮਾਮਲੇ ਵਿਚ 4 ਸਾਲ ਅਤੇ 8 ਮਹੀਨੇ (ਲਗਭਗ 5 ਸਾਲ) ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਸ ਹਾਦਸੇ ਵਿੱਚ ਤਿੰਨ ਲੋਕਾਂ ਦੀ ਦੁਖਦਾਈ ਮੌਤ ਹੋ ਗਈ।

ਜਸ਼ਨਪ੍ਰੀਤ ਸਿੰਘ ਦਾ ਸੈਮੀ-ਟਰੱਕ ਹੌਲੀ-ਹੌਲੀ ਚੱਲ ਰਹੀ ਟ੍ਰੈਫਿਕ ਦੇ ਪਿੱਛੇ ਵੱਲ ਵਧਿਆ, ਜਿਸ ਦੇ ਨਤੀਜੇ ਵਜੋਂ ਅੱਠ ਵਾਹਨਾਂ ਦੀ ਟੱਕਰ ਹੋ ਗਈ। ਉਸਨੇ ਲਾਪਰਵਾਹੀ ਦੇ ਤਿੰਨ ਗੰਭੀਰ ਮਾਮਲਿਆਂ ਵਿਚ ਆਪਣਾ ਦੋਸ਼ ਸਵੀਕਾਰ ਕਰ ਲਿਆ।

ਅਦਾਲਤ ਨੇ ਉਸ ਨੂੰ 4 ਸਾਲ ਅਤੇ 8 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ।ਅਮਰੀਕੀ ਅਧਿਕਾਰੀਆਂ ਮੁਤਾਬਕ ਉਹ ਦੇਸ਼ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਿਹਾ ਸੀ। ਆਪਣੀ ਸਜ਼ਾ ਪੂਰੀ ਕਰਨ ਤੋਂ ਬਾਅਦ ਉਸਨੂੰ ਅਮਰੀਕਾ ਤੋਂ ਡਿਪੋਰਟ ਕਰ ਦਿੱਤਾ ਜਾਵੇਗਾ। ਇਸ ਮਾਮਲੇ ਨੇ ਅਮਰੀਕਾ ਵਿੱਚ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਪਾਰਕ ਡਰਾਈਵਰ ਲਾਇਸੈਂਸ (CDL) ਜਾਰੀ ਕਰਨ ਦੀ ਪ੍ਰਕਿਰਿਆ 'ਤੇ ਵੀ ਇੱਕ ਵੱਡੀ ਬਹਿਸ ਛੇੜ ਦਿੱਤੀ ਹੈ।

## ਕਾਂਗਰਸ 'ਚ ਕਲੇਸ਼ ਵਿਚਾਲੇ ਵੱਡੀ ਖ਼ਬਰ

# ਸਾਬਕਾ CM ਚੰਨੀ ਤੇ ਪ੍ਰਤਾਪ ਬਾਜਵਾ ਵਿਚਕਾਰ ਹੋਈ ਮੁਲਾਕਾਤ



ਕਾਂਗਰਸ ਵਿਚ ਚੱਲ ਰਹੇ ਕਾਟੋ ਕਲੇਸ਼ ਵਿਚਾਲੇ ਵੱਡੀ ਅਪਡੇਟ ਸਾਹਮਣੇ ਆਈ ਹੈ। ਸਾਬਕਾ ਸੀਐੱਮ ਚਰਨਜੀਤ ਚੰਨੀ ਤੇ ਮੌਜੂਦਾ LOP ਪ੍ਰਤਾਪ ਬਾਜਵਾ ਵਿਚਾਲੇ ਮੁਲਾਕਾਤ ਹੋਈ ਹੈ। ਇਸ ਤੋਂ ਪਹਿਲਾਂ ਭੁਪੇਸ਼ ਬਘੇਲ ਨੇ ਵੀ ਅੱਜ ਦਿੱਲੀ ਵਿਚ ਕੇ.ਸੀ. ਵੇਣੁਗੋਪਾਲ ਨਾਲ ਮੁਲਾਕਾਤ ਕੀਤੀ ਸੀ ਸੀ ਤੇ ਨਾਲ ਹੀ ਉਥੇ ਪ੍ਰਤਾਪ ਸਿੰਘ ਬਾਜਵਾ ਵੀ ਉਥੇ ਪਹੁੰਚੇ ਹੋਏ ਸੀ ਤੇ ਇਸ ਤੋਂ ਬਾਅਦ ਪ੍ਰਤਾਪ ਬਾਜਵਾ ਚੰਡੀਗੜ੍ਹ ਆਏ ਤੇ ਉਥੇ ਉਨ੍ਹਾਂ ਦੀ ਰਿਹਾਇਸ਼ ਵਿਖੇ ਉਨ੍ਹਾਂ ਨੇ ਚਰਨਜੀਤ ਸਿੰਘ ਚੰਨੀ ਨਾਲ ਮੁਲਾਕਾਤ ਕੀਤੀ।

ਸੂਤਰਾਂ ਦੇ ਹਵਾਲੇ ਤੋਂ ਇਹ ਵੀ ਖਬਰ ਸਾਹਮਣੇ ਆ ਰਹੀ ਹੈ ਕਿ ਭਲਕੇ ਸਾਬਕਾ ਸੀਐੱਮ ਚਰਨਜੀਤ ਚੰਨੀ ਤੇ ਸੁਖਜਿੰਦਰ ਰੰਧਾਵਾ ਨੂੰ ਹਾਈਕਮਾਨ ਵੱਲੋਂ ਦਿੱਲੀ ਵਿਖੇ ਬੁਲਾਇਆ ਗਿਆ ਹੈ। ਹਾਲਾਂਕਿ ਕਿਸ ਮਸਲੇ 'ਤੇ ਗੱਲਬਾਤ ਹੋਵੇਗੀ, ਇਸ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ। ਦੱਸ ਦੇਈਏ ਕਿ ਪਿਛਲੇ ਦਿਨਾਂ ਦੌਰਾਨ ਚੰਨੀ ਧੜੇ ਵੱਲੋਂ ਨਾਰਾਜ਼ਗੀ ਜਤਾਈ ਗਈ ਸੀ ਕਿਉਂਕਿ ਉਨ੍ਹਾਂ ਨੂੰ ਹਾਈਕਮਾਨ ਵੱਲੋਂ ਕੰਪੇਨ ਕਮੇਟੀ ਦੇ ਚੇਅਰਮੈਨ ਬਣਾਇਆ ਗਿਆ ਸੀ ਤੇ ਕੁਝ ਹੋਰ ਆਗੂਆਂ ਨੂੰ ਵੀ ਜ਼ਿੰਮੇਵਾਰੀਆਂ ਦਿੱਤੀਆਂ ਗਈਆਂ ਸਨ ਤੇ ਰਾਜਾ ਵੜਿੰਗ ਨੂੰ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾਏ ਜਾਣ ਦੀ ਵੀ ਮੰਗ ਉਠੀ ਸੀ। ਇਸ ਮਗਰੋਂ ਚੰਨੀ ਧੜੇ ਦੀ ਭੁਪੇਸ਼ ਬਘੇਲ ਨਾਲ ਵੀ ਮੁਲਾਕਾਤ ਹੋਈ ਸੀ। ਮੀਟਿੰਗ ਮਗਰੋਂ ਸੁਖਜਿੰਦਰ ਰੰਧਾਵਾ ਤੇ ਚਰਨਜੀਤ ਸਿੰਘ ਚੰਨੀ ਨੇ ਮੀਡੀਆ ਨਾਲ ਗੱਲਬਾਤ ਵੀ ਕੀਤੀ ਸੀ। ਇਸ ਦੌਰਾਨ ਸਾਬਕਾ ਉਪ ਮੁੱਖ ਮੰਤਰੀ ਰੰਧਾਵਾ ਵੱਲੋਂ ਬਿਆਨ ਦਿੱਤਾ ਗਿਆ ਸੀ ਸਾਨੂੰ compromised ਲੀਡਰ ਨਹੀਂ ਚਾਹੀਦਾ। ਨਾਲ ਇਹ ਵੀ ਕਿਹਾ ਗਿਆ ਸੀ ਕਿ ਬੇਬਾਕ ਹੋ ਕੇ ਬੋਲਣ ਵਾਲਾ ਆਗੂ ਚਾਹੀਦਾ ਹੈ। ਜਦੋਂ ਕਿ ਦੂਜੇ ਪਾਸੇ ਸੂਬਾ ਪ੍ਰਧਾਨ ਵੜਿੰਗ ਨੇ ਇਸ ਦਾ ਜਵਾਬ ਦਿੰਦੇ ਹੋਏ ਕਿਹਾ ਸੀ ਕਿ ਰੰਧਾਵਾ ਸਾਬ੍ਹ ਨੇ ਕਿਸੇ ਦਾ ਨਾਂ ਨਹੀਂ ਲਿਆ ਤੇ ਅਜਿਹੇ ਵਿਚ ਮੇਰੇ ਵੱਲ ਇਸ਼ਾਰਾ ਕਰਨਾ ਸਹੀ ਨਹੀਂ ਹੋਵੇਗਾ।

# ਕੈਨੇਡਾ 'ਚ ਇਮੀਗ੍ਰੇਸ਼ਨ ਸਲਾਹਕਾਰਾਂ ਨੇ ਠੱਗੇ 1,200 immigrants

## * ਸਿਰਫ਼ 15 ਜਣਿਆਂ ਵਿਰੁੱਧ ਹੋਈ ਅਨੁਸ਼ਾਸਨੀ ਕਾਰਵਾਈ

## *15 ਜੁਲਾਈ ਤੋਂ ਲਾਗੂ ਸਖ਼ਤ ਨਿਯਮਾਂ ਨਾਲ ਕਾਰਵਾਈ ਦੀ ਆਸ ਬੱਝੀ



ਵੈਨਕੂਵਰ : ਕੈਨੇਡਾ ਵਿਚ ਠੱਗ ਇੰਮੀਗ੍ਰੇਸ਼ਨ ਸਲਾਹਕਾਰਾਂ ਦੀਆਂ ਪੰਜੇ ਉਂਗਲਾਂ ਘਿਉ ਵਿਚ ਹਨ ਅਤੇ ਵੀਜ਼ਾ ਮਿਆਦ ਲੰਘਾ ਚੁੱਕੇ ਨੌਜਵਾਨਾਂ ਤੋਂ ਮੋਟੀਆਂ ਰਕਮਾਂ ਮੰਗੀਆਂ ਜਾ ਰਹੀਆਂ ਹਨ ਪਰ ਕੰਮ ਹੋਣ ਦੀ ਕੋਈ ਗਾਰੰਟੀ ਨਹੀਂ। ਜੀ ਹਾਂ, ਕਾਲਜ ਆਫ਼ ਇੰਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ ਦੇ ਅੰਕੜਿਆਂ ਮੁਤਾਬਕ 1 ਜੁਲਾਈ 2024 ਤੋਂ 30 ਜੂਨ 2025 ਤੱਕ 1,211 ਸ਼ਿਕਾਇਤਾਂ ਪੁੱਜੀਆਂ ਪਰ ਸਿਰਫ਼ 15 ਮਾਮਲਿਆਂ ਵਿਚ ਅਨੁਸ਼ਾਸਨੀ ਕਾਰਵਾਈ ਕੀਤੀ ਜਾ ਸਕੀ। ਸਿਟੀ ਨਿਊਜ਼ ਦੀ ਰਿਪੋਰਟ ਵਿਚ ਭਾਰਤੀ ਨਾਗਰਿਕ ਅਭਿਸ਼ੇਕ ਦੀ ਮਿਸਾਲ ਦਿਤੀ ਗਈ ਹੈ ਜੋ 2022 ਵਿਚ ਕੈਨੇਡਾ ਪੁੱਜਾ ਅਤੇ ਲੰਮਾ ਸਮਾਂ ਰਹਿਣ ਲਈ ਇੰਮੀਗ੍ਰੇਸ਼ਨ ਸਲਾਹਕਾਰ ਨਾਲ ਸੰਪਰਕ ਕੀਤਾ ਤਾਂ ਉਸ ਨੇ ਇਕ ਲੱਖ ਡਾਲਰ ਦੀ ਮੋਟੀ ਰਕਮ ਮੰਗ ਲਈ। ਮਾਯੂਸੀ ਵਿਚ ਡੁੱਬੇ ਅਭਿਸ਼ੇਕ ਨੇ ਕਿਹਾ ਕਿ ਇੰਮੀਗ੍ਰੇਸ਼ਨ ਸਲਾਹਕਾਰਾਂ ਦਾ ਕੰਮ ਲੋਕਾਂ ਨੂੰ ਗਾਈਡ ਕਰਨਾ ਹੁੰਦਾ ਹੈ ਪਰ ਉਹ ਆਪਣੇ ਪ੍ਰੋਡਕਟ ਵੇਚ ਰਹੇ ਹਨ।

ਬ੍ਰਿਟਿਸ਼ ਕੋਲੰਬੀਆ ਵਿਚ ਸਿਵਲ ਲਿਟੀਗੇਸ਼ਨ ਲਾਅਇਰ ਓਵਨ ਲੋਗਨ ਅਜਿਹੇ ਕਈ ਕਲਾਈਂਟਸ ਦੇ ਮੁਕੱਦਮੇ ਲੜ ਰਹੇ ਹਨ ਜਿਨ੍ਹਾਂ ਵੱਲੋਂ ਇੰਮੀਗ੍ਰੇਸ਼ਨ ਸਲਾਹਕਾਰਾਂ ਵਿਰੁੱਧ ਸ਼ਿਕਾਇਤਾਂ ਦਾਇਰ ਕੀਤੀਆਂ ਗਈਆਂ। ਓਵਨ ਨੇ ਦੱਸਿਆ ਕਿ ਜ਼ਿਆਦਾਤਰ ਲੋਕ ਸ਼ਿਕਾਇਤ ਦਾਇਰ ਕਰਨ ਤੋਂ ਡਰਦੇ ਹਨ ਪਰ ਜਿਹੜੇ ਹਿੰਮਤ ਦਿਖਾਉਂਦੇ ਹਨ, ਉਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਇਨਸਾਫ਼ ਨਹੀਂ ਮਿਲਦਾ। 15 ਜੁਲਾਈ ਤੋਂ ਲਾਗੂ ਨਵੇਂ ਨਿਯਮਾਂ ਬਾਰੇ ਲੋਗਨ ਦਾ ਕਹਿਣਾ ਸੀ ਕਿ ਪੀੜਤਾਂ ਨੂੰ ਮੁਆਵਜ਼ਾ ਮਿਲਣ ਲੱਗੇ ਤਾਂ ਕੁਝ ਰਾਹਤ ਮਿਲ ਸਕਦੀ ਹੈ। ਦੱਸ ਦੇਈਏ ਕਿ ਫ਼ੈਡਰਲ ਸਰਕਾਰ ਵੱਲੋਂ ਠੱਗ ਇੰਮੀਗ੍ਰੇਸ਼ਨ ਸਲਾਹਕਾਰਾਂ 'ਤੇ ਸ਼ਿਕੰਜਾ ਕਸਣ ਲਈ ਬੀਤੇ ਮਈ ਮਹੀਨੇ ਦੌਰਾਨ ਨਿਯਮ ਸਖ਼ਤ ਦਾ ਐਲਾਨ ਕੀਤਾ ਗਿਆ ਜੋ ਬੁੱਧਵਾਰ ਤੋਂ ਲਾਗੂ ਹੋ ਗਏ। ਨਵੇਂ ਕਾਨੂੰਨ ਤਹਿਤ ਕਾਲਜ ਆਫ਼ ਇੰਮੀਗ੍ਰੇਸ਼ਨ ਐਂਡ ਸਿਟੀਜ਼ਨਸ਼ਿਪ ਕੰਸਲਟੈਂਟਸ ਦੀਆਂ ਤਾਕਤਾਂ ਵਿਚ ਵਾਧਾ ਕੀਤਾ ਗਿਆ ਹੈ ਜਿਨ੍ਹਾਂ ਰਾਹੀਂ ਭਰੋਸੇਯੋਗ, ਪਾਰਦਰਸ਼ੀ ਅਤੇ ਜਵਾਬਦੇਹੀ ਵਾਲੀਆਂ ਸੇਵਾਵਾਂ ਯਕੀਨੀ ਬਣਾਈਆਂ ਜਾ ਸਕਣਗੀਆਂ।

ਦੂਜੇ ਪਾਸੇ ਨਿਯਮ ਤੋੜਨ ਵਾਲਿਆਂ ਨੂੰ ਮੋਟੇ ਜੁਰਮਾਨੇ ਕੀਤੇ ਜਾਣਗੇ ਅਤੇ ਕਾਲਜ ਨੂੰ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਵਿਚ ਮਦਦ ਮਿਲੇਗੀ। ਜੇ ਕਾਲਜ ਆਪਣੀਆਂ ਜ਼ਿੰਮੇਵਾਰੀਆਂ ਨਿਭਾਉਣ ਵਿਚ ਅਸਫ਼ਲ ਰਹਿੰਦਾ ਹੈ ਤਾਂ ਇੰਮੀਗ੍ਰੇਸ਼ਨ ਮੰਤਰੀ ਕੋਲ ਅਖ਼ਤਿਆਰ ਹੋਵੇਗਾ ਕਿ ਉਹ ਨਵੀਂ ਨਿਯੁਕਤੀ ਕਰਦਿਆਂ ਬੋਰਡ ਦੀਆਂ ਜ਼ਿੰਮੇਵਾਰੀਆਂ ਉਸ ਨੂੰ ਸੌਂਪ ਦੇਣ। ਅਪ੍ਰੈਲ 2027 ਤੋਂ ਕਾਲਜ ਨੂੰ ਲਾਇਸੰਸਸ਼ੁਦਾ ਇੰਮੀਗ੍ਰੇਸ਼ਨ ਸਲਾਹਕਾਰਾਂ ਬਾਰੇ ਵਧੇਰੇ ਜਾਣਕਾਰੀ ਪਬਲਿਕ ਰਜਿਸਟਰ 'ਤੇ ਮੁਹੱਈਆ ਕਰਵਾਉਣੀ ਹੋਵੇਗੀ। ਸ਼ਿਕਾਇਤਾਂ ਦੀ ਪੜਤਾਲ ਨਾਲ ਸਬੰਧਤ ਪ੍ਰਕਿਰਿਆ ਵਿਚ ਵੀ ਸੁਧਾਰ ਕੀਤਾ ਗਿਆ ਹੈ। ਇੰਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਬਿਹਤਰ ਭਵਿੱਖ ਲਈ ਕੈਨੇਡਾ ਆ ਰਹੇ ਲੋਕਾਂ ਨੂੰ ਇਮਾਨਦਾਰ ਅਤੇ ਭਰੋਸਯੋਗ ਸੇਵਾਵਾਂ ਮੁਹੱਈਆ ਕਰਵਾਉਣੀਆਂ ਲਾਜ਼ਮੀ ਹਨ। ਫ਼ੈਡਰਲ ਸਰਕਾਰ ਦੀਆਂ ਤਾਜ਼ਾ ਤਬਦੀਲੀਆਂ ਰਾਹੀਂ ਬਿਨੈਕਾਰਾਂ ਨੂੰ ਫ਼ਰੌਡ ਤੋਂ ਬਚਾਇਆ ਜਾ ਸਕੇਗਾ ਅਤੇ ਇੰਮੀਗ੍ਰੇਸ਼ਨ ਸਲਾਹਕਾਰਾਂ ਨੂੰ ਆਪਣੇ ਮਿਆਰ ਉਚੇ ਰੱਖਣੇ ਹੋਣਗੇ।

# ਕੈਨੇਡਾ 'ਚ ਜੰਗਲਾਂ ਦੀ ਅੱਗ ਅਤੇ ਗਰਮੀ ਨੇ ਕਸਿਆ ਸ਼ਿਕੰਜਾ

## ਉੱਤਰੀ ਉਨਟਾਰੀਓ ਵਿਚ ਸੈਂਕੜੇ ਲੋਕਾਂ ਨੂੰ ਘਰ-ਬਾਰ ਛੱਡਣ ਦੇ ਹੁਕਮ



ਟੋਰਾਂਟੋ : ਕੈਨੇਡਾ ਵਿਚ ਜੰਗਲਾਂ ਦੀ ਅੱਗ ਅਤੇ ਗਰਮੀ ਲਗਾਤਾਰ ਸ਼ਿਕੰਜਾ ਕਸ ਰਹੀਆਂ ਹਨ। ਉਨਟਾਰੀਓ ਦੇ ਉਤਰੀ ਇਲਾਕਿਆਂ ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ ਤੱਕ ਲੋਕ ਜੰਗਲਾਂ ਦੀ ਅੱਗ ਨਾਲ ਜੂਝ ਰਹੇ ਹਨ ਅਤੇ ਸੈਂਕੜੇ ਲੋਕਾਂ ਆਪਣੇ ਘਰ-ਬਾਰ ਛੱਡਣ ਲਈ ਮਜਬੂਰ ਹੋਣਾ ਪਿਆ ਜਦਕਿ ਦੂਜੇ ਪਾਸੇ ਅੰਤਾਂ ਦੀ ਗਰਮੀ ਨੇ ਰੇਲਵੇ ਟ੍ਰੈਕਸ ਦੀ ਹਾਲਤ ਵੀ ਨਾਜ਼ੁਕ ਕਰ ਦਿਤੀ ਅਤੇ ਗੋ ਟ੍ਰਾਂਜ਼ਿਟ ਨੂੰ ਰੇਲਗੱਡੀਆਂ ਦੀ ਰਫ਼ਤਾਰ ਘਟਾਉਣੀ ਪਈ ਜਾਂ ਕੁਝ ਗੱਡੀਆਂ ਰੱਦ ਕਰਨੀਆਂ ਪਈਆਂ।

ਟੋਰਾਂਟੋ ਅਤੇ ਜੀ.ਟੀ.ਏ. ਵਿਚ ਗੋ ਟ੍ਰਾਂਜ਼ਿਟ ਦੇ ਮੁਸਾਫ਼ਰਾਂ ਨੂੰ ਘਰਾਂ ਤੱਕ ਪੁੱਜਣ ਲਈ ਸ਼ਾਮ ਤੱਕ ਉਡੀਕ ਕਰਨੀ ਪਈ। ਤਸਵੀਰਾਂ ਵਿਚ ਦੇਖਿਆ ਜਾ ਸਕਦਾ ਹੈ ਕਿ ਟੋਰਾਂਟੋ ਦੇ ਯੂਨੀਅਨ ਸਟੇਸ਼ਨ 'ਤੇ ਹਰ ਪਾਸੇ ਮੁਸਾਫ਼ਰ ਹੀ ਮੁਸਾਫ਼ਰ ਨਜ਼ਰ ਆ ਰਹੇ ਹਨ। ਮੈਟਰੋ☬ਲੰਕਸ ਨੇ ਕਿਹਾ ਕਿ ਰੇਲਵੇ ਟ੍ਰੈਕ ਦੀ ਹਾਲਤ ਨੂੰ ਵੇਖਦਿਆਂ ਰਫ਼ਤਾਰ ਘਟਾਈ ਗਈ ਤਾਂਕਿ ਕਿਸੇ ਹਾਦਸੇ ਤੋਂ ਬਚਿਆ ਜਾ ਸਕੇ। ਉਧਰ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦੱਸਿਆ ਕਿ ਜੰਗਲਾਂ ਦੇ ਅੱਗ ਲੇ ਹਾਈਵੇਅ 11 ਦਾ ਇਕ ਵੱਡਾ ਹਿਸਾ ਬੰਦ ਕਰਵਾ ਦਿਤਾ ਜਿਸ ਨੂੰ ਦੇਰ ਸ਼ਾਮ ਖੋਲ੍ਹ ਦਿਤਾ ਗਿਆ ਪਰ ਲੋਕਾਂ ਸੁਰੱਖਿਅਤ ਇਲਾਕਿਆਂ ਵੱਲ ਜਾਣ ਦੇ ਹੁਕਮ ਦਿਤੇ ਗਏ ਹਨ। ਰੇਨੀ ਰਿਵਰ ਡਿਸਟ੍ਰਿਕਟ ਅਤੇ ਗਲ ਬੇਅ ਫਸਟ ਨੇਸ਼ਨ ਇਲਾਕੇ ਵਿਚ ਅੱਗ ਸਭ ਤੋਂ ਜ਼ਿਆਦਾ ਕਹਿਰ ਢਾਹ ਰਹੀ ਹੈ। ਐਮਰਜੰਸੀ ਮੈਨੇਜਮੈਂਟ ਵਿਭਾਗ ਵੱਲੋਂ ਲੋਕਾਂ ਨੂੰ ਥੰਡਰ ਬੇਅ ਦੇ ਦੱਖਣ ਵੱਲ ਜਾਣ ਦੀ ਹਦਾਇਤ ਦਿਤੀ ਗਈ ਹੈ।












# ਕੈਨੇਡਾ 'ਚ ਬਜ਼ੁਰਗ ਸਿੱਖ ਜੋੜੇ ਦੀ ਖ਼ੌਫ਼ਨਾਕ ਮੌਤ

## * ਐਡਮਿੰਟਨ ਸ਼ਹਿਰ ਤਿੰਨ ਮੰਜ਼ਿਲਾ ਇਮਾਰਤ ਸੜ ਕੇ ਸੁਆਹ
## * ਮੇਜਰ ਸਿੰਘ ਅਤੇ ਸੁਰਿੰਦਰਜੀਤ ਕੌਰ ਵਜੋਂ ਹੋਈ ਸ਼ਨਾਖ਼ਤ



ਐਡਮਿੰਟਨ : ਕੈਨੇਡਾ ਵਿਚ ਵਾਪਰੀ ਦਿਲ ਕੰਬਾਊ ਘਟਨਾ ਦੌਰਾਨ ਬਜ਼ੁਰਗ ਸਿੱਖ ਜੋੜੇ ਦੀ ਮੌਤ ਹੋ ਗਈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਆਲੀਵਾਲ ਨਾਲ ਸਬੰਧਤ ਮੇਜਰ ਸਿੰਘ ਭੰਡਾਲ ਅਤੇ ਸੁਰਿੰਦਰਜੀਤ ਕੌਰ ਨੇ 60 ਸਾਲ ਤੋਂ ਵੱਧ ਸਮਾਂ ਇਕੱਠਿਆਂ ਗੁਜ਼ਾਰਿਆ ਅਤੇ ਅੰਤਲੇ ਸਮੇਂ ਦੌਰਾਨ ਵੀ ਇਕੱਠੇ ਹੀ ਰਹੇ ਪਰ ਐਡਮਿੰਅਨ ਸ਼ਹਿਰ ਵਿਚ ਵਾਪਰੀ ਤਰਾਸਦੀ ਨੇ ਪਰਵਾਰ ਕੱਖੋਂ ਹੌਲਾ ਕਰ ਦਿਤਾ। ਐਡਮਿੰਟਨ ਦੇ ਕਿਲਾਨੀ ਇਲਾਕੇ ਵਿਚ ਵਾਪਰੀ ਘਟਨਾ ਬਾਰੇ ਲਾਲੀ ਤੂਰ ਨੇ ਦੱਸਿਆ ਕਿ ਉਹ 66 ਸਟ੍ਰੀਟ ਤੋਂ ਲੰਘ ਰਿਹਾ ਸੀ ਜਦੋਂ ਕੁਝ ਬਲਾਕ ਦੂਰ ਅਸਮਾਨ ਵਿਚ ਸੰਘਣਾ ਧੂੰਆਂ ਉਠਦਾ ਦੇਖਿਆ। ਲਾਲ ਤੂਰ ਨੂੰ ਕਿਸੇ ਅਣਹੋਣੀ ਦਾ ਅਹਿਸਾਸ ਹੋਇਆ ਤਾਂ ਉਹ ਅੱਗ ਦੀਆਂ ਲਾਟਾਂ ਵਿਚ ਘਿਰੀ ਇਮਾਰਤ ਵੱਲ ਰਵਾਨਾ ਹੋ ਗਿਆ।

ਮੌਕੇ 'ਤੇ ਪੁੱਜਣ ਮਗਰੋਂ ਲਾਲੀ ਤੂਰ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਜਦੋਂ ਉਸ ਨੇ ਦੇਖਿਆ ਕਿ ਉਸ ਦੇ ਨਾਨਾ-ਨਾਨੀ ਵੀ ਇਮਾਰਤ ਵਿਚ ਫਸੇ ਹੋਏ ਹਨ। ਇਕ ਬੇਕਾਬੂ ਕਾਰ ਦੀ ਟੱਕਰ ਵੱਜਣ ਕਰ ਕੇ ਗੈਸ ਪਾਈਪਲਾਈਨ ਫਟ ਗਈ ਅਤੇ ਵਪਾਰਕ ਤੇ ਰਿਹਾਇਸ਼ੀ ਦੋਵੇਂ ਕਿਸਮ ਦੇ ਮਕਸਦ ਵਾਸਤੇ ਵਰਤੀ ਜਾ ਰਹੀ ਇਮਾਰਤ ਵਿਚ ਧਮਾਕਾ ਹੋ ਗਿਆ। ਲਾਲੀ ਨੇ ਦੇਖਿਆ ਕਿ ਲੋਕ ਪੌੜੀਆਂ ਰਾਹੀਂ ਹੇਠਾਂ ਆਉਣਾ ਚਾਹੁੰਦੇ ਸਨ ਪਰ ਅੱਗ ਉਨ੍ਹਾਂ ਦੇ ਰਾਹ ਵਿਚ ਅੜਿੱਕਾ ਬਣ ਰਹੀ ਸੀ। 85 ਸਾਲ ਦੇ ਮੇਜਰ ਸਿੰਘ ਭੰਡਾਲ ਨੇ ਬਾਲਕਨੀ ਤੋਂ ਛਾਲ ਮਾਰ ਦਿਤੀ ਅਤੇ ਐਮਰਜੰਸੀ ਕਾਮਿਆਂ ਨੇ ਉਨ੍ਹਾਂ ਨੂੰ ਸੰਭਾਲਣ ਦਾ ਯਤਨ ਕੀਤਾ ਪਰ ਕਾਮਯਾਬ ਨਾ ਹੋ ਸਕੇ। ਮੇਜਰ ਸਿੰਘ ਨੇ ਮੌਕੇ 'ਤੇ ਹੀ ਦਮ ਤੋੜ ਦਿਤਾ। ਦੂਜੇ ਪਾਸੇ ਲਾਲੀ ਤੂਰ ਦੀ ਨਾਨੀ ਇਮਾਰਤ ਦੇ ਅੰਦਰ ਹੀ ਸੜ ਗਈ ਜਿਨ੍ਹਾਂ ਦੀ ਲਾਸ਼ ਮੰਗਲਵਾਰ ਨੂੰ ਕੱਢੀ ਜਾ ਸਕੀ। ਐਡਮਿੰਟਨ ਪੁਲਿਸ ਨੇ ਬੁੱਧਵਾਰ ਨੂੰ 82 ਸਾਲਾ ਸੁਰਿੰਦਰਜੀਤ ਕੌਰ ਦੀ ਮੌਤ ਬਾਰੇ ਤਸਦੀਕ ਕਰ ਦਿਤੀ। ਲਾਲੀ ਤੂਰ ਨੇ ਦੱਸਿਆ ਕਿ ਉਸ ਦੇ ਗਰੈਂਡ ਪੇਰੈਂਟਸ ਬੀਤੇ 30 ਸਾਲ ਤੋਂ ਕੈਨੇਡਾ ਵਿਚ ਖੁਦਮੁਖਤਿਆਰ ਜ਼ਿੰਦਗੀ ਬਤੀਤ ਕਰ ਰਹੇ ਸਨ। ਭਾਵੇਂ ਹੁਣ ਉਹ ਇਸ ਦੁਨੀਆਂ ਵਿਚ ਨਹੀਂ ਰਹੇ ਪਰ ਉਨ੍ਹਾਂ ਦੀ ਜ਼ਿੰਦਗੀ ਲੰਮੀ, ਸ਼ਾਨਦਾਰ ਅਤੇ ਵੱਕਾਰੀ ਰਹੀ। ਲਾਲੀ ਤੂਰ ਨੇ ਅੱਗੇ ਕਿਹਾ ਕਿ ਉਸ ਦੇ ਮਾਪਿਆਂ ਵੱਲੋਂ ਘਰ ਉਸਾਰਨ ਤੋਂ ਪਹਿਲਾਂ ਉਹ ਬਚਪਨ ਵਿਚ ਆਪਣੇ ਗਰੈਂਡ ਪੇਰੈਂਟਸ ਕੋਲ ਹੀ ਰਹਿੰਦਾ ਸੀ।

ਲਾਲੀ ਤੂਰ ਨੇ ਪਿਛਲੇ ਸਾਲ ਆਪਣੇ ਵਿਆਹ 'ਤੇ ਖਿੱਚੀ ਗਰੈਂਡ ਪੇਰੈਂਟਸ ਦੀ ਤਸਵੀਰ ਵੀ ਮੀਡੀਆ ਲਾਲ ਸਾਂਝੀ ਕੀਤੀ। ਦੱਸ ਦੇਈਏ ਕਿ ਮੇਜਰ ਸਿੰਘ ਭੰਡਾਲ ਅਤੇ ਸੁਰਿੰਦਜੀਤ ਕੌਰ ਭੰਡਾਲ ਸੇਂਟ ਐਲਬਰਟ ਟ੍ਰੇਲ ਦੇ ਗੁਰਦਵਾਰਾ ਸਾਹਿਬ ਦੀ ਸੇਵਾ ਸੰਭਾਲ ਦੇ ਕਾਰਜਾਂ ਵਿਚ ਵਧ-ਚੜ੍ਹ ਕੇ ਹਿੱਸਾ ਪਾਉਂਦੇ ਅਤੇ ਪੂਰਾ ਇਲਾਕਾ ਉਨ੍ਹਾਂ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਹੋਣੀ ਦਾ ਜ਼ਿਕਰ ਕਰਦਿਆਂ ਲਾਲੀ ਤੂਰ ਨੇ ਕਿਹਾ ਕਿ ਕੋਈ ਨਹੀਂ ਜਾਣਦਾ ਕਿ ਕੱਲ੍ਹ ਕੀ ਹੋਣਾ ਹੈ ਪਰ ਅਜਿਹੀਆਂ ਘਟਨਾਵਾਂ ਦਿਲ ਨੂੰ ਡੂੰਘੀ ਢਾਹ ਲਾਉਂਦੀਆਂ ਹਨ। ਉਧਰ, ਐਡਮਿੰਟਨ ਪੁਲਿਸ ਨੇ ਦੱਸਿਆ ਕਿ 132 ਐਵੇਨਿਊ ਅਤੇ 82 ਸਟ੍ਰੀਟ ਦੇ ਕੋਨੇ ਵਾਲੀ ਇਮਾਰਤ ਨੂੰ ਲੱਗੀ ਅੱਗ ਬਾਰੇ ਹੌਮੀਸਾਈਡ ਯੂਨਿਟ ਵੱਲੋਂ ਪੜਤਾਲ ਕੀਤੀ ਜਾ ਰਹੀ ਹੈ। ਤਰਾਸਦੀ ਵੇਲੇ ਤਿੰਨ ਮੰਜ਼ਿਲਾ ਇਮਾਰਤ ਵਿਚ ਘੱਟੋ ਘੱਟ 35 ਜਣੇ ਮੌਜੂਦ ਸਨ। ਗ੍ਰਾਊਂਡ ਫਲੋਰ 'ਤੇ ਚਾਰ ਕਾਰੋਬਾਰੀ ਅਦਾਰੇ ਅਤੇ ਬਾਕੀ ਦੋ ਮੰਜ਼ਿਲਾਂ 'ਤੇ 16 ਰਿਹਾਇਸ਼ੀ ਇਕਾਈਆਂ ਬਣੀਆਂ ਹੋਈਆਂ ਸਨ। ਅੱਗ ਲੱਗਣ ਕਰ ਕੇ ਬੇਘਰ ਹੋਏ 21 ਜਣਿਆਂ ਦੀ ਮਦਦ ਰੈਡ ਕਰੌਸ ਵੱਲੋਂ ਕੀਤੀ ਜਾ ਰਹੀ ਹੈ।

# ਸਿੱਖ ਗੇਮਜ਼ ਕੈਨੇਡਾ 2026:
## ਬਰੈਂਪਟਨ 'ਚ ਚਾਰ ਦਿਨਾਂ ਖੇਡਾਂ ਦਾ ਮਹਾਂਕੁੰਭ

ਬਰੈਂਪਟਨ, (ਸਟਾਰ ਨਿਊਜ਼): ਓਨਟਾਰੀਓ ਗੁਰਦੁਆਰਾਜ਼ ਕਮੇਟੀ ਵੱਲੋਂ 31 ਜੁਲਾਈ ਤੋਂ 3 ਅਗਸਤ 2026 ਤੱਕ ਸਿੱਖ ਗੇਮਜ਼ ਕੈਨੇਡਾ 2026 ਦਾ ਸ਼ਾਨਦਾਰ ਆਯੋਜਨ ਬਰੈਂਪਟਨ ਵਿੱਚ ਕੀਤਾ ਜਾ ਰਿਹਾ ਹੈ। ਚਾਰ ਦਿਨਾਂ ਤੱਕ ਚੱਲਣ ਵਾਲੇ ਇਸ ਖੇਡ ਮੇਲੇ ਵਿੱਚ ਦੇਸ਼ ਭਰ ਤੋਂ ਖਿਡਾਰੀ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਸਮਾਗਮ ਲਈ ਦਾਖਲਾ ਪੂਰੀ ਤਰ੍ਹਾਂ ਮੁਫ਼ਤ ਰੱਖਿਆ ਗਿਆ ਹੈ।

ਉਦਘਾਟਨੀ ਸਮਾਰੋਹ ਸ਼ਨੀਵਾਰ, 1 ਅਗਸਤ 2026 ਨੂੰ ਸਵੇਰੇ 9:00 ਵਜੇ ਬਰੈਂਪਟਨ ਸੌਕਰ ਸੈਂਟਰ ਵਿਖੇ ਹੋਵੇਗਾ। ਖੇਡ ਮੁਕਾਬਲੇ ਬਰੈਂਪਟਨ ਸੌਕਰ ਸੈਂਟਰ ਅਤੇ ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ ਵਿੱਚ ਕਰਵਾਏ ਜਾਣਗੇ। ਇਨ੍ਹਾਂ ਵਿੱਚ ਸੌਕਰ, ਕਬੱਡੀ, ਫੀਲਡ ਹਾਕੀ, ਵਾਲੀਬਾਲ, ਬਾਸਕੇਟਬਾਲ, ਵੇਟਲਿਫਟਿੰਗ ਅਤੇ ਗਤਕਾ ਸ਼ਾਮਲ ਹਨ।

ਸਮਾਗਮ ਦੌਰਾਨ 3 ਅਗਸਤ ਨੂੰ ਸਵੇਰੇ 10:00 ਵਜੇ 5 ਕਿਲੋਮੀਟਰ ਦੌੜ ਵੀ ਕਰਵਾਈ ਜਾਵੇਗੀ। ਆਯੋਜਕਾਂ ਵੱਲੋਂ ਜਾਣਕਾਰੀ ਦਿੱਤੀ ਗਈ ਹੈ ਕਿ ਹਰੇਕ ਭਾਗ ਲੈਣ ਵਾਲੇ ਖਿਡਾਰੀ ਨੂੰ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ।

ਸਮਾਪਤੀ ਸਮਾਰੋਹ ਸੋਮਵਾਰ, 3 ਅਗਸਤ 2026 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 4:00 ਵਜੇ ਤੱਕ ਕੈਸੀ ਕੈਂਪਬੈਲ ਕਮਿਊਨਿਟੀ ਸੈਂਟਰ ਵਿੱਚ ਹੋਵੇਗਾ। ਪ੍ਰਬੰਧਕਾਂ ਨੇ ਸਮੂਹ ਸੰਗਤ ਅਤੇ ਖੇਡ ਪ੍ਰੇਮੀਆਂ ਨੂੰ ਆਪਣੇ ਪਰਿਵਾਰਾਂ ਸਮੇਤ ਇਸ ਵਿਸ਼ਾਲ ਖੇਡ ਮੇਲੇ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ।




LEGAL SERVICES & IMMIGRATION MATTERS
ਕਿਸੇ ਤਰ੍ਹਾਂ ਦੇ ਕਨੂੰਨੀ ਜਾਂ ਇਮੀਗਰੇਸ਼ਨ ਕੇਸ ਲਈ ਮਿਲੋ

* Divorce Cases: Mutual & Contested
* Drink & Driving
* Trafic Tickets
* Domestic Violence Cases
* Notary Services

* RAD appeals (Refugee Appeals)
* IAD appeals (any kind of immigration appeals)
* Judicial Review
* Writ of Mandamus (if your case is being delayed by Immigration)
* Application for asylum (Refugee)
* If your visitor visa work permit or PR application is refused just call us

* Expert Guidance
* Personalized Assistance in every matter
THE SOLUTION YOU NEED CALL US:
519-740-7080

* ਨੋਟਰੀ ਦੀਆਂ ਸੇਵਾਵਾਂ * ਸੈਪਰੇਸ਼ਨ ਐਗਰੀਮੈਂਟ,
* ਤਲਾਕ * ਡ੍ਰਿੰਕ ਐਂਡ ਡ੍ਰਾਈਵਿੰਗ ਦਾ ਕੇਸ
* ਟ੍ਰੈਫਿਕ ਟਿਕਟ * ਘਰੇਲੂ ਹਿੰਸਾ
* ਅਮਰੀਕਾ, ਇੰਗਲੈਂਡ ਵੀਜ਼ਾ ਐਪਲੀਕੇਸ਼ਨ ਭਰਨੀ
* ਰੈਕਰਡ ਸਸਪੈਂਸ਼ਨ ਅਤੇ ਯੂਐਸ ਵੇਵਰ
* ਨੈਕਸਸ, ਫਾਸਟ ਕਾਰਡ, ਸੀਡੀਆਰਪੀ,
* ਕੈਨੇਡੀਅਨ ਪੈਨਸ਼ਨ ਦੀ ਐਪਲੀਕੇਸ਼ਨ ਭਰਨੀ
* ਕੋਈ ਵੀ ਇੰਡੀਅਨ ਸਰਕਾਰੀ ਕਾਗਜ਼ ਪੱਤਰ ਦੀ ਪੰਜਾਬੀ ਤੋਂ ਅੰਗ੍ਰੇਜ਼ੀ ਵਿੱਚ ਟ੍ਰਾਂਸਲੇਸ਼ਨ
* ਪੀਆਰ ਕਾਰਡ ਅਪਲਾਈ ਜਾਂ ਰਿਨੀਊ ਕਰਨਾ
* ਇੰਡੀਆ ਵਿੱਚ ਜ਼ਮੀਨ ਜਾਂ ਪਰਿਵਾਰਕ ਝਗੜੇ

Passport Services for Indian Citizens
* New Passport * Passport Renewal
* Lost or Damaged Passport Replacement
* OCI applications, OCI Card Renewal
* Visa Services: Tourist Visa, E-Visa
Land or Family Disputes in India
* Partition of Property * Removing Illegal Possession * Land Encroachment
* Matrimonial Property Disputes

Cambridge:- 181 Groh Ave., Suite# 201-C, Cambridge, ON N3C 1Y8
Mississauga: 7035 Maxwell Rd., Suite# 203, Mississauga, ON L5S 1R5

ਪੰਜਾਬ ਸਟਾਰ ਟੀਵੀ
ਹੁਣ ਤੁਸੀਂ ਆਪਣੇ ਘਰ IPTV ਤੇ ਵੀ ਦੇਖ ਸਕਦੇ ਹੋ
PUNJAB STAR TV
IPTV
Roku
eBaba Ent
webtv
ਸੱਭਿਆਚਾਰਕ, ਧਾਰਮਿਕ ਅਤੇ ਰਾਜਨੀਤਿਕ ਪਰੋਗਰਾਮਾਂ ਨਾਲ ਭਾਰਤ, ਪੰਜਾਬ, ਕੈਨੇਡਾ ਅਤੇ ਪੂਰੀ ਦੁਨੀਆ ਨਾਲ ਤੁਹਾਨੂੰ ਜੋੜ ਕੇ ਰੱਖਦਾ ਹੈ
ਪੰਜਾਬ ਸਟਾਰ ਟੀਵੀ
ਪੰਜਾਬ ਸਟਾਰ ਟੀਵੀ ਹੁਣ ਤੁਸੀਂ ਅਮਰੀਕਾ ਅਤੇ ਕੈਨੇਡਾ ਆਪਣੇ ਘਰ ਆਈ ਪੀ ਟੀਵੀ ਬੌਕਸ 'ਤੇ ਦੇਖ ਸਕਦੇ। ਵਧੇਰੇ ਜਾਣਕਾਰੀ ਲਈ ਲਖਵਿੰਦਰ ਸੰਧੂ 905-673-7666
YUPPTV
GET IT ON Google Play
Shava tv
jadoo tv
Cruze tv
amazon fireTV
NOW WIDELY AVAILABLE IN AMERICA & CANADA
For informatin call Lakhwinder Sandhu
905-673-7666

# ਪ੍ਰਾਈਵੇਟ ਸਕੂਲਾਂ ਦੀ ਫੀਸ 'ਤੇ ਲੱਗੀ ਲਗਾਮ, ਹੁਣ ਸਾਲਾਨਾ 5% ਤੋਂ ਵੱਧ ਨਹੀਂ ਵਧਾ ਸਕਣਗੇ ਫੀਸ



ਚੰਡੀਗੜ੍ਹ: ਪੰਜਾਬ ਦੇ ਪ੍ਰਾਈਵੇਟ ਸਕੂਲ ਹੁਣ ਸਾਲਾਨਾ 5% ਤੋਂ ਵੱਧ ਫੀਸਾਂ ਨਹੀਂ ਵਧਾ ਸਕਣਗੇ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਸਰਕਾਰੀ ਆਰਡੀਨੈਂਸ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਇਹ ਜਾਣਕਾਰੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਖੁਦ ਆਪਣੀ ਪੋਸਟ ਵਿੱਚ ਦਿੱਤੀ ਹੈ।ਮੁੱਖ ਮੰਤਰੀ ਨੇ ਸੋਸ਼ਲ ਮੀਡੀਆ 'ਤੇ ਹੁਕਮ ਦੀ ਕਾਪੀ ਸ਼ੇਅਰ ਕਰਦਿਆਂ ਲਿਖਿਆ, "ਪੰਜਾਬ ਦੇ ਬੱਚਿਆਂ ਅਤੇ ਮਾਪਿਆਂ ਦੇ ਹਿੱਤ ਵਿੱਚ ਲਏ ਗਏ ਸਾਡੇ ਮਹੱਤਵਪੂਰਨ ਫੈਸਲੇ ਨੂੰ ਮਨਜ਼ੂਰੀ ਦੇਣ ਲਈ ਰਾਜਪਾਲ ਦਾ ਦਿਲੋਂ ਧੰਨਵਾਦ।"

ਸੀਐਮ ਭਗਵੰਤ ਮਾਨ ਨੇ ਅੱਗੇ ਲਿਖਿਆ, "ਰਾਜਪਾਲ ਨੇ ਸਾਡੀ ਸਰਕਾਰ ਦੁਆਰਾ ਪ੍ਰਾਈਵੇਟ ਸਕੂਲਾਂ ਦੁਆਰਾ ਮਨਮਾਨੀਆਂ ਫੀਸਾਂ ਵਿੱਚ ਵਾਧੇ ਨੂੰ ਰੋਕਣ ਲਈ ਪੇਸ਼ ਕੀਤੇ ਗਏ 'ਦਿ ਪੰਜਾਬ ਰੈਗੂਲੇਸ਼ਨ ਆਫ਼ ਫੀਸ ਆਫ਼ ਅਨਏਡਿਡ ਐਜੂਕੇਸ਼ਨਲ ਇੰਸਟੀਚਿਊਸ਼ਨਜ਼ (ਸੋਧ) ਆਰਡੀਨੈਂਸ, 2026' 'ਤੇ ਦਸਤਖਤ ਕਰ ਦਿੱਤੇ ਹਨ। ਇਸ ਆਰਡੀਨੈਂਸ ਦੇ ਲਾਗੂ ਹੋਣ ਤੋਂ ਬਾਅਦ, ਕੋਈ ਵੀ ਪ੍ਰਾਈਵੇਟ ਸਕੂਲ ਆਪਣੀ ਮਰਜ਼ੀ ਨਾਲ 5% ਤੋਂ ਵੱਧ ਫੀਸਾਂ ਨਹੀਂ ਵਧਾ ਸਕੇਗਾ।" ਰਾਜਪਾਲ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਆਰਡੀਨੈਂਸ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ। ਸਰਕਾਰ ਦਾ ਕਹਿਣਾ ਹੈ ਕਿ ਸਿੱਖਿਆ ਨੂੰ ਵਪਾਰ ਬਣਾਉਣ ਵਾਲੇ ਨੈਕਸਸ ਨੂੰ ਤੋੜਿਆ ਜਾਵੇਗਾ ਅਤੇ ਮਾਪਿਆਂ ਨੂੰ ਰਾਹਤ ਦਿੱਤੀ ਜਾਵੇਗੀ। ਇਸ ਫ਼ੈਸਲੇ ਨਾਲ ਪੰਜਾਬ ਦੇ ਲਗਭਗ 7,800 ਪ੍ਰਾਈਵੇਟ ਸਕੂਲਾਂ 'ਤੇ ਅਸਰ ਪਵੇਗਾ, ਜਦਕਿ 32 ਲੱਖ ਤੋਂ ਵੱਧ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਸਿੱਖਿਆ ਨੂੰ ਕਾਰੋਬਾਰ ਨਹੀਂ ਬਣਨ ਦੇਵੇਗੀ ਅਤੇ ਆਮ ਲੋਕਾਂ ਦੀਆਂ ਜੇਬਾਂ 'ਤੇ ਵਾਧੂ ਵਿੱਤੀ ਬੋਝ ਘਟਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਪ੍ਰਾਈਵੇਟ ਸਕੂਲ ਫੀਸ ਵਾਧੇ 'ਤੇ ਨਵੇਂ ਨਿਯਮ

ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਵੇਂ ਨਿਯਮਾਂ ਅਨੁਸਾਰ ਹੁਣ ਕੋਈ ਵੀ ਪ੍ਰਾਈਵੇਟ ਸਕੂਲ ਸਾਲਾਨਾ 5 ਫੀਸਦੀ ਤੋਂ ਵੱਧ ਫੀਸ ਨਹੀਂ ਵਧਾ ਸਕੇਗਾ। ਹਰ ਸਕੂਲ ਲਈ ਫੀਸ ਨਿਰਧਾਰਿਤ ਕਰਨ ਦੇ ਸਪੱਸ਼ਟ ਨਿਯਮ ਬਣਾਏ ਗਏ ਹਨ। ਸਾਰੇ ਪ੍ਰਾਈਵੇਟ ਸਕੂਲਾਂ ਨੂੰ ਅਗਲੇ 10 ਦਿਨਾਂ ਦੇ ਅੰਦਰ ਪਿਛਲੇ ਚਾਰ ਸਾਲਾਂ ਦੀ ਫੀਸ ਦਾ ਪੂਰਾ ਵੇਰਵਾ ਸਿੱਖਿਆ ਵਿਭਾਗ ਦੇ ਪੋਰਟਲ 'ਤੇ ਅਪਲੋਡ ਕਰਨਾ ਲਾਜ਼ਮੀ ਹੋਵੇਗਾ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਕੈਨੇਡਾ ਭੇਜਣ ਸਬੰਧੀ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣ ਸੰਗਤਾਂ - SGPC ਸਕੱਤਰ ਕਾਹਲਵਾਂ



ਅੰਮ੍ਰਿਤਸਰ: ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਕੈਨੇਡਾ ਭੇਜਣ ਸਬੰਧੀ ਸੋਸ਼ਲ ਮੀਡੀਆ ਅਤੇ ਹੋਰ ਮਾਧਿਅਮਾਂ ਰਾਹੀਂ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ 'ਤੇ ਸਖ਼ਤ ਪ੍ਰਤੀਕਿਰਿਆ ਦਿੰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਕਿਹਾ ਕਿ ਕੁਝ ਲੋਕ ਜਾਣਬੁੱਝ ਕੇ ਸੰਗਤਾਂ ਅੰਦਰ ਭਰਮ ਅਤੇ ਦੁਚਿੱਤੀ ਪੈਦਾ ਕਰਨ ਦੇ ਨਾਲ-ਨਾਲ ਸਿੱਖ ਸੰਸਥਾ ਦੇ ਅਕਸ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਮੰਦਭਾਗਾ ਅਤੇ ਨਿੰਦਣਯੋਗ ਹੈ। ਕਾਹਲਵਾਂ ਨੇ ਸਪੱਸ਼ਟ ਕੀਤਾ ਕਿ ਕੈਨੇਡਾ ਦੀਆਂ ਸੰਗਤਾਂ ਅਤੇ ਉਥੋਂ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵੱਲੋਂ ਲੰਮੇ ਸਮੇਂ ਤੋਂ ਪ੍ਰਗਟਾਈ ਜਾ ਰਹੀ ਧਾਰਮਿਕ ਲੋੜ ਅਤੇ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਪੂਰਨ ਮਰਿਆਦਾ ਅਨੁਸਾਰ ਪਾਲਕੀ ਸਾਹਿਬ ਵਿੱਚ ਸੁਸ਼ੋਭਿਤ ਕਰਕੇ ਕੈਨੇਡਾ ਭੇਜੀਆਂ ਗਈਆਂ ਹਨ। ਇਸ ਸਮੁੱਚੀ ਪ੍ਰਕਿਰਿਆ ਦੌਰਾਨ ਗੁਰਮਰਿਆਦਾ, ਸਤਿਕਾਰ ਅਤੇ ਪੰਥਕ ਪਰੰਪਰਾਵਾਂ ਦਾ ਪੂਰੀ ਤਰ੍ਹਾਂ ਧਿਆਨ ਰੱਖਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇੰਗਲੈਂਡ, ਆਸਟਰੇਲੀਆ, ਬੈਂਕਾਕ ਸਮੇਤ ਹੋਰ ਵੱਖ ਵੱਖ ਦੇਸ਼ਾਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲੈਣ ਦੀਆਂ ਪੁੱਜੀਆਂ ਮੰਗਾਂ ਪੁਰ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿਚ ਪ੍ਰਵਾਨਗੀ ਹੋਣ ਮਗਰੋਂ ਹੀ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਮਿਤੀ 19 ਸਤੰਬਰ 2009 ਵਿਚ ਪ੍ਰਵਾਨ ਹੋਏ ਮਤਾ ਨੰਬਰ 2 ਦੀ ਰੋਸ਼ਨੀ ਵਿਚ ਮਰਯਾਦਾ ਅਨੁਸਾਰ ਪਾਵਨ ਸਰੂਪ ਪਹਿਲਾਂ ਵੀ ਵਿਦੇਸ਼ ਭੇਜੇ ਗਏ ਹਨ। ਹੁਣ ਵੀ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਐਸੋਸੀਏਸ਼ਨ, ਸਰੀ, ਬੀ.ਸੀ, ਕੈਨੇਡਾ ਵੱਲੋਂ ਪੁੱਜੀ ਮੰਗ ਪੁਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮਿਤੀ 28 ਜੁਲਾਈ 2025 ਦੀ ਇਕੱਤਰਤਾ ਦੇ ਮਤਾ ਨੰਬਰ 798 ਰਾਹੀਂ ਹੋਈ ਪ੍ਰਵਾਨਗੀ ਉਪਰੰਤ ਹੀ ਪਾਵਨ ਸਰੂਪ ਸਤਿਕਾਰ ਤੇ ਮਰਯਾਦਾ ਸਹਿਤ ਉਕਤ ਗੁਰਦੁਆਰਾ ਸਾਹਿਬ ਵਿਖੇ ਭੇਜੇ ਗਏ ਹਨ।

ਉਨ੍ਹਾਂ ਕਿਹਾ ਕਿ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਸ਼ੰਕਾ ਦੀ ਕੋਈ ਗੁੰਜਾਇਸ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਪਾਵਨ ਬੀੜਾਂ ਭੇਜਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ ਵੱਲੋਂ ਕੈਨੇਡਾ ਜਾ ਕੇ ਉਥੇ ਕੀਤੇ ਗਏ ਸਮੁੱਚੇ ਪ੍ਰਬੰਧਾਂ ਦਾ ਨਿਰੀਖਣ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਅੰਤ੍ਰਿੰਗ ਕਮੇਟੀ ਮੈਂਬਰ ਬੀਬੀ ਹਰਜਿੰਦਰ ਕੌਰ ਨੇ ਵੀ ਸਬੰਧਤ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ ਪਾਵਨ ਬੀੜਾਂ ਦੇ ਦਰਸ਼ਨ ਕੀਤੇ ਅਤੇ ਉਥੇ ਮਰਿਆਦਾ ਅਨੁਸਾਰ ਕੀਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟਾਈ ਹੈ।

ਸ਼੍ਰੋਮਣੀ ਕਮੇਟੀ ਸਕੱਤਰ ਨੇ ਇਸ ਗੱਲ ਨੂੰ ਵੀ ਪੂਰੀ ਤਰ੍ਹਾਂ ਰੱਦ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਾਵਨ ਬੀੜਾਂ ਦੇ ਸਬੰਧ ਵਿੱਚ ਕਿਸੇ ਕਿਸਮ ਦਾ ਵਪਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹਾ ਪ੍ਰਚਾਰ ਸਰਾਸਰ ਝੂਠਾ, ਬੇਬੁਨਿਆਦ ਅਤੇ ਸੰਗਤਾਂ ਨੂੰ ਗੁੰਮਰਾਹ ਕਰਨ ਵਾਲਾ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਸਬੰਧਤ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੀ ਲੋੜ ਅਤੇ ਮੰਗ ਦੇ ਆਧਾਰ 'ਤੇ ਪੂਰੀ ਪੜਤਾਲ ਉਪਰੰਤ ਪਾਵਨ ਸਰੂਪ ਭੇਟਾ ਰਹਿਤ ਸੰਗਤਾਂ ਨੂੰ ਦਿੱਤੇ ਜਾ ਰਹੇ ਹਨ। ਇਸ ਲਈ ਵਪਾਰ ਜਾਂ ਆਰਥਿਕ ਲਾਭ ਦੇ ਦੋਸ਼ਾਂ ਦਾ ਹਕੀਕਤ ਨਾਲ ਕੋਈ ਸਬੰਧ ਨਹੀਂ ਹੈ।

ਕਾਹਲਵਾਂ ਨੇ ਸਮੂਹ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਸੋਸ਼ਲ ਮੀਡੀਆ ਜਾਂ ਹੋਰ ਮਾਧਿਅਮਾਂ ਰਾਹੀਂ ਫੈਲਾਈਆਂ ਜਾ ਰਹੀਆਂ ਅਫਵਾਹਾਂ ਅਤੇ ਗੁੰਮਰਾਹਕੁੰਨ ਪ੍ਰਚਾਰ ਤੋਂ ਸੁਚੇਤ ਰਹਿਣ ਅਤੇ ਕਿਸੇ ਵੀ ਜਾਣਕਾਰੀ ਨੂੰ ਸੱਚ ਮੰਨਣ ਤੋਂ ਪਹਿਲਾਂ ਉਸ ਦੀ ਪੜਤਾਲ ਜ਼ਰੂਰ ਕਰਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ, ਗੁਰਮਰਿਆਦਾ ਅਤੇ ਪੰਥਕ ਪਰੰਪਰਾਵਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਅਣਗਹਿਲੀ ਜਾਂ ਸਮਝੌਤੇ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

ਕਾਹਲਵਾਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਹਮੇਸ਼ਾ ਵਿਸ਼ਵ ਭਰ ਦੀਆਂ ਸਿੱਖ ਸੰਗਤਾਂ ਦੀਆਂ ਧਾਰਮਿਕ ਲੋੜਾਂ ਅਤੇ ਭਾਵਨਾਵਾਂ ਦਾ ਸਨਮਾਨ ਕਰਦਿਆਂ ਗੁਰਮਰਿਆਦਾ ਅਨੁਸਾਰ ਆਪਣੀਆਂ ਸੇਵਾਵਾਂ ਨਿਭਾਉਂਦੀ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੇ ਸਤਿਕਾਰ ਲਈ ਸੰਗਤਾਂ ਤੋਂ ਮਿਲੇ ਸੁਝਾਵਾਂ ਦਾ ਹਮੇਸ਼ਾ ਸਤਿਕਾਰ ਕੀਤਾ ਜਾਵੇਗਾ।

# PM ਦੇ ਦੌਰੇ ਤੋਂ ਪਹਿਲਾਂ ਪੰਜਾਬ ਦੇ ਸਕੂਲਾਂ ਨੂੰ ਬੰਬ ਦੀ ਧਮਕੀ

## ਹਾਈ ਅਲਰਟ 'ਤੇ ਪੁਲਿਸ !




ਚੰਡੀਗੜ੍ਹ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੰਜਾਬ ਦੌਰੇ ਤੋਂ ਪਹਿਲਾਂ ਮੋਹਾਲੀ ਦੇ ਕਈ ਸਕੂਲਾਂ ਨੂੰ ਸਵੇਰੇ-ਸਵੇਰੇ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਇਸ ਤੋਂ ਬਾਅਦ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਅਲਰਟ ਹੋ ਗਈਆਂ ਹਨ। ਸੂਚਨਾ ਮਿਲਦੇ ਹੀ ਪੁਲਿਸ, ਬੰਬ ਨਿਰੋਧਕ ਦਸਤਾ ਅਤੇ ਹੋਰ ਸੁਰੱਖਿਆ ਟੀਮਾਂ ਸਕੂਲਾਂ ਵਿੱਚ ਪਹੁੰਚੀਆਂ। ਪਰਿਸਰ ਦੀ ਬਾਰੀਕੀ ਨਾਲ ਤਲਾਸ਼ੀ ਲਈ ਜਾ ਰਹੀ ਹੈ ਅਤੇ ਵਿਦਿਆਰਥੀਆਂ ਤੇ ਸਟਾਫ਼ ਦੀ ਸੁਰੱਖਿਆ ਲਈ ਲੋੜੀਂਦੇ ਕਦਮ ਚੁੱਕੇ ਗਏ ਹਨ।

ਫਿਲਹਾਲ ਧਮਕੀ ਦੀ ਜਾਂਚ ਜਾਰੀ ਹੈ। ਸ਼ੁਰੂਆਤੀ ਜਾਣਕਾਰੀ ਅਨੁਸਾਰ, ਹੁਣ ਤੱਕ ਕਿਸੇ ਸ਼ੱਕੀ ਵਸਤੂ ਦੀ ਪੁਸ਼ਟੀ ਨਹੀਂ ਹੋਈ ਹੈ। ਪੁਲਿਸ ਧਮਕੀ ਦੇ ਸਰੋਤ ਦਾ ਪਤਾ ਲਗਾਉਣ ਵਿੱਚ ਜੁਟੀ ਹੋਈ ਹੈ ਅਤੇ ਲੋਕਾਂ ਨੂੰ ਅਫ਼ਵਾਹਾਂ 'ਤੇ ਧਿਆਨ ਨਾ ਦੇਣ ਦੀ ਅਪੀਲ ਕੀਤੀ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਵਿੱਚ ਸਕੂਲਾਂ, ਅਦਾਲਤ ਕੰਪਲੈਕਸਾਂ ਅਤੇ ਹੋਰ ਸਰਕਾਰੀ ਤੇ ਨਿੱਜੀ ਸੰਸਥਾਵਾਂ ਨੂੰ ਲਗਾਤਾਰ ਧਮਕੀ ਭਰੀਆਂ ਈ-ਮੇਲਾਂ ਮਿਲ ਰਹੀਆਂ ਹਨ। ਜ਼ਿਆਦਾਤਰ ਮਾਮਲਿਆਂ ਵਿੱਚ ਜਾਂਚ ਦੌਰਾਨ ਕੋਈ ਵਿਸਫੋਟਕ ਸਮੱਗਰੀ ਨਹੀਂ ਮਿਲੀ, ਪਰ ਅਜਿਹੀਆਂ ਘਟਨਾਵਾਂ ਨੂੰ ਸੁਰੱਖਿਆ ਏਜੰਸੀਆਂ ਗੰਭੀਰਤਾ ਨਾਲ ਲੈ ਰਹੀਆਂ ਹਨ।

ਪੁਲਿਸ ਦਾ ਕਹਿਣਾ ਹੈ ਕਿ ਧਮਕੀ ਭਰੀਆਂ ਈ-ਮੇਲਾਂ ਭੇਜਣ ਵਾਲਿਆਂ ਦੀ ਪਛਾਣ ਕਰਨ ਲਈ ਸਾਈਬਰ ਮਾਹਿਰਾਂ ਦੀ ਵੀ ਮਦਦ ਲਈ ਜਾ ਰਹੀ ਹੈ। ਈ-ਮੇਲ ਦੇ ਸਰੋਤ ਅਤੇ ਉਸ ਦੀ ਸੱਚਾਈ ਦੀ ਜਾਂਚ ਕੀਤੀ ਜਾ ਰਹੀ ਹੈ। ਅਧਿਕਾਰੀਆਂ ਨੇ ਕਿਹਾ ਕਿ ਸੁਰੱਖਿਆ ਦੇ ਸਾਰੇ ਲੋੜੀਂਦੇ ਪ੍ਰਬੰਧ ਕੀਤੇ ਗਏ ਹਨ ਅਤੇ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ। ਦੱਸ ਦਈਏ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ 17 ਜੁਲਾਈ ਨੂੰ ਪੰਜਾਬ ਦਾ ਦੌਰਾ ਕਰਨ ਵਾਲੇ ਹਨ। ਇਸ ਲਈ ਸੁਰੱਖਿਆ ਨੂੰ ਲੈ ਕੇ ਪ੍ਰਸ਼ਾਸ਼ਨ ਵੱਲੋਂ ਕੋਈ ਢਿੱਲ - ਮੱਠ ਨਹੀਂ ਵਰਤੀ ਜਾ ਰਹੀ।

# ਜੀ.ਐਚ.ਜੀ. ਅਕੈਡਮੀ ਵੱਲੋਂ ਸਲਾਨਾ ਅੰਤਰਰਾਸ਼ਟਰੀ ਯੁਵਕ ਮੇਲਾ 18 ਜੁਲਾਈ ਨੂੰ ਹੋਵੇਗਾ

## "ਸਿਖਲਾਈ ਕੈਂਪ ਚੜ੍ਹਦੀਕਲਾ ਨਾਲ ਚੱਲ ਰਿਹਾ"



ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਜੀ.ਐਚ.ਜੀ. ਅਕੈਡਮੀ ਵੱਲੋਂ ਬੱਚਿਆਂ ਦਾ ਸਲਾਨਾ ਸਿਖਲਾਈ ਕੈਂਪ 6 ਜੁਲਾਈ ਤੋਂ 16 ਜੁਲਾਈ ਤੱਕ ਹਾਲੈਂਡ ਪਾਰਕ ਵਿਖੇ ਪੂਰੇ ਜੋਸ਼, ਉਤਸ਼ਾਹ ਅਤੇ ਚੜਦੀਕਲਾ ਨਾਲ ਚਲਾਇਆ ਜਾ ਰਿਹਾ ਹੈ। ਜਿੱਥੇ ਗਿੱਧੇ-ਭੰਗੜੇ ਅਤੇ ਸੱਭਿਆਚਾਰਕ ਸਿਖਲਾਈ ਦੇ ਨਾਲ-ਨਾਲ ਆਪਸੀ ਭਾਈਚਾਰੇ ਵਾਲਾ ਮਾਹੌਲ ਸਿਰਜਿਆ ਜਾ ਰਿਹਾ ਹੈ। ਜਿੱਥੇ ਬੱਚੇ ਗਿੱਧੇ ਅਤੇ ਭੰਗੜੇ ਦੀ ਸਿਖਲਾਈ ਪ੍ਰਾਪਤ ਕਰਨ ਲਈ ਰੋਜ਼ਾਨਾ ਸ਼ਾਮ ਕੋਚਿੰਗ ਕਲਾਸਾਂ ਵਿੱਚ ਸ਼ਾਮਲ ਹੁੰਦੇ ਹਨ, ਉੱਥੇ ਸਥਾਨਕ ਬਜ਼ੁਰਗ ਮਾਪੇ ਵੀ ਰਲ ਬੈਠ ਪੰਜਾਬ ਨੂੰ ਯਾਦ ਕਰਦੇ ਹੋਏ ਬੱਚਿਆਂ ਦਾ ਹੌਂਸਲਾ ਵਧਾਉਣ ਦੇ ਨਾਲ-ਨਾਲ ਮਾਣ ਮਹਿਸੂਸ ਕਰਦੇ ਹਨ।

ਆਪਣੇ ਬੱਚਿਆਂ ਨੂੰ ਇਸ ਕੈਂਪ ਦਾ ਹਿੱਸਾ ਬਣਾਉ ਅਤੇ ਆਪ ਦੇਖਣ ਜਰੂਰ ਜਾਓ। ਜਿੱਥੇ ਤੁਹਾਨੂੰ ਇੱਕ ਨਵੇਂ ਵਸੇ ਪੰਜਾਬ ਦੀ ਤਸਵੀਰ ਨਜ਼ਰ ਆਵੇਗੀ। ਜੀ.ਐਚ. ਜੀ. ਅਕੈਡਮੀਂ ਦੁਆਰਾ ਸਲਾਨਾ ਅੰਤਰਰਾਸ਼ਟਰੀ ਯੁਵਕ ਮੇਲਾ 18 ਜੁਲਾਈ 2026, ਦਿਨ ਸ਼ਨੀਵਾਰ ਨੂੰ ਬਾਅਦ ਦੁਪਹਿਰ 2 ਵਜ਼ੇ ਵੱਡੇ ਪੱਧਰ 'ਤੇ ਸ਼ੁਰੂ ਹੋਵੇਗਾ। ਜਿਸ ਵਿੱਚ ਸਥਾਨਕ ਸਿੱਖਲਾਈ ਪ੍ਰਾਪਤ ਬੱਚਿਆਂ ਤੋਂ ਇਲਾਵਾ ਅਮਰੀਕਾ ਅਤੇ ਕਨੇਡਾ ਦੀਆਂ ਭੰਗੜਾ ਟੀਮਾਂ ਅੰਤਰਰਾਸ਼ਟਰੀ ਪੱਧਰ 'ਤੇ ਸ਼ਾਮਲ ਹੋ ਕੇ ਆਪਣੀ ਕਲਾ ਦੇ ਜੌਹਰ ਦਿਖਾਉਣਗੀਆਂ। ਇਸ ਸੰਸਥਾ ਦੇ ਮੋਢੀ ਮੈਂਬਰਾਂ ਵਿੱਚੋਂ ਪਰਮਜੀਤ ਧਾਲੀਵਾਲ ਅਤੇ ਉਦੈਦੀਪ ਸਿੱਧੂ ਨੇ ਕੈਂਪ ਵਿੱਚ ਚੱਲ ਰਹੇ ਪ੍ਰੋਗਰਾਮਾਂ ਦਾ ਜ਼ਿਕਰ ਕਰਦਿਆਂ ਸਮੂੰਹ ਸੰਸਥਾਵਾਂ ਅਤੇ ਭਾਈਚਾਰੇ ਨੂੰ ਕੈਂਪ ਅਤੇ ਅੰਤਰਰਾਸ਼ਟਰੀ ਯੁਵਕ ਮੇਲੇ ਵਿੱਚ ਸ਼ਾਮਲ ਹੋਣ ਅਤੇ ਬੱਚਿਆਂ ਦੀ ਹੌਸਲਾ ਅਫਜ਼ਾਈ ਕਰਨ ਲਈ ਸੱਦਾ ਹੈ। ਜਦ ਕਿ ਸੰਸਥਾ ਦੇ ਮੁੱਖ ਬੁਲਾਰੇ ਗੁਰਦੀਪ ਸ਼ੇਰਗਿੱਲ ਨੇ ਦੱਸਿਆ ਕਿ ਇਹ ਪ੍ਰੋਗਰਾਮ ਸਿਰਫ ਮੰਨੋਰੰਜਨ ਹੀ ਨਹੀਂ ਕਰੇਗਾ, ਬਲਕਿ ਨਵੀਂ ਪੀੜ੍ਹੀ ਨੂੰ ਆਪਣੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਦਾ ਇੱਕ ਵੱਡਾ ਉਪਰਾਲਾ ਵੀ ਹੈ। ਇਸ ਪ੍ਰੋਗਰਾਮ ਦੌਰਾਨ ਹਮੇਸ਼ਾ ਦੀ ਤਰ੍ਹਾਂ ਪੰਜਾਬੀ ਸਟੇਜਾਂ ਦਾ ਮਾਣ ਬੀਬੀ ਆਸ਼ਾ ਸ਼ਰਮਾ ਉਨ੍ਹਾਂ ਦੇ ਨਾਲ ਸਟੇਜ਼ ਸੰਚਾਲਨ ਕਰਨਗੇ। ਜਦ ਕਿ ਛੋਟੇ ਬੱਚਿਆਂ ਤੋਂ ਇਲਾਵਾ ਅੰਤਰਰਾਸ਼ਟਰੀ ਪੱਧਰ ਦੇ ਗਿੱਧੇ ਅਤੇ ਭੰਗੜੇ ਦੇ ਮਾਹਰ ਕਲਾਕਾਰ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਗੇ।

# 'ਸਤਲੁਜ' 'ਤੇ ਵਧਿਆ ਵਿਵਾਦ : ਰਵਨੀਤ ਬਿੱਟੂ ਨੇ ਨਿਰਮਾਤਾਵਾਂ ਨੂੰ ਦਿੱਤੀ ਚੁਣੌਤੀ



ਚੰਡੀਗੜ੍ਹ: ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਫਿਲਮ 'ਸਤਲੁਜ' ਦੇ ਨਿਰਮਾਤਾ ਅਤੇ ਨਿਰਦੇਸ਼ਕ ਨੂੰ ਚੁਣੌਤੀ ਦਿੱਤੀ ਹੈ। ਉਨ੍ਹਾਂ ਨੇ ਉਨ੍ਹਾਂ ਨੂੰ ਫਿਲਮ ਵਿੱਚ ਦਰਸਾਏ ਗਏ 25,000 ਲਾਪਤਾ ਵਿਅਕਤੀਆਂ ਸੰਬੰਧੀ ਦਸਤਾਵੇਜ਼ੀ ਸਬੂਤ ਅਤੇ ਅਧਿਕਾਰਿਤ ਰਿਕਾਰਡ ਪੰਜਾਬ ਦੇ ਲੋਕਾਂ ਸਾਹਮਣੇ ਪੇਸ਼ ਕਰਨ ਲਈ ਕਿਹਾ ਹੈ। ਉਨ੍ਹਾਂ ਨੇ ਸਾਫ਼ ਕਿਹਾ ਕਿ ਉਨ੍ਹਾਂ ਨੂੰ ਫਿਲਮ ਜਾਂ ਮਨੁੱਖੀ ਅਧਿਕਾਰ ਕਾਰਕੁਨ ਜਸਵੰਤ ਸਿੰਘ ਖਾਲੜਾ ਤੋਂ ਕੋਈ ਦਿੱਕਤ ਨਹੀਂ ਹੈ। ਉਨ੍ਹਾਂ ਦੀ ਇਤਰਾਜ਼ ਸਿਰਫ਼ ਉਨ੍ਹਾਂ ਤੱਥਾਂ 'ਤੇ ਹੈ, ਜਿਨ੍ਹਾਂ ਨੂੰ ਫਿਲਮ ਵਿੱਚ ਦਿਖਾਇਆ ਗਿਆ ਹੈ। ਬਿੱਟੂ ਨੇ ਦਾਅਵਾ ਕੀਤਾ ਕਿ ਫਿਲਮ ਵਿੱਚ ਦੱਸੇ ਗਏ 25 ਹਜ਼ਾਰ ਲੋਕਾਂ ਦੇ ਗਾਇਬ ਹੋਣ ਦਾ ਅੰਕੜਾ ਸਹੀ ਨਹੀਂ ਹੈ। ਉਨ੍ਹਾਂ ਨੇ ਚੁਣੌਤੀ ਦਿੰਦੇ ਹੋਏ ਕਿਹਾ ਕਿ ਜੇਕਰ ਇਹ ਸੰਖਿਆ ਸਹੀ ਸਾਬਤ ਹੋ ਜਾਂਦੀ ਹੈ ਤਾਂ ਉਹ ਜਨਤਕ ਤੌਰ 'ਤੇ ਮੁਆਫ਼ੀ ਮੰਗਣਗੇ।

ਬਿੱਟੂ ਨੇ ਕਿਹਾ ਕਿ ਪੰਜਾਬ ਦੇ ਦਰਦਨਾਕ ਇਤਿਹਾਸ ਨੂੰ ਕਿਸੇ ਖਾਸ ਵਿਚਾਰਧਾਰਾ ਦੇ ਅਨੁਕੂਲ ਚੁਣ ਕੇ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਜੇਕਰ ਇਹ ਅੰਕੜਾ ਸਿਰਫ਼ ਅਟਕਲਾਂ ਜਾਂ ਦੋਸ਼ਾਂ 'ਤੇ ਅਧਾਰਤ ਹੈ, ਤਾਂ ਇਸਨੂੰ ਇਸ ਤਰੀਕੇ ਨਾਲ ਪੇਸ਼ ਕਰਨਾ ਗਲਤ ਹੈ। ਇੱਕ ਪ੍ਰੈਸ ਕਾਨਫਰੰਸ ਦੌਰਾਨ ਬਿੱਟੂ ਆਪਣੇ ਨਾਲ ਕੁਝ ਤਸਵੀਰਾਂ ਵੀ ਲੈ ਕੇ ਪਹੁੰਚੇ। ਉਨ੍ਹਾਂ ਨੇ ਮੀਡੀਆ ਦੇ ਸਾਹਮਣੇ ਉਹ ਤਸਵੀਰਾਂ ਦਿਖਾਈਆਂ, ਜਿਨ੍ਹਾਂ ਵਿੱਚ ਇੱਕ ਪਾਸੇ ਸਮਾਜ ਲਈ ਪ੍ਰੇਰਨਾ ਬਣੇ ਸਿੱਖ ਸ਼ਖਸੀਅਤਾਂ ਸਨ, ਜਦੋਂ ਕਿ ਦੂਜੇ ਪਾਸੇ ਪੰਜਾਬ ਵਿੱਚ ਅੱਤਵਾਦ ਫੈਲਾਉਣ ਵਾਲੇ ਲੋਕਾਂ ਦੀਆਂ ਤਸਵੀਰਾਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਦੋਵਾਂ ਵਿਚਕਾਰ ਫਰਕ ਸਮਝਣਾ ਜ਼ਰੂਰੀ ਹੈ ਅਤੇ ਇਤਿਹਾਸ ਨੂੰ ਤੱਥਾਂ ਦੇ ਆਧਾਰ 'ਤੇ ਹੀ ਦੇਖਿਆ ਜਾਣਾ ਚਾਹੀਦਾ ਹੈ। ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਨ੍ਹਾਂ ਦਾ ਵਿਰੋਧ ਫਿਲਮ ਦੇ ਵਿਸ਼ੇ ਤੋਂ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਨੂੰ ਫਿਲਮ ਤੋਂ ਕੋਈ ਦਿੱਕਤ ਨਹੀਂ ਹੈ। ਮੈਨੂੰ ਖਾਲੜਾ ਸਾਹਿਬ ਤੋਂ ਵੀ ਕੋਈ ਦਿੱਕਤ ਨਹੀਂ ਹੈ। ਦਿੱਕਤ ਸਿਰਫ ਇਸ ਗੱਲ ਤੋਂ ਹੈ ਕਿ ਇਸ ਵਿੱਚ ਕੁਝ ਗਲਤ ਤੱਥ ਦਿਖਾਏ ਗਏ ਹਨ।

ਇੱਕ ਪ੍ਰੈਸ ਕਾਨਫਰੰਸ ਦੌਰਾਨ ਬਿੱਟੂ ਆਪਣੇ ਨਾਲ ਕੁਝ ਤਸਵੀਰਾਂ ਵੀ ਲੈ ਕੇ ਪਹੁੰਚੇ। ਉਨ੍ਹਾਂ ਨੇ ਮੀਡੀਆ ਦੇ ਸਾਹਮਣੇ ਉਹ ਤਸਵੀਰਾਂ ਦਿਖਾਈਆਂ, ਜਿਨ੍ਹਾਂ ਵਿੱਚ ਇੱਕ ਪਾਸੇ ਸਮਾਜ ਲਈ ਪ੍ਰੇਰਨਾ ਬਣੇ ਸਿੱਖ ਸ਼ਖਸੀਅਤਾਂ ਸਨ, ਜਦੋਂ ਕਿ ਦੂਜੇ ਪਾਸੇ ਪੰਜਾਬ ਵਿੱਚ ਅੱਤਵਾਦ ਫੈਲਾਉਣ ਵਾਲੇ ਲੋਕਾਂ ਦੀਆਂ ਤਸਵੀਰਾਂ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਦੋਵਾਂ ਵਿਚਕਾਰ ਫਰਕ ਸਮਝਣਾ ਜ਼ਰੂਰੀ ਹੈ ਅਤੇ ਇਤਿਹਾਸ ਨੂੰ ਤੱਥਾਂ ਦੇ ਆਧਾਰ 'ਤੇ ਹੀ ਦੇਖਿਆ ਜਾਣਾ ਚਾਹੀਦਾ ਹੈ। ਰਵਨੀਤ ਸਿੰਘ ਬਿੱਟੂ ਨੇ ਕਿਹਾ ਕਿ ਉਨ੍ਹਾਂ ਦਾ ਵਿਰੋਧ ਫਿਲਮ ਦੇ ਵਿਸ਼ੇ ਤੋਂ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਨੂੰ ਫਿਲਮ ਤੋਂ ਕੋਈ ਦਿੱਕਤ ਨਹੀਂ ਹੈ। ਮੈਨੂੰ ਖਾਲੜਾ ਸਾਹਿਬ ਤੋਂ ਵੀ ਕੋਈ ਦਿੱਕਤ ਨਹੀਂ ਹੈ। ਦਿੱਕਤ ਸਿਰਫ ਇਸ ਗੱਲ ਤੋਂ ਹੈ ਕਿ ਇਸ ਵਿੱਚ ਕੁਝ ਗਲਤ ਤੱਥ ਦਿਖਾਏ ਗਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਫਿਲਮ ਵਿੱਚ ਅੱਤਵਾਦ ਦੇ ਦੌਰ ਦੇ ਇਤਿਹਾਸ ਨੂੰ ਇੱਕ ਪਾਸੜ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਉਨ੍ਹਾਂ ਸਵਾਲ ਕੀਤਾ ਕਿ ਮਾਰੇ ਗਏ ਮਾਸੂਮ ਹਿੰਦੂਆਂ, ਬੱਸ ਯਾਤਰੀਆਂ, ਦੁਕਾਨਦਾਰਾਂ, ਸਰਕਾਰੀ ਕਰਮਚਾਰੀਆਂ, ਮਜ਼ਦੂਰਾਂ ਅਤੇ ਆਮ ਨਾਗਰਿਕਾਂ ਦੇ ਕਤਲੇਆਮ ਨੂੰ ਕਿਉਂ ਨਹੀਂ ਦਰਸਾਇਆ ਗਿਆ।

ਅਜਵਾ ਖਜ਼ੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
100% NATURAL PRODUCT
PRODUCT OF CANADA
NUTRA SELECT
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr, Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜਰੂਰ ਅਜਮਾਓ।
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
✓ PURCHASES
✓ REFINANCES
✓ RENEWALS
✓ DEBT CONSOLIDATION
✓ SELF-EMPLOYED
✓ NEW TO CANADA
✓ HOME RENOVATIONS
✓ PRIVATE MORTGAGE
✓ INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ
PUNJABSTAR.COM

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjar
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

## ਬੁੱਧ ਚਿੰਤਨ

# ਕੀ ਪੰਜਾਬ ਵਿੱਚ 'ਡੀਪ ਸਟੇਟ' ਸਰਗਰਮ ਹੈ?



ਬੁੱਧ ਸਿੰਘ ਨੀਲੋਂ
94643 70823



ਪੰਜਾਬ ਦੀ ਮੌਜੂਦਾ ਸਥਿਤੀ ਨੂੰ ਦੇਖਦਿਆਂ ਇਹ ਕਿਹਾ ਜਾਂਦਾ ਜਾ ਸਕਦਾ ਹੈ ਕਿ ਜਿਹੜਾ ਕੰਮ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀਆਂ ਵਿਰੋਧੀ ਤਾਕਤਾਂ ਨੇ ਕਰਨਾ ਸੀ, ਉਹ ਖ਼ੁਦ ਪੰਜਾਬ ਦੇ ਲੋਕ ਜਾਣੇ ਅਤੇ ਅਣਜਾਣੇ ਤਰੀਕੇ ਕਰ ਰਹੇ ਹਨ। ਕਿਉਂਕਿ ਪਿਛਲੇ ਸਮਿਆਂ ਵਿੱਚ ਪੰਜਾਬ ਤੇ ਕੇਂਦਰ ਸਰਕਾਰ ਬੁਨਿਆਦੀ ਮਸਲਿਆਂ ਨੂੰ ਲੈ ਕੇ ਬੁਰੀ ਤਰ੍ਹਾਂ ਸਵਾਲਾਂ ਦੇ ਘੇਰੇ ਵਿੱਚ ਸੀ। ਪੰਜਾਬ ਦੇ ਲੋਕਾਂ ਨੂੰ ਭਰਮਾਉਣ ਲਈ ਪੰਜਾਬ ਸਰਕਾਰ ਨੇ ਹਜ਼ਾਰ ਤੇ ਪੰਦਰਾਂ ਰੁਪਏ ਬੀਬੀਆਂ ਦੇ ਖਾਤੇ ਵਿੱਚ ਪਾਉਣ ਦਾ ਆਖ਼ਰੀ ਤੀਰ ਵੀ ਚਲਾ ਦਿੱਤਾ ਸੀ। ਪਰ ਪੰਜਾਬ ਸਰਕਾਰ ਇਸ ਦੀ ਵੰਡ ਨੂੰ ਲੈ ਕੇ ਸਵਾਲਾਂ ਦਾ ਸਾਹਮਣਾ ਕਰ ਰਹੀ ਸੀ। ਅਚਾਨਕ ਹੀ ਸਤਲੁਜ ਫ਼ਿਲਮ ਆਉਂਣ ਨਾਲ ਸਾਰਾ ਵਾਤਾਵਰਣ ਹੀ ਬਦਲ ਗਿਆ। ਇਸ ਫ਼ਿਲਮ ਨੂੰ ਲੈ ਕੇ ਹੱਕ ਤੇ ਵਿਰੋਧ ਵਿੱਚ ਬਿਆਨਬਾਜ਼ੀ ਸ਼ੁਰੂ ਹੋ ਗਈ। ਪੰਜਾਬ ਦੀਆਂ ਬੁਨਿਆਦੀ ਸਮੱਸਿਆਵਾਂ ਲਾਂਭੇ ਕਰ ਦਿਤੀਆਂ ਗਈਆਂ। ਡੀਪ ਸਟੇਟ ਸਰਗਰਮ ਹੋ ਗਈ। ਲੈਂਡ ਪੂਲਿੰਗ ਵਾਲਾ ਮਸਲਾ, ਐਸ ਆਈ ਆਰ, ਪ੍ਰਵਾਸੀ ਦੇ ਪੰਜਾਬੀਆਂ ਉਪਰ ਹਮਲੇ, ਅਯੁੱਧਿਆ ਤੇ ਦਿੱਲੀ ਦੇ ਮੰਦਰਾਂ ਦੀ ਗੋਲਕ ਚੋਰੀ ਆਦਿ ਮਸਲਿਆਂ ਨੂੰ ਖੁੱਡੇ ਲਾਉਣ ਲਈ ਕੀ ਇਹ ਸੋਚੀ ਸਮਝੀ ਚਾਲ ਹੈ?

ਪੰਜਾਬ ਦੇ ਲੋਕ ਤਾਂ ਪਹਿਲਾਂ ਹੀ ਲਾਈਲੱਗ ਹਨ। ਇਹਨਾਂ ਜਿਧਰ ਨੂੰ ਮਰਜ਼ੀ ਤੋਰ ਲਵੋ ਪਰ ਇਹ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਨਹੀਂ ਕਰਨਗੇ। ਇਹ ਕੰਮ ਉਹਨਾਂ ਜੱਥੇਬੰਦੀਆਂ ਦਾ ਹੈ, ਜੀਹਨਾਂ ਨੂੰ ਇਹ ਵਿਹਲੀਆਂ ਆਖਦੇ ਹਨ। ਕੱਲ੍ਹ ਚੰਡੀਗੜ੍ਹ ਵਿੱਚ ਪੰਜਾਬ ਦੇ ਕਿਸਾਨਾਂ ਨੇ ਚੰਡੀਗੜ੍ਹ ਪ੍ਰਸ਼ਾਸਨ ਤੇ ਕੇਂਦਰ ਸਰਕਾਰ ਦੇ ਧੌਣ ਵਿੱਚੋਂ ਸਰੀਆ ਕੱਢ ਦਿੱਤਾ। ਉਧਰ ਦੂਜੇ ਪਾਸੇ ਪੰਜਾਬ ਵਿੱਚ ਨਵੀਂ ਸਿਆਸੀ ਖਹਿਬਾਜ਼ੀ ਚੱਲ ਪਈ ਹੈ। ਇਸ ਸਭ ਕੁੱਝ ਨੂੰ ਸਮਝਣ ਲਈ ਸੂਝਵਾਨ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ?

'ਡੀਪ ਸਟੇਟ' ਅੱਜ ਦੀ ਰਾਜਨੀਤਿਕ ਚਰਚਾ ਦਾ ਇੱਕ ਬਹੁਤ ਵਿਵਾਦਤ ਸ਼ਬਦ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਚੁਣੀਆਂ ਹੋਈਆਂ ਸਰਕਾਰਾਂ ਤੋਂ ਇਲਾਵਾ ਵੀ ਅਜਿਹੀਆਂ ਸਥਾਈ ਸੰਸਥਾਵਾਂ ਜਾਂ ਪ੍ਰਭਾਵਸ਼ਾਲੀ ਹਿੱਤ-ਸਮੂਹ ਹੁੰਦੇ ਹਨ ਜੋ ਨੀਤੀਆਂ, ਸੁਰੱਖਿਆ ਅਤੇ ਰਾਜਨੀਤਿਕ ਘਟਨਾਵਾਂ ਨੂੰ ਪ੍ਰਭਾਵਿਤ ਕਰਦੇ ਹਨ। ਦੂਜੇ ਪਾਸੇ, ਕਈ ਰਾਜਨੀਤਿਕ ਵਿਗਿਆਨੀ ਇਸ ਨੂੰ ਇੱਕ ਵਿਸ਼ਲੇਸ਼ਣਾਤਮਕ ਧਾਰਨਾ ਮੰਨਦੇ ਹਨ ਅਤੇ ਕਹਿੰਦੇ ਹਨ ਕਿ ਹਰ ਘਟਨਾ ਨੂੰ "ਡੀਪ ਸਟੇਟ" ਨਾਲ ਜੋੜ ਦੇਣਾ ਨਾ ਤਾਂ ਸਹੀ ਹੈ ਅਤੇ ਨਾ ਹੀ ਲੋਕਤੰਤਰੀ ਚਰਚਾ ਲਈ ਲਾਭਕਾਰੀ।

ਪੰਜਾਬ ਦੇ ਸੰਦਰਭ ਵਿੱਚ ਇਹ ਚਰਚਾ ਨਵੀਂ ਨਹੀਂ ਹੈ। ਪਿਛਲੇ ਕਈ ਦਹਾਕਿਆਂ ਤੋਂ ਜਦੋਂ ਵੀ ਕੋਈ ਵੱਡੀ ਸੁਰੱਖਿਆ ਘਟਨਾ, ਧਾਰਮਿਕ ਵਿਵਾਦ, ਰਾਜਨੀਤਿਕ ਟਕਰਾਅ ਜਾਂ ਸਮਾਜਿਕ ਤਣਾਅ ਪੈਦਾ ਹੁੰਦਾ ਹੈ, ਤਾਂ ਇੱਕ ਧਿਰ ਇਸ ਦੇ ਪਿੱਛੇ "ਡੀਪ ਸਟੇਟ" ਦੀ ਭੂਮਿਕਾ ਦਾ ਦਾਅਵਾ ਕਰਦੀ ਹੈ। ਦੂਜੀ ਧਿਰ ਇਸ ਨੂੰ ਪ੍ਰਸ਼ਾਸਨਿਕ ਨਾਕਾਮੀ, ਰਾਜਨੀਤਿਕ ਮੁਕਾਬਲੇ ਜਾਂ ਆਮ ਕਾਨੂੰਨ-ਵਿਵਸਥਾ ਦੀ ਸਮੱਸਿਆ ਵਜੋਂ ਵੇਖਦੀ ਹੈ। ਇਹੀ ਕਾਰਨ ਹੈ ਕਿ ਇਹ ਮੁੱਦਾ ਅਕਸਰ ਬਹਿਸ ਦਾ ਵਿਸ਼ਾ ਬਣ ਜਾਂਦਾ ਹੈ।

ਅਸਲ ਸਵਾਲ ਇਹ ਨਹੀਂ ਕਿ "ਡੀਪ ਸਟੇਟ ਹੈ ਜਾਂ ਨਹੀਂ।" ਅਸਲ ਸਵਾਲ ਇਹ ਹਨ: ਕੀ ਰਾਜ ਦੀਆਂ ਸੰਸਥਾਵਾਂ ਪਾਰਦਰਸ਼ੀ ਅਤੇ ਜਵਾਬਦੇਹ ਢੰਗ ਨਾਲ ਕੰਮ ਕਰ ਰਹੀਆਂ ਹਨ? ਕੀ ਜਾਂਚ ਏਜੰਸੀਆਂ ਅਤੇ ਸੁਰੱਖਿਆ ਸੰਸਥਾਵਾਂ ਕਾਨੂੰਨ ਅਨੁਸਾਰ ਬਿਨਾਂ ਕਿਸੇ ਰਾਜਨੀਤਿਕ ਦਬਾਅ ਦੇ ਕੰਮ ਕਰਦੀਆਂ ਹਨ? ਕੀ ਵੱਖ-ਵੱਖ ਰਾਜਨੀਤਿਕ ਦਲਾਂ ਅਤੇ ਸਮਾਜਿਕ ਗਰੁੱਪਾਂ ਨਾਲ ਇੱਕੋ ਜਿਹਾ ਵਿਹਾਰ ਕੀਤਾ ਜਾਂਦਾ ਹੈ? ਕੀ ਮੀਡੀਆ ਨੂੰ ਸੁਤੰਤਰ ਤੌਰ 'ਤੇ ਸਵਾਲ ਪੁੱਛਣ ਅਤੇ ਸੱਚ ਸਾਹਮਣੇ ਲਿਆਉਣ ਦੀ ਆਜ਼ਾਦੀ ਹੈ? ਕੀ ਅਦਾਲਤਾਂ ਅਤੇ ਸੰਵਿਧਾਨਕ ਸੰਸਥਾਵਾਂ ਨਾਗਰਿਕਾਂ ਦੇ ਅਧਿਕਾਰਾਂ ਦੀ ਪ੍ਰਭਾਵਸ਼ਾਲੀ ਰੱਖਿਆ ਕਰ ਰਹੀਆਂ ਹਨ? ਕੀ ਲੋਕਾਂ ਦੇ ਮਨ ਵਿੱਚ ਪੈਦਾ ਹੋ ਰਹੇ ਸ਼ੱਕਾਂ ਦਾ ਜਵਾਬ ਤੱਥਾਂ ਅਤੇ ਪਾਰਦਰਸ਼ਤਾ ਨਾਲ ਦਿੱਤਾ ਜਾਂਦਾ ਹੈ? ਕੀ ਅਜਿਹਾ ਕੁਝ ਹੋ ਰਿਹਾ ਹੈ ਜਾਂ ਫਿਰ ਇਹ ਸਵਾਲ ਹੀ ਹਨ। ਜ਼ੁੰਮੇਵਾਰ ਸੰਸਥਾਵਾਂ ਦੀ ਕੀ ਜ਼ੁੰਮੇਵਾਰੀ ਹੈ? ਸੱਚ ਇਹ ਹੈ ਕਿ

ਜਿੱਥੇ ਸੰਸਥਾਵਾਂ ਦੀ ਕਾਰਵਾਈ ਪਾਰਦਰਸ਼ੀ ਹੁੰਦੀ ਹੈ, ਉੱਥੇ ਸਾਜ਼ਿਸ਼ਾਂ ਅਤੇ ਅਫ਼ਵਾਹਾਂ ਲਈ ਥਾਂ ਘੱਟ ਰਹਿ ਜਾਂਦੀ ਹੈ। ਪਰ ਜਿੱਥੇ ਜਾਣਕਾਰੀ ਦੀ ਘਾਟ, ਚੋਣਵੀਂ ਕਾਰਵਾਈ ਜਾਂ ਜਵਾਬਦੇਹੀ ਦੀ ਕਮੀ ਮਹਿਸੂਸ ਹੁੰਦੀ ਹੈ, ਉੱਥੇ ਲੋਕ ਅਨੇਕਾਂ ਤਰ੍ਹਾਂ ਦੀਆਂ ਵਿਆਖਿਆਵਾਂ ਲੱਭਣ ਲੱਗਦੇ ਹਨ। ਇਸੇ ਮਾਹੌਲ ਵਿੱਚ "ਡੀਪ ਸਟੇਟ" ਵਰਗੇ ਸ਼ਬਦ ਲੋਕ ਚਰਚਾ ਦਾ ਹਿੱਸਾ ਬਣ ਜਾਂਦੇ ਹਨ।

ਇਸ ਲਈ ਕਿਸੇ ਵੀ ਗੰਭੀਰ ਦਾਅਵੇ ਨੂੰ ਸੱਚ ਮੰਨਣ ਜਾਂ ਰੱਦ ਕਰਨ ਤੋਂ ਪਹਿਲਾਂ ਇਹ ਦੇਖਣਾ ਜ਼ਰੂਰੀ ਹੈ ਕਿ ਉਸ ਦੇ ਹੱਕ ਵਿੱਚ ਕਿਹੜੇ ਤੱਥ, ਅਧਿਕਾਰਕ ਦਸਤਾਵੇਜ਼, ਅਦਾਲਤੀ ਫ਼ੈਸਲੇ, ਸੁਤੰਤਰ ਜਾਂਚਾਂ ਜਾਂ ਭਰੋਸੇਯੋਗ ਖੋਜਾਂ ਮੌਜੂਦ ਹਨ। ਲੋਕਤੰਤਰ ਵਿੱਚ ਸਵਾਲ ਪੁੱਛਣਾ ਜਾਇਜ਼ ਹੈ, ਪਰ ਜਵਾਬ ਵੀ ਤੱਥਾਂ ਦੇ ਆਧਾਰ 'ਤੇ ਹੀ ਲੱਭਣੇ ਚਾਹੀਦੇ ਹਨ।

ਲੋਕਤੰਤਰ ਦੀ ਅਸਲ ਤਾਕਤ ਸਿਰਫ਼ ਵੋਟਾਂ ਵਿੱਚ ਨਹੀਂ, ਸਗੋਂ ਪਾਰਦਰਸ਼ਤਾ, ਜਵਾਬਦੇਹੀ ਅਤੇ ਲੋਕਾਂ ਦੇ ਭਰੋਸੇ ਵਿੱਚ ਹੁੰਦੀ ਹੈ। ਜੇ ਸੰਸਥਾਵਾਂ ਨਿਰਪੱਖ ਅਤੇ ਖੁੱਲ੍ਹੇ ਢੰਗ ਨਾਲ ਕੰਮ ਕਰਨ, ਤਾਂ "ਡੀਪ ਸਟੇਟ" ਵਰਗੀਆਂ ਚਰਚਾਵਾਂ ਆਪਣੇ ਆਪ ਕਮਜ਼ੋਰ ਪੈ ਜਾਂਦੀਆਂ ਹਨ। ਪਰ ਜੇ ਲੋਕਾਂ ਦੇ ਮਨ ਵਿੱਚ ਉੱਠ ਰਹੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ ਜਾਂਦਾ, ਤਾਂ ਸ਼ੱਕ ਅਤੇ ਅਵਿਸ਼ਵਾਸ ਵਧਦੇ ਹਨ। ਇਸ ਲਈ ਬਹਿਸ ਦਾ ਕੇਂਦਰ ਕਿਸੇ ਸ਼ਬਦ ਨੂੰ ਸਾਬਤ ਕਰਨਾ ਨਹੀਂ, ਸਗੋਂ ਇਹ ਯਕੀਨੀ ਬਣਾਉਣਾ ਹੋਣਾ ਚਾਹੀਦਾ ਹੈ ਕਿ ਲੋਕਤੰਤਰ ਦੀ ਹਰ ਸੰਸਥਾ ਕਾਨੂੰਨ, ਸੰਵਿਧਾਨ ਅਤੇ ਜਨਤਾ ਪ੍ਰਤੀ ਜਵਾਬਦੇਹ ਰਹੇ। ਇਹੀ ਇੱਕ ਸਿਹਤਮੰਦ ਲੋਕਤੰਤਰ ਦੀ ਪਛਾਣ ਹੈ। ਇਸ ਸਮੇਂ ਪੰਜਾਬ ਚੁਰਾਹੇ ਵਿੱਚ ਖੜ੍ਹਾ ਕਰ ਦਿੱਤਾ ਗਿਆ ਹੈ। ਉਹ ਆਪਣੇ ਅਤੀਤ ਨੂੰ ਯਾਦ ਕਰਦਾ ਹੋਇਆ ਵਰਤਮਾਨ ਵਿੱਚ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਉਸਦਾ ਭਵਿੱਖ ਖ਼ਤਰੇ ਵਿਚ ਹੈ। ਇਸ ਖ਼ਤਰੇ ਬਚਣ ਲਈ ਜ਼ੁੰਮੇਵਾਰ ਸੰਸਥਾਵਾਂ ਖਾਮੋਸ਼ ਹਨ! ਉਪਰੋਕਤ ਸਵਾਲਾਂ ਦਾ ਜਵਾਬ ਕੌਣ ਦੇਵੇਗਾ?

# ਦੋਹਾਂ ਨੂੰ ਮੁਹੱਬਤ ਨਾਮ ਦੇ ਸ਼ਬਦ ਤੋਂ ਸਖ਼ਤ ਚਿੜ ਸੀ...



ਦੋਹਾਂ ਦੀ ਜਦੋਂ ਆਪਸੀ ਰਿਸ਼ਤੇ ਦੀ ਗੱਲ ਚੱਲੀ ਤਾਂ ਇੰਝ ਵਿਵਹਾਰ ਕੀਤਾ ਜਿਦਾਂ ਦੋਹਾਂ ਨੂੰ ਇਹ ਬੰਧਨ ਕਿਸੇ ਕੀਮਤ ਤੇ ਵੀ ਮਨਜ਼ੂਰ ਨਹੀਂ ਸੀ..ਦੋਵੇਂ ਵੱਖੋ ਵੱਖ ਹਾਲਾਤਾਂ ਦੇ ਬੁਰੀ ਤਰਾਂ ਡੰਗੇ ਹੋਏ ਸਨ..!

ਕੁੜੀ ਦੀ ਵੱਡੀ ਭੈਣ ਤਲਾਕ ਤੋਂ ਬਾਅਦ ਪੇਕੇ ਘਰ ਹੀ ਰਿਹਾ ਕਰਦੀ..!

ਅਗਲੇ ਘਰ ਕਿੰਨੀਆਂ ਸਾਰੀਆਂ ਰੋਕਾਂ ਟੋਕਾਂ,ਪਾਬੰਦੀਆਂ ਅਤੇ ਗੁੰਝਲਦਾਰ ਪਰਿਵਾਰਿਕ ਝਮੇਲਿਆਂ ਤੋਂ ਬਾਅਦ ਸ਼ਾਇਦ ਉਸਨੇ ਆਪਣੇ ਵਿਵਾਹਿਕ ਜੀਵਨ ਨੂੰ ਸਦਾ ਲਈ ਅਲਵਿਦਾ ਆਖ ਦਿੱਤਾ ਸੀ..!

ਇਸੇ ਗੱਲ ਦਾ ਅਸਰ ਹੀ ਉਸ ਤੋਂ ਨਿੱਕੀ ਤੇ ਵੀ ਹੋ ਗਿਆ ਤੇ ਉਸਨੇ ਵੀ ਸਾਰੀ ਜਿੰਦਗੀ ਮੁਹੱਬਤ ਅਤੇ ਵਿਆਹ ਵਾਲੀ ਦੁਨੀਆ ਤੋਂ ਦੂਰ ਰਹਿਣ ਦਾ ਫੈਸਲਾ ਕਰ ਲਿਆ ਸੀ!

ਦੂਜੇ ਪਾਸੇ ਉਸ ਮੁੰਡੇ ਦਾ ਵੀ ਆਪਣਾ ਇੱਕ ਅਤੀਤ ਸੀ..

ਉਸਦੇ ਆਪਣੇ ਨਾਲ ਪੜਾਉਂਦੀ ਇੱਕ ਕੁੜੀ ਜਿਸਨੂੰ ਉਸਨੇ ਆਪਣਾ ਸਾਰਾ ਕੁਝ ਮੰਨ ਕਿੰਨੇ ਸਾਰੇ ਕੌਲ ਕਰਾਰ ਕੀਤੇ ਸਨ..ਇੱਕ ਦਿਨ ਚੁੱਪ ਚੁਪੀਤੇ ਮਾਲਦਾਰ ਮੁੰਡੇ ਨਾਲ ਫੇਰੇ ਲੈ ਕੇ ਅਮਰੀਕਾ ਜਾ ਵੱਸੀ..!

ਅਖੀਰ ਪਰਿਵਾਰਾਂ ਦੇ ਦਬਾਓ ਮਗਰੋਂ ਦੋਹਾਂ ਨੇ ਅਣਮੰਨੇ ਮਨ ਨਾਲ ਵਿਆਹ ਵਾਲੇ ਵਰਕੇ ਤੇ ਸਹੀ ਪਾ ਦਿੱਤੀ..!

ਦੋਹਾਂ ਨੇ ਆਪੋ ਆਪਣੀਆਂ ਤਲਖ਼ ਹਕੀਕਤਾਂ ਇੱਕ ਦੂਜੇ ਨਾਲ ਪਹਿਲੇ ਦਿਨ ਹੀ ਸਾਂਝੀਆਂ ਕਰ ਦਿੱਤੀਆਂ..ਕੁਝ ਆਪਸੀ ਸਮਝੌਤੇ ਕੀਤੇ..ਇੱਕ ਦੂਜੇ ਨੂੰ ਆਪਣੇ ਹਿਸਾਬ ਨਾਲ ਜਿੰਦਗੀ ਜੀਣ ਦੀ ਖੁੱਲ ਵੀ ਦੇ ਦਿੱਤੀ..!

ਕੁੜੀ ਨੇ ਸਾਫ ਸਾਫ ਆਖ ਦਿੱਤਾ ਕੇ ਉਸਦੀ ਆਪਣੀ ਜਿੰਦਗੀ ਏ..ਆਪਣਾ ਮਨਪਸੰਦ ਪਹਿਰਾਵਾ ਏ..ਪੰਜਾਬੀ ਸੂਟ ਵਾਸਤੇ ਮਜਬੂਰ ਨਾ ਕੀਤਾ ਜਾਵੇ..ਉਹ ਆਪਣੀਆਂ ਸਹੇਲੀਆਂ ਕੋਲ ਜਦੋਂ ਮਰਜੀ ਬਿਨਾ ਕਿਸੇ ਰੋਕ ਟੋਕ ਤੋਂ ਆ ਜਾ ਸਕਦੀ ਹੈ..ਉਸਤੇ ਆਪਣੇ ਨਾਮ ਦੇ ਨਾਲ ਕਿਸੇ ਹੋਰ ਦਾ ਨਾਮ ਜੋੜਨ ਲਈ ਦਬਾਓ ਨਾ ਪਾਇਆ ਜਾਵੇ..ਬੱਚੇ ਨੂੰ ਜਨਮ ਦੇਣਾ ਨਾ ਦੇਣਾ..ਇਸ ਮੁੱਦੇ ਤੇ ਕਦੀ ਵੀ ਕੋਈ ਬਹਿਸ ਨਹੀਂ ਕੀਤੀ ਜਾਵੇਗੀ..!

ਦੂਜੇ ਪਾਸੇ ਮੁੰਡਾ ਵੀ ਕਈ ਵਾਰ ਅੱਧੀ ਅੱਧੀ ਰਾਤ ਨੂੰ ਕੰਮ ਤੋਂ ਮੁੜਦਾ..ਸਰਕਾਰੀ ਟੂਰ ਤੇ ਕਿੰਨੇ ਕਿੰਨੇ ਦਿਨ ਬਾਹਰ ਵੀ ਰਹਿੰਦਾ..ਫੋਨ ਤੇ ਦੋਸਤਾਂ ਨਾਲ ਕਿੰਨੀ ਦੇਰ ਗੱਲ ਕਰਦਾ ਰਹਿੰਦਾ..ਉਹ ਬਿਲਕੁਲ ਵੀ ਇਤਰਾਜ ਨਾ ਕਰਦੀ..!

ਦੋਵੇਂ ਇਸ ਰਹਿਣੀ ਬਹਿਣੀ ਨਾਲ ਪੂਰੀ ਤਰਾਂ ਖੁਸ਼ ਸਨ..!

ਛੇ ਮਹੀਨੇ ਮਗਰੋਂ ਦੋਹਾਂ ਨੇ ਇੱਕ ਦੂਜੇ ਨਾਲ ਅੰਦਰ ਦੀਆਂ ਕੁਝ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ..!

ਕਦੀ ਕਦੀ ਕੁਝ ਡੂੰਘੇ ਮਸਲਿਆਂ ਤੇ ਸਕਾਰਾਤਮਿਕ ਜਿਹੀ ਬਹਿਸ ਵੀ ਹੋ ਜਾਂਦੀ..!

ਉਹ ਇੱਕ ਦੂਜੇ ਤੇ ਕੁਝ ਬਰਦਾਸ਼ਤ ਯੋਗ ਟਿੱਪਣੀਆਂ ਵੀ ਕਰ ਲਿਆ ਕਰਦੇ..ਪਰ ਪਹਿਲੇ ਦਿਨ ਤੋਂ ਵਾਹ ਦਿੱਤੀ ਲਛਮਣ ਰੇਖਾ ਕਦੀ ਵੀ ਪਾਰ ਨਾ ਕਰਦੇ..!

ਅਖੀਰ ਵਿਆਹ ਦੀ ਪਹਿਲੀ ਵਰੇ ਗੰਢ ਨੂੰ ਦੋਹਾਂ ਦੇ ਪਰਿਵਾਰ ਇੱਕਠੇ ਹੋਏ..!

ਕੁੜੀ ਦੇ ਜ਼ਿਹਨ ਤੇ ਅੱਜ ਇੱਕ ਵੱਖਰੀ ਜਿਹੀ ਮਾਨਸਿਕਤਾ ਭਾਰੂ ਸੀ..ਉਸਨੇ ਅੱਜ ਪਹਿਲੀ ਵਾਰ ਪੰਜਾਬੀ ਸੂਟ ਪਾਇਆ..ਪਹਿਲੀ ਵਾਰ ਹੀ ਨਾਲਦੇ ਨੂੰ ਫੋਨ ਕਰਕੇ ਪੁੱਛਿਆ ਕੇ ਘਰੇ ਕਦੋਂ ਆਉਣਾ?

ਅਚਨਚੇਤ ਫੇਸਬੁਕ ਅਕਾਊਂਟ ਵਿਚ ਵੀ ਆਪਣੇ ਨਾਮ ਨੂੰ ਐਡਿਟ ਕਰਕੇ ਇੱਕ ਨਾਮ ਹੋਰ ਜੋੜ ਦਿੱਤਾ..!

ਮੁੰਡੇ ਨੇ ਵੀ ਘਰੇ ਆਉਂਦੇ ਹੋਏ ਨਾਲਦੀ ਦੇ ਮਨਪਸੰਦ ਵਾਲਾ ਪੀਜਾ ਆਡਰ ਕਰ ਦਿੱਤਾ..ਪਹਿਲੀ ਵਾਰ ਅੱਜ ਆਪਣੀਆਂ ਫਾਈਲਾਂ ਦਾ ਵੱਡਾ ਸਾਰਾ ਢੇਰ ਦਫਤਰ ਹੀ ਛੱਡ ਕੇ ਆਇਆ..!

ਫੇਰ ਦੇਰ ਰਾਤ ਤੱਕ ਰੌਣਕ ਮੇਲੇ ਵਾਲਾ ਸਿਲਸਿਲਾ ਚੱਲਦਾ ਰਿਹਾ..!

ਤੁਰੇ ਫਿਰਦਿਆਂ ਦੀਆਂ ਨਜਰਾਂ ਮਿਲਦੀਆਂ ਅਤੇ ਫੇਰ ਝੁਕ ਜਾਂਦੀਆਂ..ਦੋਹਾਂ ਨੇ ਥੋੜਾ ਬਹੁਤ ਹਾਸਾ ਮਜਾਕ ਵੀ ਕਰ ਲਿਆ..ਇੰਝ ਲੱਗ ਰਿਹਾ ਸੀ ਜਿੱਦਾਂ ਪਿਛਲੇ ਦਿੰਨੀ ਆਪਸ ਵਿਚ ਹੋ ਗਈ ਥੋੜੀ ਬਹੁਤ ਦੋਸਤੀ ਅੱਜ ਮੁਹੱਬਤ ਵਿਚ ਤਬਦੀਲ ਹੋ ਚੁਕੀ ਸੀ..ਓਸੇ ਮੁਹੱਬਤ ਜਿਸ ਦਾ ਤਕਰੀਬਨ ਇੱਕ ਸਾਲ ਪਹਿਲਾਂ ਸਰਸਰੀ ਜਿਹਾ ਜਿਕਰ ਆਉਂਦਿਆਂ ਹੀ ਦੋਹਾਂ ਦੇ ਮੱਥਿਆਂ ਤੇ ਡੂੰਗੀਆਂ ਤਿਉੜੀਆਂ ਜਿਹੀਆਂ ਪੈ ਜਾਇਆਂ ਕਰਦੀਆਂ!

ਫੇਰ ਲੰਮੀਂ ਔੜ ਮਗਰੋਂ ਉਸ ਰਾਤ ਪਹਿਲੀ ਵੇਰ ਖੂਬ ਬੱਦਲ ਗਰਜੇ..ਹਨੇਰੀ ਆਈ ਤੇ ਮਗਰੋਂ ਰੱਜ ਕੇ ਮੀਂਹ ਵੀ ਪਿਆ ਅਤੇ ਅਗਲੀ ਸੁਵੇਰ ਕਿੰਨੀ ਦੇਰ ਤੋਂ ਕੁਲ ਕਾਇਨਾਤ ਤੇ ਚੜੀ ਹੋਈ ਘੱਟੇ-ਮਿੱਟੀ ਦੀ ਮੋਟੀ ਜਿਹੀ ਪਰਤ ਸਾਫ ਜਿਹੀ ਹੋ ਗਈ ਲੱਗੀ..!

ਲੰਘੀ ਰਾਤ ਦੇ ਇਸ ਕ੍ਰਿਸ਼ਮਈ ਘਟਨਾ ਕਰਮ ਤੋਂ ਬਾਅਦ ਸਾਫ ਸੁਥਰੀ ਕੁਦਰਤ ਦੋਹਾਂ ਦੇ ਕੰਨ ਵਿਚ ਏਨੀ ਗੱਲ ਆਖਦੀ ਹੋਈ ਪ੍ਰਤੀਤ ਹੋ ਰਹੀ ਸੀ ਕੇ ਬੱਚਿਓ ਜਿੰਦਗੀ ਵਿਚ ਹੋਏ ਕਿਸੇ ਧੋਖੇ ਫਰੇਬ ਦਾ ਅਸਰ ਜ਼ਿਹਨ ਤੇ ਕਦੇ ਵੀ ਚਿਰ ਸਦੀਵੀਂ ਨਹੀਂ ਰਹਿੰਦਾ ਅਤੇ "ਸਮੇਂ" ਨਾਮ ਦੇ ਇੱਕ ਵਚਿੱਤਰ ਪੰਛੀ ਵਿਚ ਜਮੀਰ ਤੇ ਪਾ ਦਿੱਤੇ ਗਏ ਵੱਡੇ ਤੋਂ ਵੱਡੇ ਫੱਟਾਂ ਨੂੰ ਵੀ ਭਰਨ ਦੀ ਸਮਰੱਥਾ ਹੁੰਦੀ ਏ..!

ਹਰਪ੍ਰੀਤ ਸਿੰਘ ਜਵੰਦਾ

# ਸ਼ੈਲੀ ਰੁੱਖਾਂ ਦੀ ਸਹਿਣਸ਼ੀਲਤਾ

ਆਜਾ ਰੁੱਖ ਲਗਾ ਜਾ ਭੈਣੇ
ਜੇ ਬਹਿਣਾ ਰੁੱਖਾਂ ਦੀ ਛਾਂ ਥੱਲੇ
ਕੋਈ ਨਾ ਵੇਖੇ ਕੋਈ ਨਾ ਦੇਖੇ
ਸੁੱਖ ਛਾਂ ਦੀ ਮਾਣ ਦੇ ਅਵੱਲੇ
ਠੰਢੀ-ਠੰਢੀ ਛਾਂ ਦਿੰਦੇ ਨੇ
ਮਾਵਾਂ ਵਰਗਾ ਨਾਂ ਪਾਉਂਦੇ ਨੇ
ਫਿਰ ਵੀ ਰਹਿ ਜਾਂਦੇ ਨੇ ਇਕੱਲੇ

ਜ਼ਿੰਦਗੀ ਫਿਕਰਾਂ ਵਿੱਚ ਦੀ ਘੱਲੇ
ਰੁੱਖਾਂ ਦੀ ਸ਼ਹਿਨਸ਼ੀਲਤਾ ਦੇਖੋ
ਬਿਨਾਂ ਪਾਣੀਓ ਰਹਿ ਜਾਂਦੇ ਨੇ
ਫਿਰ ਵੀ ਠੰਢੀ ਹਵਾ ਦਿੰਦੇ ਨੇ
ਆਪਣਾ ਪਿਆਰ ਜਤਾਉਂਦੇ ਨੇ
ਹਰ ਮੌਸਮ ਦੀ ਮਾਰ ਨੇ ਚਲਦੇ
ਠੰਢ ਵਿੱਚ ਸੁੱਕ ਜਾਂਦੇ ਨੇ

ਗਰਮੀ ਵਿੱਚ ਰੁੱਕ ਜਾਂਦੇ
ਪੱਤਝੜ ਵਿੱਚ ਝੜ ਜਾਂਦੇ ਨੇ
ਬਸੰਤ ਬਹਾਰਾਂ ਲੈ ਆਉਂਦੇ ਨੇ
ਆਜਾ ਭੈਣੇ ਬੂਟਾ ਲਈਏ
ਸੋਹਣੀ ਜਿਹੀ ਜ਼ਿੰਦਗੀ ਵਿੱਚ
ਸੋਹਣੇ ਸੋਹਣੇ ਕੰਮ ਕਰ ਜਾਈਏ
ਰੁੱਖਾਂ ਨੂੰ ਨਾ ਰੁੱਖਾ ਬਣਾਈਏ।

ਲੇਖਿਕਾ-ਰਮਨੀਤ ਕੌਰ





CANADIAN TRUCK TRAINING CENTRE

ਹਰਪਾਲ ਸਿੰਘ ਮਾਨ

ਤਸੱਲੀਬਖਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662

# ਪੁਲੀਸ ਜ਼ਿਆਦਤੀ ਦੀ ਜਾਂਚ ਦਾ ਮੁੱਦਾ ਮੁੜ ਗੂੰਜਿਆ



ਚਰਨਜੀਤ ਭੁੱਲਰ

ਚੰਡੀਗੜ੍ਹ: ਪੰਜਾਬ ਦੇ ਕਾਲੇ ਦੌਰ ਦੌਰਾਨ ਕਥਿਤ ਪੁਲੀਸ ਜ਼ਿਆਦਤੀ ਦੀ ਜਾਂਚ ਦਾ ਮੁੱਦਾ ਮੁੜ ਗੂੰਜਣ ਲੱਗਿਆ ਹੈ। ਫਿਲਮ ਸਤਲੁਜ ਨੇ ਇਸ ਮਾਮਲੇ ਦੀ ਜਾਂਚ ਦੀ ਮੰਗ ਨੂੰ ਮੁੜ ਗਤੀ ਦਿੱਤੀ ਹੈ, ਜਦੋਂ ਪੰਜਾਬ ’ਚ ਮੁੜ ਅਮਨ-ਸ਼ਾਂਤੀ ਸਥਾਪਿਤ ਹੋਈ ਤਾਂ ਉਸ ਸਮੇਂ ਸ਼੍ਰੋਮਣੀ ਅਕਾਲੀ ਦਲ ਨੇ ਖਾੜਕੂਵਾਦ ਦੌਰਾਨ ਪੁਲੀਸ ਜ਼ਿਆਦਤੀ ਦੇ ਮਾਮਲਿਆਂ ਦੀ ਜਾਂਚ ਦਾ ਮੁੱਦਾ ਚੁੱਕਿਆ ਸੀ। ਉਸ ਮਗਰੋਂ ਇਹ ਮੁੱਦਾ ਦਫ਼ਨ ਹੋ ਗਿਆ ਸੀ। ਫਿਲਮ ਸਤਲੁਜ ’ਚ ਪੁਲੀਸ ਜ਼ਿਆਦਤੀ ਦਾ ਮੁੱਦਾ ਮੁੜ ਉੱਭਰਿਆ ਹੈ, ਜਿਸ ਕਰਕੇ ਜਾਂਚ ਦੀ ਮੰਗ ਵੀ ਮੁੜ ਕਰੀਬ 28 ਸਾਲ ਮਗਰੋਂ ਉੱਠੀ ਹੈ। ਅਕਾਲੀ ਦਲ ਵਾਰਿਸ ਪੰਜਾਬ ਦੇ ਸੂਬਾਈ ਆਗੂ ਤਰਸੇਮ ਸਿੰਘ ਜੋ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਹਨ, ਨੇ ਅੱਜ ਜਲੰਧਰ ’ਚ ਇਹ ਮੰਗ ਉਠਾਈ ਕਿ 1980 ਤੇ 1990 ਦੇ ਦਹਾਕੇ ਦੌਰਾਨ ਪੁਲੀਸ ਦੇ ਜਬਰ ਦੀਆਂ ਘਟਨਾਵਾਂ ਦੀ ਜੁਡੀਸ਼ਲ ਜਾਂਚ ਹੋਣੀ ਚਾਹੀਦੀ ਹੈ।



ਪੁਲੀਸ ਨੇ ਇਸ ਸਮੇਂ ਦੌਰਾਨ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਵੀ ‘ਟਰੁੱਥ’ ਕਮਿਸ਼ਨ ਬਣਾਏ ਜਾਣ ਦੀ ਗੱਲ ਕਹੀ ਹੈ। ਉਹ ਗ੍ਰਹਿ ਮੰਤਰਾਲੇ ਨੂੰ ਵੀ ਜਾਂਚ ਲਈ ਪੱਤਰ ਲਿਖ ਰਹੇ ਹਨ। ਪਿਛਾਂਹ ਦੇਖੀਏ ਤਾਂ ਜਦੋਂ ਪੰਜਾਬ ਖਾੜਕੂਵਾਦ ਦੇ ਦੌਰ ’ਚੋਂ ਉੱਭਰ ਰਿਹਾ ਸੀ ਤਾਂ ਉਸ ਵਕਤ ਸ਼੍ਰੋਮਣੀ ਅਕਾਲੀ ਦਲ ਦੇ ਤਤਕਾਲੀ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਨੇ ਮਨੁੱਖੀ ਅਧਿਕਾਰਾਂ ਦਾ ਮੁੱਦਾ ਚੁੱਕਿਆ ਸੀ। ਸ਼੍ਰੋਮਣੀ ਅਕਾਲੀ ਦਲ ਨੇ 1997 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਪਾਰਟੀ ਦੇ ਚੋਣ ਮਨੋਰਥ ਪੱਤਰ ’ਚ ਵਾਅਦਾ ਕੀਤਾ ਸੀ ਕਿ ਜੇ ਅਕਾਲੀ ਸਰਕਾਰ ਬਣੀ ਤਾਂ ਉਹ ਜੁਡੀਸ਼ਲ ਜਾਂਚ ਕਮਿਸ਼ਨ ਬਣਾਉਣਗੇ ਤਾਂ ਜੋ ਪੁਲੀਸ ਦੇ ਕਥਿਤ ਜ਼ੁਲਮਾਂ, ਮੁਕਾਬਲਿਆਂ, ਅਣਪਛਾਤੀਆਂ ਲਾਸ਼ਾਂ ਦੇ ਗੁਪਤ ਸਸਕਾਰਾਂ ਦੀ ਜਾਂਚ ਹੋ ਸਕੇ।

ਉਸ ਸਮੇਂ ਭਾਜਪਾ ਦੇ ਉਪ ਪ੍ਰਧਾਨ ਮਦਨ ਲਾਲ ਖੁਰਾਣਾ ਨੇ ਕਿਹਾ ਸੀ ਕਿ ਅਕਾਲੀ-ਭਾਜਪਾ ਗੱਠਜੋੜ ਸਰਕਾਰ ਬਣਨ ’ਤੇ ਸੇਵਾਮੁਕਤ ਜੱਜ ਦੀ ਅਗਵਾਈ ’ਚ ਵਿਸ਼ੇਸ਼ ਜਾਂਚ ਕਮਿਸ਼ਨ ਬਣੇਗਾ, ਜੋ 1980 ਤੋਂ 1992 ਦੌਰਾਨ ਵਾਪਰੀਆਂ ਘਟਨਾਵਾਂ ਨੂੰ ਕਵਰ ਕਰੇਗਾ। ਪੰਜਾਬ ’ਚ ਖਾੜਕੂਵਾਦ ਨੂੰ ਹਵਾ ਦੇਣ ਵਾਲੇ ਕਾਰਨਾਂ ਦੀ ਜਾਂਚ ਵੀ ਕੀਤੀ ਜਾਵੇਗੀ। ਗੱਠਜੋੜ ਸਰਕਾਰ ਬਣਨ ਮਗਰੋਂ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਮਿਸ਼ਨ ਬਣਾਏ ਜਾਣ ਤੋਂ ਪਾਸਾ ਵੱਟ ਲਿਆ। ਉਨ੍ਹਾਂ ਕਿਹਾ ਕਿ ਕਾਲੇ ਅਧਿਆਇ ਨੂੰ ਦੁਬਾਰਾ ਫਰੋਲਣ ਨਾਲ ਪੁਰਾਣੇ ਜ਼ਖ਼ਮ ਹਰੇ ਹੋ ਜਾਣਗੇ ਤੇ ਪੁਲੀਸ ਦਾ ਮਨੋਬਲ ਡਿੱਗੇਗਾ। ਸਾਲ 1998 ’ਚ ਗੈਰ ਸਰਕਾਰੀ ਪੀਪਲਜ਼ ਕਮਿਸ਼ਨ ਵੀ ਬਣਿਆ ਸੀ ਜਿਸ ਵੱਲੋਂ ਜਨਤਕ ਸੁਣਵਾਈਆਂ ਵੀ ਸ਼ੁਰੂ ਕੀਤੀਆਂ ਗਈਆਂ ਸਨ, ਜਦੋਂ ਅਕਾਲੀ-ਭਾਜਪਾ ਗੱਠਜੋੜ ਦੀ ਸਰਕਾਰ ਬਣੀ ਤਾਂ ਉਸ ਵਕਤ ਪੰਜਾਬ ਵਿਧਾਨ ਸਭਾ ’ਚ ਵੀ ਜਾਂਚ ਕਮਿਸ਼ਨ ਦੇ ਮੁੱਦੇ ਦੀ ਗੂੰਜ ਪਈ ਸੀ।

ਵਿਧਾਇਕ ਕਾਮਰੇਡ ਹਰਦੇਵ ਅਰਸ਼ੀ ਨੇ 11 ਮਾਰਚ 1997 ਨੂੰ ਪੰਜਾਬ ਵਿਧਾਨ ਸਭਾ ’ਚ ਸਵਾਲ ਉਠਾਇਆ ਸੀ ਕਿ ਕੀ ਜੁਡੀਸ਼ਲ ਜਾਂਚ ਕਮਿਸ਼ਨ ਸਥਾਪਿਤ ਹੋਵੇਗਾ। ਉਨ੍ਹਾਂ ਕਿਹਾ ਸੀ ਕਿ ਇਸ ਕਮਿਸ਼ਨ ਦਾ ਰਾਜਪਾਲ ਦੇ ਭਾਸ਼ਣ ’ਚ ਵੀ ਕਿਤੇ ਜ਼ਿਕਰ ਨਹੀਂ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਦਨ ’ਚ ਕਿਹਾ ਸੀ ਕਿ ਕਮਿਸ਼ਨ ਬਣਾਏ ਜਾਣ ਦੇ ਮਾਮਲੇ ਨੂੰ ਵਿਚਾਰਿਆ ਜਾਵੇਗਾ ਅਤੇ ਜੋ ਗੱਲ ਪੰਜਾਬ ਦੇ ਹਿੱਤ ’ਚ ਹੋਵੇਗੀ, ਉਸ ’ਤੇ ਫੈਸਲਾ ਲੈ ਲਿਆ ਜਾਵੇਗਾ। ਵਿਧਾਇਕਾ ਲਕਸ਼ਮੀ ਕਾਂਤਾ ਚਾਵਲਾ ਦੇ ਸੁਆਲ ’ਤੇ ਮੁੱਖ ਮੰਤਰੀ ਨੇ ਇਹ ਵੀ ਕਿਹਾ ਸੀ ਕਿ ਪਹਿਲਾਂ ਇਹ ਵਿਚਾਰ ਕਰ ਰਹੇ ਹਾਂ ਕਿ ਕਮਿਸ਼ਨ ਬਣਾਉਣਾ ਚਾਹੀਦਾ ਹੈ ਜਾਂ ਨਹੀਂ। 1998 ਤੋਂ ਬਾਅਦ ਜਾਂਚ ਕਮਿਸ਼ਨ ਬਣਾਏ ਜਾਣ ਦਾ ਮੁੱਦਾ ਠੰਢੇ ਬਸਤੇ ’ਚ ਚਲਾ ਗਿਆ। ਫਿਲਮ ਸਤਲੁਜ ਨੇ ਮੁੜ ਪੁਰਾਣੀ ਮੰਗ ਨੂੰ ਉਭਾਰ ਦਿੱਤਾ ਹੈ।



UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC#10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# "ਅਣਗੌਲ਼ੇ ਹਾਸੇ"

ਬਿਜੜੇ ਦੇ ਆਲਣੇ 'ਚੋਂ, ਡਿੱਗਾ ਕੋਈ ਚਾਅ ਜਿਵੇਂ,
ਲੇਹਾਂ ਤੇ ਕਰੂੰਡਿਆਂ 'ਚ ਰੁਲੇ ਵੇ।
ਅੱਕਾਂ ਤੇ ਧਤੂਰਿਆ ਦੇ, ਵਾਂਗੂੰ ਸਾਡੀ ਜਿੰਦੜੀ ਦੇ,
ਹਾਸੇ ਅਣਗੌਲ਼ੇ ਹੋ ਕੇ ਭੁੱਲੇ ਵੇ।
ਨਿੰਮਾਂ, ਡੇਕਾਂ ਹੇਠ ਬਹਿ ਕੇ, ਰੋਵੇ ਅੱਜ ਚਾਨਣੀ ਵੇ,
ਬਾਬੂ ਤੇ ਚਿਲਾਈ ਨੀਰ ਕੇਰਦੇ।
ਨਰਮਿਆਂ ਦੇ ਫੁੱਟਾਂ ਜਿਹੀ, ਪਾਕ ਸਾਡੀ ਆਸ ਨੂੰ,
ਕਾਹੀਆਂ ਤੇ ਸਰਕੜੇ ਹੁਣ ਘੇਰਦੇ।
ਕਿੱਕਰਾਂ ਦੇ ਤੁੱਕਿਆਂ ਜਿਹੀ, ਹੋਈ ਤਕਦੀਰ ਸਾਡੀ,
ਬਿਨਾ ‘ਵਾਵਾਂ ਤੋਂ ਵੀ ਜਾਵੇ ਹੁਣ ਟੁੱਟਦੀ।
ਓਦਰੇ ਹੋਏ ਵਖਤਾਂ ਦੀ, ਕਾਲੀ-ਬੂੰਨ੍ਹੋ ਰਾਤ ਫੇਰ,
ਕੰਮੀਆਂ ਦੀ ਲਾਜ ਰਹੀ ਲੁੱਟਦੀ।
ਟਾਹਲੀਆਂ ਦੀ ਛਾਂਵੇਂ ਕਦੇ, ਕੱਤਦੀ ਸੀ ਜਿੰਦੜੀ ਜੋ,
ਕਿਸੇ ਰਿਸ਼ੀ ਦੀ ਕਮਾਣ ਆਂਗੂੰ ਵਿੰਗੀ ਵੇ।
ਗੁਲਖੈਰੇ ਦਿਆਂ ਫੁੱਲਾਂ ਜਿਹੇ, ਮਾਸੂਮ ਸਾਡੇ ਚਾਵਾਂ ਦੀ,
ਵਖਤਾਂ ਨੇ ਰੂਹ ਸਾਡੀ ਸਿੰਗੀ ਵੇ।
ਨਿਸਾਰ ਹੋਈਆਂ ਕਣਕਾਂ ਤੇ, ਗੜਿਆਂ ਦੀ ਮਾਰ ਨਾਲ਼ੇ,
ਕੋਹੜੀ ਹੋਈ ਲੰਘਦੀ ਏ ਵਾਅ ਨੀ।
ਸਰ੍ਹੋਂ ਦਿਆਂ ਫੁੱਲਾਂ ਜਿਹੀ, ਪੀਲੀ ਪਈ ਉਮਰਾ ਨੂੰ,
ਇੱਲਾਂ ਨੇ ਹੈ ਪਾਇਆ ਆ ਕੇ ਗਾਹ ਨੀ।
ਸੇਂਜੀ ਅਤੇ ਮੈਣੇ ਦਿਆਂ, ਖੇਤਾਂ ਵਿੱਚੋਂ ਉੱਡ ਗਈਆਂ,
ਘੁੱਗੀਆਂ ਦੇ ਆਲਣੇ ਅੱਜ ਸੁੰਞੇ ਵੇ।
ਕਪਾਹਾਂ ਦੀਆਂ ਪੂਣੀਆਂ ਦੇ, ਵਾਂਗੂੰ ਸਾਡੇ ਹਾਸਿਆਂ ਨੂੰ,
ਹੌਕਿਆਂ ਨੇ ਲਿਆ ਪੈਰਾਂ ਭੁੰਞੇ ਵੇ।
ਸਰ੍ਹੋਂ ਦਿਆਂ ਗੰਦਲਾਂ 'ਤੇ, ਆਈ ਸੀ ਜੋ ਰੁੱਤ ਕਦੇ,
ਗੜਿਆਂ ਦੀ ਮਾਰ ਵਿੱਚ ਰੁ਼ਲੀ ਵੇ।
ਖੂਹਾਂ ਦੀਆਂ ਟਿੰਡਾਂ ਵਾਂਗੂੰ, ਗੇੜੇ ਖਾਂਦੀ ਜਿੰਦੜੀ ਵੀ,
ਹੱਸਣਾ ਉਦਾਸੀਆਂ 'ਚ ਭੁੱਲੀ ਵੇ।
ਕਣਕਾਂ ਦੇ ਓਹਲੇ ਬੈਠੀ, ਰੋਵੇ ਅੱਜ ਚਾਨਣੀ ਤੇ,
ਖ਼ਾਲਾਂ ਦੇ ਨੇ ਪਾਣੀ ਅੱਜ ਸੁੱਕ ਗਏ।
ਕਪਾਹਾਂ ਦੇ ਟੀਂਡਿਆਂ 'ਚੋਂ, ਨਿਕਲੇ ਜੋ ਹਾਸੇ ਕਦੇ,
ਓੜਕ ਨੂੰ ਹੰਝੂਆਂ 'ਚ ਮੁੱਕ ਗਏ।
ਖੇਤਾਂ ਦੀਆਂ ਵੱਟਾਂ ਉੱਤੇ, ਰੋਣ ਅੱਜ ਰੌਣਕਾਂ ਵੇ,
ਸੁੰਞੇ ਪਏ ਹਲ਼ ਤੇ ਪੰਜਾਲੀ ਵੇ।
'ਵਰਿੰਦਰਾ' ਵੇ ਦੇਖ ਅੱਜ, ਉੱਜੜੇ ਨੇ ਬਾਗ਼ ਸਾਰੇ,
ਰੁੱਸ ਗਈ ਓ ਫ਼ਸਲਾਂ ਦੀ ਲਾਲੀ ਵੇ।

-ਵਰਿੰਦਰ ਸਿੰਘ ਪਾਂਸ਼ਟਾ

# ਰੂਹ ਦਾ ਹਾਣੀ, ਜਸਤੇਜ ਵੱਲੋਂ

ਤੂੰ ਮੇਰੀ ਸੁਰਾਂ ਦਾ ਰਾਗੀ, ਰੂਹ ਦਾ ਹਾਣੀ, ਮੇਰੀ ਕਵਿਤਾ ਦਾ ਰੰਗ ਨੀ ਅੜੀਏ,
ਤੇਰੇ ਇਸ਼ਕ ਦੀ ਹਵਾ ਵਗੇ, ਮੇਰਾ ਰੋਮ-ਰੋਮ ਜਾਵੇ ਰੰਗ ਨੀ ਅੜੀਏ।
ਬਿਰਹਾ ਦੇ ਗੀਤਾਂ ਵਾਂਗ ਤੂੰ, ਕੋਈ ਮਿੱਠੀ ਧੁਨ ਸੁਣਾਉਂਦੀ ਹੈਂ,
ਜਦੋਂ ਹੱਸਦੀ ਹੈਂ ਤਾਂ ਸਾਹਾਂ ਵਿੱਚ, ਕੋਈ ਖ਼ੁਸ਼ਬੂ ਘੋਲ਼ ਕੇ ਜਾਂਦੀ ਹੈਂ।
ਬੁੱਲ੍ਹੇਸ਼ਾਹ ਵਾਂਗੂੰ ਨੱਚੀਏ ਜੇ, ਫਿਰ ਘੁੰਗਰੂ ਦੀ ਕੀ ਲੋੜ ਰਹੇ,
ਜਿੱਥੇ ਯਾਰ ਨਜ਼ਰ ਵਿੱਚ ਵੱਸ ਜਾਵੇ, ਉੱਥੇ ਹੋਰ ਨਾ ਕੋਈ ਲੋੜ ਰਹੇ।
ਇਹ ਇਸ਼ਕੀ ਰੰਗ ਤੇਰਾ, ਮੈਨੂੰ ਸੂਫ਼ੀ ਰੰਗ ਵਿੱਚ ਰੰਗ ਗਿਆ,
ਮੁੱਖੜਾ ਤੱਕਿਆ ਜਿਸ ਦਿਨ ਦਾ, ਮੇਰਾ ਦਿਲ ਦੁਨੀਆ ਤੋਂ ਸੰਗ ਗਿਆ।
ਜਸਤੇਜ ਦੇ ਦਿਲ ਦੀ ਧੜਕਣ ਤੂੰ, ਰੂਹ ਦਾ ਬਣ ਗਈ ਗਹਿਣਾ ਨੀ,
ਤੇਰੇ ਬਾਝੋਂ ਇੱਕ ਪਲ ਵੀ, ਇਸ ਸ਼ਾਇਰ ਨੇ ਜਿਉਂਦੇ ਰਹਿਣਾ ਨੀ।
ਤੂੰ ਸੂਫ਼ੀ ਰੰਗਤ, ਤੂੰਹੀਓਂ ਮੇਰੀ ਸ਼ਾਇਰੀ ਦਾ ਅਲਫ਼ਾਜ਼ ਕੁੜੇ,
ਤੇਰੇ ਪੈਰਾਂ ਦੀ ਪਾਇਲ ਦੇ ਵਿੱਚ, ਵੱਸਦਾ ਕੋਈ ਗੂੜ੍ਹਾ ਰਾਜ਼ ਕੁੜੇ।
ਮਸਤਾਨੇ ਹੋ ਕੇ ਗਾਵਾਂਗੇ, ਦੀਦ ਦਾ ਚਾਅ ਨੀ ਮੁੱਕਣਾ,
ਇਸ ਜਨਮ ਤਾਂ ਕੀ, ਅਗਲੇ ਜਨਮ ਵੀ, ਇਹ ਸਾਡਾ ਰਾਹ ਨੀ ਮੁੱਕਣਾ।
ਤੂੰ ਮੇਰੀ ਸੁਰਾਂ ਦਾ ਰਾਗੀ, ਰੂਹ ਦਾ ਹਾਣੀ, ਮੇਰੀ ਕਵਿਤਾ ਦਾ ਰੰਗ ਨੀ ਅੜੀਏ,
ਤੇਰੇ ਇਸ਼ਕ ਦੀ ਪਾਗਲ ਹਵਾ ਵਗੇ, ਮੇਰਾ ਰੋਮ-ਰੋਮ ਜਾਵੇ ਰੰਗ ਨੀ ਅੜੀਏ!!

# ਤਕਦੀਰ

ਜੋ ਹੋਣਾ ਹੈ, ਹੋ ਕੇ ਰਹਿਣਾ, ਇਹ ਵੀ ਰੱਬ ਦੀ ਤਦਬੀਰ।
ਪਰ ਮਿਹਨਤ ਨਾਲ ਬਦਲ ਜਾਵੇ, ਉਹੀ ਸੱਚੀ ਤਕਦੀਰ।

ਕਦੇ ਕੰਡਿਆਂ ਵਾਲੇ ਰਾਹ ਮਿਲਣ, ਕਦੇ ਫੁੱਲਾਂ ਦੀ ਛਾਂ,
ਹਰ ਹਾਲ ਵਿੱਚ ਅੱਗੇ ਵਧਣਾ, ਇਹੀ ਜੀਵਨ ਦੀ ਸ਼ਾਨ।

ਨਾ ਸੂਰਜ ਹਰ ਵੇਲੇ ਚਮਕੇ, ਨਾ ਰਾਤ ਸਦਾ ਹੀ ਰਹੇ,
ਹਨੇਰੇ ਮਗਰੋਂ ਚਾਨਣ ਆਵੇ, ਇਹੀ ਰੱਬ ਦਾ ਨੇਹ।

ਕਦੇ ਡਿੱਗ ਕੇ ਫਿਰ ਉੱਠ ਜਾਣਾ, ਕਦੇ ਹੱਸ ਕੇ ਦਰਦ ਸਹਿਣਾ,
ਹੌਂਸਲੇ ਨਾਲ ਹਰ ਪਲ ਜੀਣਾ, ਇਹੀ ਜੀਵਨ ਦਾ ਗਹਿਣਾ।

ਨਾ ਦੌਲਤ ਨਾਲ ਇੱਜ਼ਤ ਮਿਲਦੀ, ਨਾ ਨਾਮ ਨਾਲ ਮਾਣ,
ਚੰਗੇ ਕਰਮ ਹੀ ਦੇਂਦੇ ਇਨਸਾਨ ਨੂੰ ਸੱਚਾ ਸਨਮਾਨ।

ਦੁਆਵਾਂ ਦੀ ਤਾਕਤ ਵੀ ਹੈ, ਮਿਹਨਤ ਦਾ ਵੀ ਨੂਰ,
ਦੋਵਾਂ ਨਾਲ ਹੀ ਖਿੜਦਾ ਰਹਿੰਦਾ, ਜੀਵਨ ਦਾ ਹਰ ਫੁੱਲ।

ਨਾ ਮੰਜ਼ਿਲ ਆਪੇ ਮਿਲਦੀ ਹੈ, ਨਾ ਸੁਪਨੇ ਸੱਚ ਬਣਦੇ,
ਜੋ ਮਿਹਨਤ ਦਾ ਫਲ ਬਖ਼ਸ਼ੇ, ਉਹੀ ਰੱਬ ਦੇ ਰੰਗ।

ਕਦੇ ਅੱਖਾਂ ਵਿੱਚ ਹੰਝੂ ਆਉਣ, ਕਦੇ ਹੋਠਾਂ ’ਤੇ ਹਾਸਾ,
ਹਰ ਰੰਗ ਵਿੱਚ ਜੀਣਾ ਸਿੱਖੋ, ਇਹੀ ਜੀਵਨ ਦੀ ਭਾਸ਼ਾ।

ਨਾ ਅਹੰਕਾਰ ਵਿੱਚ ਕਦੇ ਜੀਣਾ, ਨਾ ਹਾਰ ਕੇ ਟੁੱਟ ਜਾਣਾ,
ਰੱਬ ਦਾ ਨਾਮ ਹਿਰਦੇ ਵਿੱਚ ਰੱਖ ਕੇ, ਹਰ ਰਾਹ ਤੇ ਮੁਸਕਾਣਾ।

‘ਸਤਵਿੰਦਰ’ ਭਰੋਸਾ ਰੱਖੀਂ, ਰੱਬ ਦੇ ਸੱਚੇ ਦਰਬਾਰ,
ਜਿਸ ਨੇ ਹੌਂਸਲਾ ਕਦੇ ਨਾ ਛੱਡਿਆ, ਉਸ ਦੀ ਜਿੱਤ ਹਰ ਵਾਰ।

Satwinder Kaur

# ਅਹਿਮਦੀਆ ਜਮਾਤ ਦੇ 10-12 ਜੁਲਾਈ ਨੂੰ 48ਵੇਂ ਤਿੰਨ ਦਿਨਾਂ ਸਲਾਨਾ ਜਲਸੇ ਵਿੱਚ 25,000 ਤੋਂ ਵਧੇਰੇ ਲੋਕ ਹੋਏ ਸ਼ਾਮਲ

* ਵੱਡੀ ਗਿਣਤੀ 'ਚ ਐੱਮ.ਪੀਜ਼., ਐੱਮ.ਪੀ.ਪੀਜ਼., ਮੇਅਰਾਂ ਤੇ ਸਿਟੀ ਕੌਂਸਲਰਾਂ ਨੇ ਕੀਤੀ ਸ਼ਿਰਕਤ
* ਇਸ ਦੌਰਾਨ 10,000 ਵਾਲੰਟੀਅਰਾਂ ਨੇ ਆਪੋ-ਆਪਣੀਆਂ ਡਿਊਟੀਆਂ ਬਾਖ਼ੂਬੀ ਨਿਭਾਈਆਂ



ਮਿਸੀਸਾਗਾ, (ਡਾ.ਝੰਡ): ਲੰਘੇ ਹਫ਼ਤੇ 10, 11 ਤੇ 12 ਜੁਲਾਈ ਨੂੰ ਕੈਨੇਡਾ ਦੀ ਅਹਿਮਦੀਆ ਜਮਾਤ ਵੱਲੋਂ ਮਿਸੀਸਾਗਾ ਦੇ 6900 ਏਅਰਪੋਰਟ ਰੋਡ ਸਥਿਤ ਇੰਟਰਨੈਸ਼ਨਲ ਸੈਂਟਰ ਦੇ ਵਿਸ਼ਾਲ ਹਾਲ ਨੰਬਰ 5 ਵਿਖੇ ਆਯੋਜਿਤ ਕੀਤੇ ਗਏ 48ਵੇਂ ਅਹਿਮਦੀਆ ਸਲਾਨਾ ਜਲਸੇ ਵਿੱਚ ਤਿੰਨ ਦਿਨ ਖ਼ੂਬ ਰੌਣਕਾਂ ਲੱਗੀਆਂ ਰਹੀਆਂ। ਇਸ ਸਲਾਨਾ ਕਾਨਫ਼ਰੰਸ ਦਾ ਆਰੰਭ ਕੈਨੇਡਾ ਦੀ ਅਹਿਮਦੀਆ ਜਮਾਤ ਦੇ ਪ੍ਰੈਜ਼ੀਡੈਂਟ ਲਾਲ ਖ਼ਾਨ ਮਲਿਕ ਹੁਰਾਂ ਵੱਲੋਂ ਪਹਿਲੇ ਦਿਨ 10 ਜੁਲਾਈ ਨੂੰ ਸ਼ੁੱਕਰਵਾਰ ਦੀ ਖ਼ਾਸ ਨਿਮਾਜ਼ ਪੜ੍ਹਨ ਤੋਂ ਬਾਅਦ ਪ੍ਰੈੱਸ ਕਾਨਫ਼ਰੰਸ ਕਰਕੇ ਕੀਤਾ ਗਿਆ।

ਆਪਣੇ ਸੰਬੋਧਨ ਵਿੱਚ ਜਨਾਬ ਲਾਲ ਖ਼ਾਨ ਮਲਿਕ ਹੁਰਾਂ ਕਿਹਾ ਕਿ ਇਸ 48ਵੇਂ ਸਲਾਨਾ ਅਹਿਮਦੀਆ ਜਲਸੇ ਦੀ ਅਹਿਮੀਅਤ ਇਸ ਵਿੱਚ ਇਕੱਤਰ ਹੋਏ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ ਅਹਿਮਦੀਆ ਭਰਾਵਾਂ, ਭੈਣਾਂ ਤੇ ਮਹਿਮਾਨਾਂ ਕਰਕੇ ਹੈ। ਉਨ੍ਹਾਂ ਦੱਸਿਆ ਕਿ ਇਸ ਤਿੰਨ ਦਿਨਾਂ ਜਲਸੇ ਵਿੱਚ ਹਾਜ਼ਰੀਨ ਨੂੰ ਆਪਣੀਆਂ ਆਤਮਿਕ ਤੇ ਸਮਾਜਿਕ ਤੰਦਾਂ ਨੂੰ ਮਜ਼ਬੂਤ ਕਰਨ, ਧਾਰਮਿਕ ਗਿਆਨ ਵਿੱਚ ਵਾਧਾ ਕਰਨ, ਮਨੁੱਖਤਾ ਦੀ ਸੇਵਾ ਕਰਨ ਅਤੇ ਅਮਨ-ਸ਼ਾਂਤੀ ਦਾ ਨਾਲ ਜੀਵਨ ਜਿਊਣ ਦੀਆਂ ਕਦਰਾਂ-ਕੀਮਤਾਂ ਬਾਰੇ ਪਤਾ ਲੱਗੇਗਾ। ਇਸ ਦੌਰਾਨ ਕੁਝ ਹੋਰ ਚੋਣਵੇਂ ਬੁਲਾਰਿਆਂ ਵੱਲੋਂ ਵੀ ਇਸ ਪਰੈੱਸ ਕਾਫ਼ਰੰਸ ਨੂੰ ਸੰਬੋਧਨ ਕੀਤਾ ਗਿਆ।

ਦੂਸਰੇ ਦਿਨ ਸ਼ਨੀਵਾਰ ਇਸ ਕਾਨਫ਼ਰੰਸ ਵਿੱਚ ਓਨਟਾਰੀਓ ਸੂਬੇ ਦੇ ਪ੍ਰੀਮੀਅਰ ਡੱਗ ਫ਼ੋਰਡ, ਆਪੋਜ਼ੀਸ਼ਨ ਦੇ ਲੀਡਰ ਮਿਸ ਮੈਰਿਟ, ਕੈਲਗਰੀ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪੀ.ਸੀ. ਪਾਰਟੀ ਨਾਲ ਸਬੰਧਿਤ ਐੱਮ.ਪੀ. ਟਿਮ ਉੱਪਲ, ਬਰੈਂਪਟਨ ਅਤੇ ਮਿਸੀਸਾਗਾ ਤੋਂ 10 ਐੱਮ.ਪੀਜ਼. ਵੱਖ-ਵੱਖ ਸ਼ਹਿਰਾਂ ਦੇ ਅੱਠ ਮੇਅਰਾਂ ਅਤੇ ਸਿਟੀ ਕੌਂਸਲਰਾਂ ਨੇ ਜਲਸੇ ਵਿੱਚ ਹਾਜ਼ਰ ਲੋਕਾਂ ਨੂੰ ਸੰਬੋਧਨ ਹੁੰਦਿਆਂ ਹੋਇਆਂ ਇਹ ਮਹਾਨ ਕਾਨਫ਼ਰੰਸ ਕਰਨ 'ਤੇ ਮੁਬਾਰਕਬਾਦ ਦਿੱਤੀ ਗਈ ਅਤੇ ਅਹਿਮਦੀਆ ਜਮਾਤ ਵੱਲੋਂ ਅਮਨ ਤੇ ਸ਼ਾਂਤੀ ਦਾ ਸੰਦੇਸ਼ ਦਿੰਦੇ ਹੋਏ ਨਾਅਰੇ "ਲਵ ਫ਼ਾਰ ਆਲ, ਹੇਟਰਡ ਫ਼ਾਰ ਨੱਨ" ਉੱਪਰ ਅਮਲ ਕਰਨ ਲਈ ਕਿਹਾ ਗਿਆ। ਟਿਮ ਉਪਲ ਵੱਲੋਂ ਇਸ ਸਮੇਂ ਆਪਣਾ ਭਾਸ਼ਨ ਪੰਜਾਬੀ ਵਿੱਚ ਦਿੱਤਾ ਗਿਆ, ਜਦਕਿ ਹੋਰ ਬੁਲਾਰਿਆਂ ਨੇ ਅੰਗਰੇਜ਼ੀ ਵਿੱਚ ਸੰਬੋਧਨ ਕੀਤਾ। ਬਰੈਂਪਟਨ ਤੋਂ ਪਹੁੰਚੇ ਲੀਡਰਾਂ ਵਿੱਚ ਮੰਤਰੀ ਮਨਿੰਦਰ ਸਿੱਧੂ,ਐੱਮ.ਪੀਜ਼ ਸੋਨੀਆ ਸਿੱਧੂ, ਰੂਬੀ ਸਹੋਤਾ, ਇਸ਼ਫ਼ਾਕ ਅਹਿਮਦ, ਅਮਨਦੀਪ ਸੋਢੀ, ਡਿਪਟੀ ਮੇਅਰ ਹਰਕੀਰਤ ਸਿੰਘ ਤੇ ਕਈ ਹੋਰ ਸ਼ਾਮਲ ਸਨ।

ਜਲਸੇ ਦੇ ਅਖ਼ੀਰਲੇ ਦਿਨ ਐਤਵਾਰ 12 ਜੁਲਾਈ ਨੂੰ ਜਨਾਬ ਲਾਲ ਖ਼ਾਨ ਮਲਿਕ ਹੁਰਾਂ ਵੱਲੋਂ ਹਾਲ ਵਿੱਚ ਵੱਡੀ ਗਿਣਤੀ ਵਿੱਚ ਮੌਜੂਦ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਹੋਇਆਂ ਅਮਨ ਦਾ ਸੰਦੇਸ਼ ਦਿੰਦਿਆਂ ਉਨ੍ਹਾਂ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ ਅਤੇ ਸਾਰੇ ਮਸਲੇ ਅਮਨ-ਸ਼ਾਂਤੀ ਦੇ ਮਾਹੌਲ ਵਿੱਚ ਗੱਲ-ਬਾਤ ਰਾਹੀਂ ਹੀ ਹੱਲ ਕੀਤੇ ਜਾ ਸਕਦੇ ਹਨ। ਇਸ ਦੌਰਾਨ ਪੀ.ਸੀ. ਪਾਰਟੀ ਦੇ ਐੱਮ.ਪੀ.ਪੀਜ਼.ਹਰਜੋਤ ਸਿੱਧੂ ਅਤੇ ਮੁਹੰਮਦ ਵੱਲੋਂ ਵੀ ਹਾਜ਼ਰੀਨ ਨੂੰ ਸੰਬੋਧਨ ਕੀਤਾ ਗਿਆ। ਕਾਨਫ਼ਰੰਸ ਦੇ ਮੇਨ ਹਾਲ ਨੰਬਰ 5 ਤੋਂ ਬਾਹਰ ਇੱਕ ਵੱਡੇ ਸ਼ਾਮਿਆਨੇ ਵਿੱਚ ਪੁਸਤਕਾਂ ਦੀ ਪ੍ਰਦਰਸ਼ਨੀ ਲਗਾਈ ਗਈ ਸੀ ਜਿਸ ਵਿੱਚ ਇਸਲਾਮ ਅਤੇ ਹੋਰ ਧਰਮਾਂ ਤੇ ਫ਼ਲਾਸਫ਼ੀ ਦੀਆਂ ਕਿਤਾਬਾਂ ਬੜੇ ਸਲੀਕੇ ਨਾਲਸਜਾਈਆਂ ਗਈਆਂ ਸਨ। ਪ੍ਰਦਰਸ਼ਨੀ ਵਿੱਚ ਕਿਤਾਬਾਂ ਵੇਖਣ ਤੋਂ ਇਲਾਵਾ ਇਨ੍ਹਾਂ ਵਿੱਚੋਂ ਕੁਝ ਖ਼ਰੀਦੀਆਂ ਵੀ ਜਾ ਸਕਦੀਆਂ ਸਨ ਅਤੇ ਕਈ ਮੁਫ਼ਤ ਦਿੱਤੀਆਂ ਜਾਣ ਵਾਲੀਆਂ ਵੀ ਸਨ।

ਜਲਸੇ ਦੇ ਇਨ੍ਹਾਂ ਤਿੰਨਾਂ ਦਿਨਾਂ ਵਿੱਚ 25,000 ਤੋਂ ਵਧੀਕ ਲੋਕ ਸ਼ਾਮਲ ਹੋਏ ਅਤੇ ਇਸ ਦੌਰਾਨ 10,000 ਦੇ ਕਰੀਬ ਵਾਲੰਟੀਅਰਾਂ ਨੇ ਆਪੋ-ਆਪਣੀਆਂ ਡਿਊਟੀਆਂ ਬਾਖ਼ੂਬੀ ਨਿਭਾਈਆਂ। ਵੱਖ-ਵੱਖ ਪਾਰਕਿੰਗਾਂ ਵਿੱਚ ਗੱਡੀਆਂ ਸਹੀ ਤਰ੍ਹਾਂ ਲਵਾਉਣ, ਮਹਿਮਾਨਾਂ ਨੂੰ ਪੂਰੇ ਮਾਣ-ਸਤਿਕਾਰ ਨਾਲ ਜਲਸੇ ਵਾਲੀ ਥਾਂ 'ਤੇ ਲਿਜਾਣ, ਉਨ੍ਹਾਂ ਦੀ ਰਜਿਸਟ੍ਰੇਸ਼ਨ ਕਰਵਾਉਣ ਤੋਂ ਬਾਅਦ ਉਨ੍ਹਾਂ ਨੂੰ ਥਾਂ ਸਿਰ ਕੁਰਸੀਆਂ 'ਤੇ ਬਿਠਾਉਣ, ਚਾਹ-ਪਾਣੀ ਤੇ ਲੰਗਰ ਅਸਥਾਨ 'ਤੇ ਸੇਵਾ ਕਰਨ ਦੀਆਂ ਸਾਰੀਆਂ ਸੇਵਾਵਾਂ ਉਨ੍ਹਾਂ ਵੱਲੋਂ ਬਾਖ਼ੂਬੀ ਨਿਭਾਈਆਂ ਜਾ ਰਹੀਆਂ ਸਨ। ਇਸ ਦੌਰਾਨ ਚਾਹ-ਪਾਣੀ, ਸਨੈਕਸ ਅਤੇ ਖਾਣੇ ਲੰਦਾ ਬਹੁਤ ਵਧੀਆ ਪ੍ਰਬੰਧ ਕੀਤਾ ਗਿਆ। ਏਨੀ ਵੱਡੀ ਗਿਣਤੀ ਵਿੱਚ ਆਏ ਸਰੋਤਿਆਂ ਤੇ ਮਹਿਮਾਨਾਂ ਲਈ ਲੰਗਰ ਦਾ ਪ੍ਰਬੰਧ ਕਰਨਾ ਏਡਾ ਸੁਖਾਲਾ ਨਹੀਂ ਹੈ ਪਰ ਅਹਿਮਦੀਆਂ ਜਮਾਤ ਵੱਲੋਂ ਇਹ ਪ੍ਰਬੰਧ ਬਾਖ਼ੂਬੀ ਕੀਤਾ ਗਿਆ। ਇਸ ਦੌਰਨ ਕਾਦੀਆਂ ਤੋਂ ਅਬਦੁਲ ਬਾਸਿਤ, ਪਾਕਿਸਤਾਨ ਤੋਂ ਮਕਸੂਦ ਚੌਧਰੀ 'ਤੇ ਸਮੀ ਉਲ੍ਹਾ ਖ਼ਾਨ ਵੱਲੋਂ ਬਰੈਂਪਟਨ ਅਤੇ ਮਿਸੀਸਾਗਾ ਤੋਂ ਆਏ ਪੰਜਾਬੀ ਮਹਿਮਾਨਾਂ ਦੀ ਖ਼ੂਬ ਖ਼ਾਤਰ-ਤਵੱਜੋ ਕੀਤੀ ਗਈ। ਅਹਿਮਦੀਆ ਦੋਸਤਾਂ ਵੱਲੋਂ ਇਸ ਸਮਾਗਮ ਲਈ ਸੱਦਾ ਦੇਣ 'ਤੇ ਬਰੈਂਪਟਨ ਤੋਂ ਮਹਿਮਾਨਾਂ ਵਿੱਚ ਕਰਨ ਅਜਾਇਬ ਸਿੰਘ ਸੰਘਾ, ਮਲੂਕ ਸਿੰਘ ਕਾਹਲੋਂ, ਡਾ. ਸੁਖਦੇਵ ਸਿੰਘ ਝੰਡ, ਡਾ. ਜਗਮੋਹਨ ਸਿੰਘ ਸੰਘਾ, ਇਕਬਾਲ ਸਿੰਘ ਬਰਾੜ, ਜਸਪਾਲ ਸਿੰਘ ਤੇ ਕਈ ਹੋਰ ਵਿਸ਼ੇਸ਼ ਤੌਰ 'ਤੇ ਇਸ ਜਲਸੇ ਵਿੱਚ ਸ਼ਾਮਲ ਹੋਏ।

# ਬੜੀ ਦਿਲਚਸਪ ਤੇ ਮਨੋਰੰਜਕ ਰਹੀ 'ਮਝੈਲਾਂ ਦੀ ਪਿਕਨਿਕ'...

## ਕਈ ਸਮਾਜਿਕ, ਸੱਭਿਆਚਾਰਕ ਤੇ ਰਾਜਸੀ ਸ਼ਖ਼ਸੀਅਤਾਂ ਨੇ ਭਰੀ ਹਾਜ਼ਰੀ




ਬਰੈਂਪਟਨ, (ਡਾ. ਝੰਡ) - ਲੰਮੇਂ ਅਰਸੇ ਤੋਂ ਬਾਅਦ ਲੰਘੇ ਸ਼ਨੀਵਾਰ 11 ਜੁਲਾਈ ਨੂੰ ਅੰਮ੍ਰਿਤਸਰ, ਤਰਨਤਾਰਨ ਤੇ ਗੁਰਦਾਸਪੁਰ ਜ਼ਿਲਿਆਂ ਨਾਲ ਸਬੰਧਿਤ ਮਾਝੇ ਪਿਛੋਕੜ ਦੇ 'ਮਝੈਲਾਂ' ਨੇ ਮਿ.ਲ ਕੇ ਪਿਕਨਿਕ ਮਨਾਈ। ਇਨ੍ਹਾਂ ਵਿੱਚ ਇੱਕ-ਦੋ 'ਮਝੈਲ'ਲਾਹੌਰ ਤੋਂ ਵੀ ਸ਼ਾਮਲ ਸਨ। 2020-21 ਵਿੱਚ ਸਾਰੀ ਦੁਨੀਆਂ 'ਚ ਆਈ ਮਹਾਂਮਾਰੀ 'ਕੋਵਿਡ-19' ਕਾਰਨ ਹਰ ਪ੍ਰਕਾਰ ਦੇ ਇਕੱਠਾਂ 'ਤੇ ਲੱਗੀ ਪਾਬੰਦੀ ਲੱਗ ਗਈ ਅਤੇ ਉਸ ਤੋਂ ਦੋ-ਤਿੰਨ ਸਾਲ ਬਾਅਦ ਵੀ ਪਿਕਨਿਕਾਂ ਦੇ ਲਈ ਪਾਰਕਾਂ ਦੀ ਉਪਲੱਭਧੀ ਨਾ ਹੋਣ ਕਰਕੇ ਇਹ ਮਝੈਲ ਇਸ ਸਮਾਜਿਕ ਇਕੱਠ ਤੋਂ ਵਾਂਝੇ ਰਹੇ। ਇੱਕ ਹੋਰ ਕਾਰਨ ਇਸ ਪਿਕਨਿਕ ਦੀ ਰੂਹੇ-ਰਵਾਂ 'ਮਾਝਾ ਸਪੋਰਟਸ ਐਂਡ ਕਲਚਰਲ ਕਲੱਬ' ਦੇ ਲੰਮਾਂ ਸਮਾਂ ਰਹੇ ਮੁੱਖ-ਸੰਚਾਲਕ ਇਸ ਦੇ ਪ੍ਰਧਾਨ ਸ. ਹਰਦਿਆਲ ਸਿੰਘ ਸੰਧੂ ਦਾ ਦੋ ਕੁ ਸਾਲ ਪਹਿਲਾਂ ਹੋਇਆ 'ਅਕਾਲ-ਚਲਾਣਾ' ਵੀ ਸੀ। ਉਹ ਬੜੇ ਸੁਯੋਗ, ਮਿਹਨਤੀ ਸ਼ਖ਼ਸ ਅਤੇ ਵਧੀਆ ਪ੍ਰਬੰਧਕ ਸਨ।

ਬਾਰਾਂ ਕੁ ਵਜੇ ਲੋਕ ਪਿਕਨਿਕ ਦੇ ਨਿਰਧਾਰਿਤ ਸਥਾਨ ਗੋਰ ਰੋਡ ਤੇ ਮੇਅਫ਼ੀਲਡ ਇੰਟਰਸੈੱਕਸ਼ਨ ਦੇ ਨਜ਼ਦੀਕ 11873 ਗੋਰ ਰੋਡ ਸਥਿਤ ਸੇਂਟ ਪੈਟਰਿਕ ਚਰਚ ਦੇ ਨੇੜਲੇ ਖੁੱਲ੍ਹੇ-ਡੁੱਲ੍ਹੇ ਪਾਰਕ ਵਿੱਚ ਪਹੁੰਚਣੇ ਸ਼ੁਰੂ ਹੋ ਗਏ ਅਤੇ ਬਾਅਦ ਦੁਪਹਿਰ ਇੱਕ ਵਜੇ ਤੱਕ ਪਾਰਕ ਵਿੱਚ ਚੰਗੀ ਰੌਣਕ ਹੋ ਗਈ। ਪ੍ਰਬੰਧਕਾਂ ਵੱਲੋਂ ਖਾਣ-ਪੀਣ ਦੀਆਂ ਵਸਤਾਂ ਦਾ ਬਹੁਤ ਵਧੀਆ ਪ੍ਰਬੰਧ ਕੀਤਾ ਹੋਇਆ ਸੀ। ਲੰਮੀ ਕਤਾਰ ਵਿੱਚ ਲਗਾਏ ਗਏ ਮੇਜ਼ਾਂ ਉੱਪਰ ਚਾਹ, ਕੋਲਡ-ਡਰਿੰਕਸ, ਵੱਖ-ਵੱਖ ਤਰ੍ਹਾਂ ਦੀ ਮਠਿਆਈਆਂ, ਪਕੌੜੇ ਅਤੇ ਹੋਰ ਵਸਤਾਂ ਸਜਾਈਆਂ ਹੋਈਆਂ ਸਨ ਅਤੇ ਇਸ ਲਾਈਨ ਦੇ ਅਖ਼ੀਰ 'ਤੇ ਕੜਾਈ ਵਿੱਚ ਵਿੱਚ ਤਾਜ਼ੀਆਂ ਜਲੇਬੀਆਂ ਕੱਢੀਆਂ ਜਾ ਰਹੀਆਂ ਸਨ। ਪਿਕਨਿਕ ਵਿੱਚ ਸ਼ਾਮਲ ਹੋ ਰਹੇ ਲੋਕ ਇੱਥੋਂ ਖਾਣ-ਪੀਣ ਦਾ ਸਮਾਨ ਅਤੇ ਚਾਹ ਵਗ਼ੈਰਾ ਲੈ ਕੇ ਰੁੱਖਾਂ ਹੇਠ ਡੱਠੇ ਬੈਂਚਾਂ ਉੱਪਰ ਬੈਠ ਕੇ ਖਾ ਪੀ ਰਹੇ ਸਨ।

ਲਾਹੌਰ ਤੋਂ ਆਏ ਪ੍ਰਸਿੱਧ ਸੂਫ਼ੀ ਗਾਇਕ ਹੁਸਨੈਨ ਅਕਬਰ ਵੱਲੋਂ ਸੱਯਦ ਵਾਰਿਸ ਸ਼ਾਹ ਦੀ 'ਹੀਰ' ਅਤੇ ਸੂਫ਼ੀ ਕਲਾਮ ਗਾ ਕੇ ਉਨ੍ਹਾਂ ਦਾ ਵਧੀਆ ਮਨੋਰੰਜਨ ਕੀਤਾ ਜਾ ਰਿਹਾ ਸੀ। ਪੰਜਾਬੀ ਬੋਲੀ ਨਾਲ ਸਬੰਧਿਤ ਇੱਕ ਗੀਤ ਵਿੱਚ ਉਨ੍ਹਾਂ ਦਾ ਸਾਥ 'ਵਿਲੇਜ ਆਫ਼ ਇੰਡੀਆ' ਦੇ ਮਾਲਕ ਤੇ ਸੰਚਾਲਕ ਦਲਬੀਰ ਸਿੰਘ ਕਥੂਰੀਆ ਜੋ ਖ਼ੁਦ ਪੰਜਾਬੀ ਬੋਲੀ ਦੇ ਮੁਦੱਈ ਤੇ ਵੱਡੇ ਉਪਾਸ਼ਕ ਹਨ, ਵੱਲੋਂ ਦਿੱਤਾ ਗਿਆ। ਦੋ ਕੁ ਵਜੇ ਰਾਜਸੀ ਤੇ ਸਮਾਜਿਕ ਸ਼ਖ਼ਸੀਅਤਾਂ ਵੀ ਪਧਾਰਨੀਆਂ ਸ਼ੁਰੂ ਹੋ ਗਈਆਂ। ਪਿਕਨਿਕ ਦੀ ਪ੍ਰਬੰਧਕੀ ਟੀਮ ਦੇ ਮੁਖੀ 'ਮਾਝਾ ਸਪੋਰਟਸ ਐਂਡ ਕਲਚਰਲ ਕਲੱਬ' ਦੇ ਪ੍ਰਧਾਨ ਪਰਮਜੀਤ ਸਿੰਘ ਸੰਧੂ ਵੱਲੋਂ ਪਿਕਨਿਕ ਵਿੱਚ ਸ਼ਾਮਲ ਹੋਏ ਸਮੂਹ ਮਝੈਲਾਂ ਅਤੇ ਆਏ ਮਹਿਮਾਨਾਂ ਦਾ ਸੁਆਗ਼ਤ ਕਰਦਿਆਂ ਹੋਇਆਂ ਉਨ੍ਹਾਂ ਨੂੰ 'ਜੀ-ਆਇਆਂ' ਕਿਹਾ ਗਿਆ। ਉਪਰੰਤ ਮੰਚ-ਸੰਚਾਲਨ ਦਾ ਕੰਮ ਸੁਖਦੇਵ ਸੋਹੀ ਵੱਲੋਂ ਸੰਭਾਲਿਆ ਗਿਆ ਅਤੇ ਸੱਭ ਤੋਂ ਪਹਿਲਾਂ ਪਿਕਨਿਕ ਵਿੱਚ ਸ਼ਿਰਕਤ ਕਰਨ ਵਾਲੇ ਬਰੈਂਪਟਨ ਵੈੱਸਟ ਤੋਂ ਐੱਮ.ਪੀ.ਪੀ. ਅਮਰਜੋਤ ਸਿੰਘ ਸੰਧੂ ਬਰੈਂਪਟਨ ਨੂੰ ਮੰਚ 'ਤੇ ਬੁਲਾਇਆ ਗਿਆ। ਉਨ੍ਹਾਂ ਤੋਂ ਬਾਅਦ ਬਰੈਂਪਟਨ ਸਾਊਥ ਤੋਂ ਐੱਮ.ਪੀ.ਪੀ. ਪ੍ਰਭਮੀਤ ਸਿੰਘ ਸਰਕਾਰੀਆ ਜੋ ਟ੍ਰਾਂਸਪੋਰਟੇਸ਼ਨ ਨਾਲ ਸਬੰਧਿਤ ਵਿਭਾਗ ਦੇ ਮੰਤਰੀ ਵੀ ਹਨ, ਮੰਚ 'ਤੇ ਆਏ। ਉਨ੍ਹਾਂ ਦੋਹਾਂ ਵੱਲੋਂ ਪਿਕਨਿਕ ਦੇ ਪ੍ਰਬੰਧਕਾਂ ਅਤੇ ਇਸ ਵਿੱਚ ਸ਼ਾਮਲ ਹੋਏ ਲੋਕਾਂ ਨੂੰ ਵਧਾਈ ਦਿੰਦਿਆਂ ਹੋਇਆਂ ਓਨਟਾਰੀਓ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਕੀਤੇ ਜਾ ਰਹੇ ਵਿਕਾਸ ਦੇ ਕੰਮਾਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ। ਕੁਝ ਚਿਰ ਬਾਅਦ ਅਲਬਰਟਾ ਸੂਬੇ ਦੇ ਸ਼ਹਿਰ ਕੈਲਗਰੀ ਤੋਂ ਐੱਮ.ਪੀ. ਟਿਮ ਉੱਪਲ ਵੀ ਉੱਥੇ ਪਧਾਰੇ ਅਤੇ ਪ੍ਰਬੰਧਕਾਂ ਤੇ ਲੋਕਾਂ ਨੂੰ ਮਿਲਣ ਤੋਂ ਬਾਅਦ ਉਨ੍ਹਾਂ ਵੱਲੋਂ ਫ਼ੈੱਡਰਲ ਪੱਧਰ 'ਤੇ ਆਪੋਜ਼ੀਸ਼ਨ ਵੱਲੋਂ ਨਿਭਾਈ ਜਾ ਰਹੀ ਅਹਿਮ ਜ਼ਿੰਮੇਂਵਾਰੀ ਬਾਰੇ ਵਿਸਥਾਰ ਵਿੱਚ ਦੱਸਿਆ ਗਿਆ ਕਿ ਕਿਵੇਂ ਉਨ੍ਹਾਂ ਵੱਲੋਂ ਪਾਰਲੀਮੈਂਟ ਵਿੱਚ ਸਰਕਾਰ ਵੱਲੋਂ ਕਈ ਥਾਈਂ ਕੀਤੀ ਜਾ ਰਹੀ ਫ਼ਜ਼ੂਲ-ਖ਼ਰਚੀ ਅਤੇ ਨਿਰਾਰਥਕ ਕੰਮਾਂ ਦੀ ਨੁਕਤਾਚੀਨੀ ਕੀਤੀ ਜਾਂਦੀ ਹੈ। ਉਨ੍ਹਾਂ ਇਹ ਵੀ ਕਿਹਾ ਉਨ੍ਹਾਂ ਦੀ ਪੀ.ਸੀ. ਪਾਰਟੀ ਦੇ ਹੱਥਾਂ 'ਚ ਕੈਨੇਡਾ ਦੀ ਵਾਗਡੋਰ ਆਉਣ 'ਤੇ ਉਹ ਕੈਨੇਡਾ ਨੂੰ ਕਿਵੇਂ ਹੋਰ ਮਜ਼ਬੂਤ ਦੇਸ਼ ਬਣਾਉਣਗੇ।

ਬਰੈਂਪਟਨ ਦੇ ਵਾਰਡ ਨੰਬਰ 9-10 ਤੋਂ ਮੌਜੂਦਾ ਸਕੂਲ-ਟਰੱਸਟੀ ਤੇ ਪੀਲ ਡਿਸਟ੍ਰਿਕਟ ਸਕੂਲ ਬੋਰਡ ਦੇ ਡਿਪਟੀ ਚੇਅਰ ਜੋ ਅਕਤੂਬਰ ਮਹੀਨੇ ਹੋ ਰਹੀਆਂ ਬਰੈਂਪਟਨ ਸਿਟੀ ਕੌਂਸਲ ਦੀਆਂ ਚੋਣਾਂ ਵਿੱਚ ਏਸੇ ਵਾਰਡ ਤੋਂ ਰੀਜਨਲ ਕੌਂਸਲਰ ਲਈ ਉਮੀਦਵਾਰ ਹਨ, ਨੇ ਆਪਣੇ ਸੰਬੋਧਨ ਵਿੱਚ ਸਕੂਲ-ਟਰੱਸਟੀ ਵਜੋਂ ਆਪਣੀ ਭੂਮਿਕਾ ਨਿਭਾਉਂਦਿਆਂ ਹੋਇਆਂ ਸਕੂਲਾਂ ਵਿੱਚ ਕੀਤੇ ਗਏ ਸੁਧਾਰਾਂ ਅਤੇ ਕੈਨੇਡਾ ਵਿੱਚ ਪੱਕੇ ਹੋਣ ਲਈ 'ਐੱਲ.ਐੱਮ.ਆਈ.ਏ'. ('ਲਿਮਏ') ਰਾਹੀਂ ਹੋ ਯਤਨਾਂ ਰਾਹੀਂ ਹੋ ਰਹੀਆਂ ਬੇਨਿਯਮੀਆਂ ਵਿਰੁੱਧ ਵੱਲੋਂ ਉਠਾਈ ਗਈ ਬੁਲੰਦ ਆਵਾਜ਼ ਬਾਰੇ ਵਿਸ਼ੇਸ਼ ਜ਼ਿਕਰ ਕੀਤਾ। ਇਸਦੇ ਨਾਲ ਹੀ ਉਨ੍ਹਾਂ ਵੱਲੋਂ ਲੋਕਾਂ ਨੂੰ ਆਉਂਦੀਆਂ ਚੋਣਾਂ ਵਿੱਚ ਬਰੈਂਪਟਨ ਸਿਟੀ ਕੌਂਸਲ ਲਈ ਬਰੈਂਪਟਨ ਦੇ ਵਾਰਡ ਨੰਬਰ 9-10 ਤੋਂ ਰੀਜਨਲ ਕੌਂਸਲਰ ਦੀ ਚੋਣ ਲਈ ਸਹਿਯੋਗ ਦੇਣ ਲਈ ਬੇਨਤੀ ਕੀਤੀ ਗਈ।

ਬਾਅਦ ਦੁਪਹਿਰ ਤਿੰਨ ਕੁ ਵਜੇ ਪ੍ਰਬੰਧਕਾਂ ਵੱਲੋਂ 'ਗਰਮੀਆਂ ਦੇ ਮੇਵੇ' ਖ਼ਰਬੂਜ਼ਿਆਂ ਦਾ ਲੰਗਰ ਆਰੰਭ ਕਰ ਦਿੱਤਾ ਗਿਆ। ਕਈ ਮਹਿਲਾ ਵਾਲੰਟੀਅਰਾਂ ਵੱਲੋਂ ਖ਼ਰਬੂਜ਼ੇ ਕੱਟਣ ਦੀ ਸੇਵਾ ਬੜੇ ਚਾਅ ਤੇ ਉਤਸ਼ਾਹ ਨਾਲ ਨਿਭਾਈ ਗਈ। ਲੋਕ ਕੱਟੇ ਹੋਏ ਖ਼ਰਬੂਜ਼ੇ ਪਲੇਟਾਂ ਵਿੱਚ ਪਾ ਕੇ ਰੁੱਖਾਂ ਹੇਠ ਬੈਂਚਾਂ 'ਤੇ ਬੈਠੇ ਆਪਣੇ ਸਾਥੀਆਂ ਤੇ ਪਰਿਵਾਰਾਂ ਦੇ ਮੈਂਬਰਾਂ ਨਾਲ ਮਿ.ਲ ਕੇ ਇਨ੍ਹਾਂ ਦਾ ਅਨੰਦ ਮਾਣ ਰਹੇ ਸਨ। ਇਸ ਦੌਰਾਨ ਪੰਜਾਬੀ ਗਾਣਿਆਂ ਨਾਲ ਲਬਰੇਜ਼ ਸੰਗੀਤਕ ਮਾਹੌਲ ਉਨ੍ਹਾਂ ਦਾ ਖ਼ੂਬ ਮਨੋਰੰਜਨ ਕਰ ਰਿਹਾ ਸੀ। ਇਸ ਰੰਗਾਰੰਗ ਮਾਹੌਲ ਵਿੱਚ ਪ੍ਰਬੰਧਕਾਂ ਵੱਲੋਂ ਛੋਟੇ ਬੱਚਿਆਂ ਦੀਆਂ ਦੌੜਾਂ ਅਤੇ ਔਰਤਾਂ ਦੀ 'ਮਿਊਜ਼ੀਕਲ ਰੇਸ' ਕਰਵਾਈ ਗਈ ਜਿਸ ਵਿੱਚ ਕਈਆਂ ਨੇ ਬੜੇ ਸ਼ੌਕ ਨਾਲ ਹਿੱਸਾ ਲਿਆ ਅਤੇ ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂਆਂ ਨੇ ਕਈ ਇਨਾਮ ਵੀ ਪ੍ਰਾਪਤ ਕੀਤੇ। ਇਸ ਦੌਰਾਨ ਇੱਕ ਰੁੱਖ ਦੀ ਠੰਢੀ ਛਾਂ ਹੇਠ ਬੱਚਿਆਂ ਲਈ ਗ਼ੁਬਾਰਿਆਂ ਦੇ ਵੱਖੋ-ਵੱਖਰੇ ਨਮੂੰਨੇ ਬਣਾ ਕੇ ਦੇਣ ਵਾਲਾ ਸ਼ਖ਼ਸ ਆਪਣੀ 'ਦੁਕਾਨ' ਸਜਾਈ ਬੈਠਾ ਸੀ ਅਤੇ ਬੱਚੇ ਉਸ ਦੇ ਕੋਲੋਂ ਵੱਖ-ਵੱਖ ਰੰਗਾਂ ਤੇ ਡਿਜ਼ਾਈਨਾਂ ਦੇ ਗੁਬਾਰੇ ਮੁਫ਼ਤ 'ਚ ਲੈ ਰਹੇ ਸਨ। ਇਸਦੇ ਨਾਲ ਹੀ ਕਈ ਲੜਕੀਆਂ ਉਸਦੇ ਕੋਲੋਂ ਆਪਣੇ ਹੱਥਾਂ ਤੇ ਬਾਹਵਾਂ 'ਤੇ 'ਟੈਟੂ' ਵੀ ਬਣਵਾ ਰਹੀਆਂ ਸਨ।

ਸ਼ਾਮ ਦੇ ਸਾਢੇ ਕੁ ਚਾਰ ਵਜੇ ਪ੍ਰਬੰਧਕਾਂ ਵੱਲੋਂ ਖਾਣਾ ਮੇਜ਼ਾਂ 'ਤੇ ਸਜਾ ਦਿੱਤਾ ਗਿਆ ਜਿਸ ਵਿੱਚ ਚਾਵਲ, ਨਾਨ, ਫੁਲਕਿਆਂ, ਦਾ.ਲ, ਸਬਜ਼ੀਆਂ, ਸਲਾਦ,ਆਦਿ ਸ਼ਾਮਲ ਸਨ। ਮਗਰੋਂ ਮੂੰਹ ਮਿੱਠਾ ਕਰਨ ਲਈ ਗਜਰੇਲਾ ਅਤੇ ਗੁਲਾਬ ਜਾਮਨ ਵੀ ਰੱਖੇ ਗਏ ਸਨ। ਹਾਜ਼ਰੀਨ ਨੇ ਲਾਈਨ ਵਿੱਚ ਲੱਗ ਕੇ ਬੜੇ ਮਜ਼ੇ ਨਾਲ ਇਸ ਸੁਆਦਲੇ ਭੋਜਨ ਦਾ ਅਨੰਦ ਮਾਣਿਆਂ। ਪਿਕਨਿਕ ਦਾ ਇਹ ਸਿਲਸਿਲਾ ਸ਼ਾਮ ਦੇ ਛੇ ਵਜੇ ਤੱਕ ਚੱਲਦਾ ਰਿਹਾ ਜਿਸ ਦੀ ਵਧੀਆ ਯਾਦ ਲੈ ਕੇ ਲੋਕਾਂ ਵੱਲੋਂ ਘਰਾਂ ਨੂੰ ਵਾਪਸੀ ਕੀਤੀ ਗਈ।

# UK 'ਚ ਪੰਜਾਬਣ ਦਾ ਬੇਰਹਿਮੀ ਨਾਲ ਕਤਲ, ਗੋਰੇ ਨੇ ਘਰ 'ਚ ਵੜ ਕੇ ਉਤਾਰਿਆ ਮੌਤ ਦੇ ਘਾਟ



ਪੰਜਾਬ ਦੀ ਇੱਕ ਕੁੜੀ ਦਾ ਇੰਗਲੈਂਡ ਵਿੱਚ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਗੋਰੇ ਨੇ ਘਰ ਵਿਚ ਵੜ ਕੇ ਉਸ ਦੇ ਢਿੱਡ ਵਿੱਚ ਪੰਜ ਵਾਰ ਚਾਕੂ ਮਾਰੇ। ਮ੍ਰਿਤਕਾ ਕਿਰਨਦੀਪ ਕੌਰ ਤਰਨਤਾਰਨ ਦੀ ਰਹਿਣ ਵਾਲੀ ਸੀ, ਜੋਕਿ ਲਗਭਗ ਦੋ ਸਾਲ ਪਹਿਲਾਂ ਉੱਚ ਸਿੱਖਿਆ ਲਈ ਸਟੂਡੈਂਟ ਵੀਜ਼ੇ 'ਤੇ ਇੰਗਲੈਂਡ ਗਈ ਸੀ। ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਸਨੂੰ ਵਰਕ ਪਰਮਿਟ ਮਿਲ ਗਿਆ ਸੀ ਅਤੇ ਉਹ ਉੱਥੇ ਰਹਿ ਰਹੀ ਸੀ, ਕੰਮ ਕਰ ਰਹੀ ਸੀ। ਕਤਲ ਤੋਂ ਬਾਅਦ ਦੋਸ਼ੀ ਦਾ ਇੱਕ ਵੀਡੀਓ ਸਾਹਮਣੇ ਆਇਆ, ਜਿਸ ਵਿੱਚ ਉਹ ਚਾਕੂ ਲਿਜਾਂਦੇ ਹੋਏ ਨਜ਼ਰ ਆ ਰਿਹਾ ਹੈ। ਇਹ ਵੀਡੀਓ ਘਰ ਦੇ ਗੇਟ ਕੈਮਰੇ ਵਿਚ ਕੈਦ ਹੋ ਗਈ।

ਕੁੜੀ ਦੇ ਮਾਪਿਆਂ ਨੇ ਆਪਣੀ ਧੀ ਦਾ ਭਵਿੱਖ ਸੰਵਾਰਨ ਅਤੇ ਉਸ ਨੂੰ ਇੰਗਲੈਂਡ ਭੇਜਣ ਲਈ ਆਪਣੀ ਜ਼ਮੀਨ ਵੀ ਵੇਚ ਦਿੱਤੀ ਸੀ। ਪਰਿਵਾਰ ਨੂੰ ਉਮੀਦ ਸੀ ਕਿ ਉਨ੍ਹਾਂ ਦੀ ਧੀ ਵਿਦੇਸ਼ ਵਿੱਚ ਪੜ੍ਹਾਈ ਕਰੇਗੀ ਅਤੇ ਚੰਗੀ ਨੌਕਰੀ ਹਾਸਲ ਕਰੇਗੀ। ਇਸ ਘਟਨਾ ਨੇ ਪਰਿਵਾਰ ਅਤੇ ਪੂਰੇ ਪਿੰਡ ਵਿੱਚ ਸੋਗ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਇਸ ਦੌਰਾਨ ਬ੍ਰਿਟਿਸ਼ ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਤਲ ਦਾ ਕਾਰਨ ਅਜੇ ਸਾਹਮਣੇ ਨਹੀਂ ਆਇਆ ਹੈ।

ਪਰਿਵਾਰਕ ਮੈਂਬਰਾਂ ਮੁਤਾਬਕ ਕਿਰਨਦੀਪ ਐਤਵਾਰ ਸਵੇਰੇ ਆਪਣੇ ਕਮਰੇ ਵਿੱਚ ਸੌਂ ਰਹੀ ਸੀ ਜਦੋਂ ਇੱਕ ਅਣਪਛਾਤਾ ਹਮਲਾਵਰ ਗੋਰਾ ਕਥਿਤ ਤੌਰ 'ਤੇ ਕਮਰੇ ਵਿੱਚ ਦਾਖਲ ਹੋਇਆ ਅਤੇ ਉਸ 'ਤੇ ਤੇਜ਼ਧਾਰ ਹਥਿਆਰ ਨਾਲ ਵਾਰ-ਵਾਰ ਹਮਲਾ ਕੀਤਾ। ਗੰਭੀਰ ਸੱਟਾਂ ਕਾਰਨ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਘਟਨਾ ਦੀ ਸੂਚਨਾ ਮਿਲਣ 'ਤੇ ਸਥਾਨਕ ਪੁਲਿਸ ਮੌਕੇ 'ਤੇ ਪਹੁੰਚੀ, ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ, ਕਤਲ ਦਾ ਮਾਮਲਾ ਦਰਜ ਕੀਤਾ ਅਤੇ ਜਾਂਚ ਸ਼ੁਰੂ ਕਰ ਦਿੱਤੀ।

ਪਿਤਾ ਸੁਖਦੇਵ ਸਿੰਘ ਅਤੇ ਮਾਂ ਬਲਜੀਤ ਕੌਰ ਨੇ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਧੀ ਦੀ ਮ੍ਰਿਤਕ ਦੇਹ ਨੂੰ ਜਲਦੀ ਭਾਰਤ ਵਾਪਸ ਲਿਆਉਣ ਦਾ ਪ੍ਰਬੰਧ ਕਰਨ ਤਾਂ ਜੋ ਉਸਦਾ ਅੰਤਿਮ ਸੰਸਕਾਰ ਉਸਦੇ ਜੱਦੀ ਪਿੰਡ ਵਿੱਚ ਕੀਤਾ ਜਾ ਸਕੇ। ਪਰਿਵਾਰ ਨੇ ਇਸ ਸਬੰਧ ਵਿੱਚ ਪ੍ਰਸ਼ਾਸਨ ਤੋਂ ਵੀ ਸਹਾਇਤਾ ਮੰਗੀ ਹੈ। ਯੂਕੇ ਪੁਲਿਸ ਮਾਮਲੇ ਦੇ ਹਰ ਪਹਿਲੂ ਦੀ ਜਾਂਚ ਕਰ ਰਹੀ ਹੈ ਅਤੇ ਹਮਲਾਵਰ ਦੀ ਭਾਲ ਕਰ ਰਹੀ ਹੈ। ਇਸ ਦੌਰਾਨ, ਪਿੰਡ ਵਾਸੀਆਂ ਨੇ ਪਰਿਵਾਰ ਲਈ ਇਨਸਾਫ਼ ਅਤੇ ਦੋਸ਼ੀ ਦੀ ਜਲਦੀ ਗ੍ਰਿਫ਼ਤਾਰੀ ਦੀ ਮੰਗ ਵੀ ਕੀਤੀ ਹੈ।

GTA Plumbing & Electrical Supplies
GTA Plumbing & Electrical Supplies



ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ASK Mortgage Ltd.
Business Loan
Credit Line
Truck/Taxi Loan
New Immigrant Package
416-366-1234



Jaswinder Khosa
416-894-9400
1332 Khalsa Drive Unit 12

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ




ਨਸ਼ਾ ਛੁਡਾਓ
ਸ਼ਰਾਬ, ਅਫ਼ੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ



ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਫਾਕੀ, ਐਲਰਜੀ, ਵਾਲ ਝੜਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

# ਬਚਤ ਅਤੇ ਨਿਵੇਸ਼ ਦੀ ਤਾਕਤ



ਅੱਜ ਦੇ ਤੇਜ਼ੀ ਨਾਲ ਬਦਲਦੇ ਆਰਥਿਕ ਅਤੇ ਸਮਾਜਿਕ ਦੌਰ ਵਿੱਚ ਸਿਰਫ਼ ਪੈਸਾ ਕਮਾਉਣਾ ਹੀ ਵਿੱਤੀ ਸੁਰੱਖਿਆ ਦੀ ਗਾਰੰਟੀ ਨਹੀਂ ਹੈ। ਮਹਿੰਗਾਈ ਵਿੱਚ ਲਗਾਤਾਰ ਵਾਧਾ, ਅਚਾਨਕ ਆਉਣ ਵਾਲੀਆਂ ਐਮਰਜੈਂਸੀਆਂ, ਰੁਜ਼ਗਾਰ ਦੇ ਬਦਲਦੇ ਮੌਕੇ ਅਤੇ ਵੱਧਦੀ ਔਸਤ ਉਮਰ ਨੇ ਬਚਤ ਅਤੇ ਨਿਵੇਸ਼ ਨੂੰ ਹਰ ਵਿਅਕਤੀ ਲਈ ਜੀਵਨ ਦੀਆਂ ਲਾਜ਼ਮੀ ਆਦਤਾਂ ਬਣਾ ਦਿੱਤਾ ਹੈ। ਆਮਦਨ ਸਾਨੂੰ ਅੱਜ ਦੀਆਂ ਲੋੜਾਂ ਪੂਰੀਆਂ ਕਰਨ ਦਾ ਸਾਧਨ ਦਿੰਦੀ ਹੈ, ਪਰ ਬਚਤ ਅਤੇ ਨਿਵੇਸ਼ ਸਾਡੇ ਭਵਿੱਖ ਨੂੰ ਸੁਰੱਖਿਅਤ ਅਤੇ ਮਜ਼ਬੂਤ ਬਣਾਉਂਦੇ ਹਨ। ਇਹ ਸਿਰਫ਼ ਵਿੱਤੀ ਕਿਰਿਆਵਾਂ ਨਹੀਂ, ਸਗੋਂ ਇੱਕ ਸਨਮਾਨਪੂਰਨ, ਸੁਤੰਤਰ ਅਤੇ ਨਿਸ਼ਚਿੰਤ ਜੀਵਨ ਦੀ ਮਜ਼ਬੂਤ ਨੀਂਹ ਹਨ।

ਬਚਤ ਦਾ ਅਰਥ ਹੈ ਆਪਣੀ ਆਮਦਨ ਦਾ ਇੱਕ ਹਿੱਸਾ ਤੁਰੰਤ ਖ਼ਰਚ ਕਰਨ ਦੀ ਬਜਾਏ ਭਵਿੱਖ ਲਈ ਸੰਭਾਲ ਕੇ ਰੱਖਣਾ। ਇਹ ਸੰਕਟ ਦੇ ਸਮੇਂ ਸਾਡਾ ਸਭ ਤੋਂ ਵੱਡਾ ਸਹਾਰਾ ਬਣਦੀ ਹੈ। ਅਚਾਨਕ ਬਿਮਾਰੀ, ਨੌਕਰੀ ਤੋਂ ਛੁੱਟੀ, ਦੁਰਘਟਨਾ ਜਾਂ ਪਰਿਵਾਰ ਦੀ ਕਿਸੇ ਐਮਰਜੈਂਸੀ ਸਥਿਤੀ ਵਿੱਚ ਬਚਤ ਆਰਥਿਕ ਸੁਰੱਖਿਆ ਪ੍ਰਦਾਨ ਕਰਦੀ ਹੈ। ਨਿਯਮਿਤ ਬਚਤ ਕਰਨ ਵਾਲੇ ਲੋਕ ਕਰਜ਼ਿਆਂ ਅਤੇ ਕਰੈਡਿਟ ਕਾਰਡਾਂ 'ਤੇ ਘੱਟ ਨਿਰਭਰ ਰਹਿੰਦੇ ਹਨ, ਜਿਸ ਨਾਲ ਉਹ ਕਰਜ਼ੇ ਦੇ ਜਾਲ ਤੋਂ ਬੱਚ ਸਕਦੇ ਹਨ ਅਤੇ ਮਾਨਸਿਕ ਤੌਰ 'ਤੇ ਵੀ ਵਧੇਰੇ ਨਿਸ਼ਚਿੰਤ ਰਹਿੰਦੇ ਹਨ।

ਪਰ ਲੰਬੇ ਸਮੇਂ ਲਈ ਸਿਰਫ਼ ਬਚਤ ਹੀ ਕਾਫ਼ੀ ਨਹੀਂ ਹੁੰਦੀ। ਮਹਿੰਗਾਈ ਕਾਰਨ ਸਮੇਂ ਦੇ ਨਾਲ ਪੈਸੇ ਦੀ ਖਰੀਦ ਸ਼ਕਤੀ ਘਟਦੀ ਜਾਂਦੀ ਹੈ। ਇਸ ਲਈ ਨਿਵੇਸ਼ ਕਰਨਾ ਵੀ ਉਨ੍ਹਾਂ ਹੀ ਮਹੱਤਵਪੂਰਨ ਹੈ। ਨਿਵੇਸ਼ ਦਾ ਭਾਵ ਹੈ ਆਪਣੇ ਧਨ ਨੂੰ ਅਜਿਹੀਆਂ ਸੰਪਤੀਆਂ ਵਿੱਚ ਲਗਾਉਣਾ ਜੋ ਸਮੇਂ ਦੇ ਨਾਲ ਉਸਦੀ ਕੀਮਤ ਵਿੱਚ ਵਾਧਾ ਕਰ ਸਕਣ। ਵਿਅਕਤੀ ਆਪਣੀ ਲੋੜ ਅਤੇ ਜੋਖ਼ਮ ਝੱਲਣ ਦੀ ਸਮਰੱਥਾ ਅਨੁਸਾਰ ਬੈਂਕ ਫਿਕਸਡ ਡਿਪਾਜ਼ਿਟ, ਸਰਕਾਰੀ ਸਕੀਮਾਂ, ਮਿਊਚੁਅਲ ਫੰਡ, ਸ਼ੇਅਰ ਬਾਜ਼ਾਰ, ਰੀਅਲ ਅਸਟੇਟ, ਸੋਨਾ ਜਾਂ ਰਿਟਾਇਰਮੈਂਟ ਯੋਜਨਾਵਾਂ ਵਿੱਚ ਨਿਵੇਸ਼ ਕਰ ਸਕਦਾ ਹੈ। ਸਮਝਦਾਰੀ ਨਾਲ ਕੀਤਾ ਗਿਆ ਨਿਵੇਸ਼ ਮਹਿੰਗਾਈ ਨਾਲੋਂ ਤੇਜ਼ੀ ਨਾਲ ਧਨ ਵਿੱਚ ਵਾਧਾ ਕਰਦਾ ਹੈ ਅਤੇ ਭਵਿੱਖ ਦੇ ਵੱਡੇ ਵਿੱਤੀ ਟੀਚਿਆਂ ਨੂੰ ਹਾਸਲ ਕਰਨ ਵਿੱਚ ਮਦਦਗਾਰ ਸਾਬਤ ਹੁੰਦਾ ਹੈ।

ਨਿਵੇਸ਼ ਦੀ ਸਭ ਤੋਂ ਵੱਡੀ ਤਾਕਤ ਵਿਆਜ਼ ਨਾਲ ਮੂਲ ਧਨ ਦੇ ਵਾਧੇ ਵਿੱਚ ਲੁਕੀਂ ਹੋਈ ਹੈ। ਜਦੋਂ ਨਿਵੇਸ਼ ਤੋਂ ਹੋਈ ਕਮਾਈ ਨੂੰ ਦੁਬਾਰਾ ਨਿਵੇਸ਼ ਕੀਤਾ ਜਾਂਦਾ ਹੈ ਤਾਂ ਉਹ ਵੀ ਨਵੀਂ ਕਮਾਈ ਪੈਦਾ ਕਰਦੀ ਹੈ। ਸਾਲਾਂ ਤੱਕ ਕੀਤੇ ਗਏ ਛੋਟੇ-ਛੋਟੇ ਪਰ ਨਿਯਮਿਤ ਨਿਵੇਸ਼ ਵੀ ਇੱਕ ਵੱਡੀ ਪੂੰਜੀ ਵਿੱਚ ਤਬਦੀਲ ਹੋ ਸਕਦੇ ਹਨ। ਇਹ ਸਾਬਤ ਕਰਦਾ ਹੈ ਕਿ ਵਿੱਤੀ ਸਫ਼ਲਤਾ ਸਿਰਫ਼ ਵੱਧ ਆਮਦਨ ਨਾਲ ਨਹੀਂ, ਸਗੋਂ ਅਨੁਸ਼ਾਸਨ, ਧੀਰਜ ਅਤੇ ਨਿਰੰਤਰਤਾ ਨਾਲ ਮਿਲਦੀ ਹੈ।

ਬਚਤ ਅਤੇ ਨਿਵੇਸ਼ ਸਾਨੂੰ ਆਪਣੇ ਸੁਪਨੇ ਸਾਕਾਰ ਕਰਨ ਦੀ ਆਜ਼ਾਦੀ ਵੀ ਦਿੰਦੇ ਹਨ। ਉੱਚ ਸਿੱਖਿਆ ਪ੍ਰਾਪਤ ਕਰਨੀ ਹੋਵੇ, ਆਪਣਾ ਕਾਰੋਬਾਰ ਸ਼ੁਰੂ ਕਰਨਾ ਹੋਵੇ, ਘਰ ਖਰੀਦਣਾ ਹੋਵੇ, ਯਾਤਰਾ ਕਰਨੀ ਹੋਵੇ ਜਾਂ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰਨਾ ਹੋਵੇ—ਹਰ ਟੀਚੇ ਲਈ ਵਿੱਤੀ ਯੋਜਨਾਬੰਦੀ ਲਾਜ਼ਮੀ ਹੈ। ਨਿਯਮਿਤ ਬਚਤ ਅਤੇ ਨਿਵੇਸ਼ ਕਰਨ ਵਾਲੇ ਲੋਕ ਬਿਨਾਂ ਵੱਧ ਕਰਜ਼ਾ ਲਏ ਆਪਣੇ ਸੁਪਨਿਆਂ ਨੂੰ ਹਕੀਕਤ ਵਿੱਚ ਬਦਲ ਸਕਦੇ ਹਨ।

ਰਿਟਾਇਰਮੈਂਟ ਦੀ ਯੋਜਨਾ ਵੀ ਨਿਵੇਸ਼ ਦਾ ਇੱਕ ਮਹੱਤਵਪੂਰਨ ਉਦੇਸ਼ ਹੈ। ਵੱਧਦੀ ਉਮਰ ਦੇ ਨਾਲ ਲੋਕ ਆਪਣੀ ਨੌਕਰੀ ਤੋਂ ਬਾਅਦ ਵੀ ਲੰਮਾ ਜੀਵਨ ਬਤੀਤ ਕਰਦੇ ਹਨ। ਜੇਕਰ ਕੰਮਕਾਜ ਦੇ ਦੌਰਾਨ ਹੀ ਰਿਟਾਇਰਮੈਂਟ ਲਈ ਧਨ ਇਕੱਠਾ ਕੀਤਾ ਜਾਵੇ ਤਾਂ ਬੁਢਾਪੇ ਵਿੱਚ ਆਰਥਿਕ ਸੁਤੰਤਰਤਾ ਬਣੀ ਰਹਿੰਦੀ ਹੈ ਅਤੇ ਦੂਜਿਆਂ 'ਤੇ ਨਿਰਭਰਤਾ ਘੱਟਦੀ ਹੈ। ਇਸ ਨਾਲ ਸਿਹਤ ਸੰਬੰਧੀ ਖ਼ਰਚਿਆਂ ਅਤੇ ਰੋਜ਼ਾਨਾ ਦੀਆਂ ਲੋੜਾਂ ਨੂੰ ਵੀ ਸਨਮਾਨ ਨਾਲ ਪੂਰਾ ਕੀਤਾ ਜਾ ਸਕਦਾ ਹੈ।

ਵਿੱਤੀ ਸੁਰੱਖਿਆ ਮਾਨਸਿਕ ਸਿਹਤ ਲਈ ਵੀ ਬਹੁਤ ਲਾਭਕਾਰੀ ਹੈ। ਪੈਸਿਆਂ ਦੀ ਚਿੰਤਾ ਤਣਾਅ, ਚਿੰਤਾ ਅਤੇ ਪਰਿਵਾਰਕ ਟਕਰਾਵਾਂ ਦਾ ਇੱਕ ਵੱਡਾ ਕਾਰਨ ਬਣਦੀ ਹੈ। ਜਿਨ੍ਹਾਂ ਲੋਕਾਂ ਕੋਲ ਐਮਰਜੈਂਸੀ ਬਚਤ ਅਤੇ ਲੰਬੇ ਸਮੇਂ ਦੇ ਨਿਵੇਸ਼ ਹੁੰਦੇ ਹਨ, ਉਹ ਆਪਣੇ ਭਵਿੱਖ ਪ੍ਰਤੀ ਵਧੇਰੇ ਆਤਮ-ਵਿਸ਼ਵਾਸੀ ਅਤੇ ਨਿਸ਼ਚਿੰਤ ਰਹਿੰਦੇ ਹਨ। ਇਸ ਨਾਲ ਉਹ ਆਪਣੀ ਊਰਜਾ ਨਿੱਜੀ ਵਿਕਾਸ, ਪਰਿਵਾਰਕ ਰਿਸ਼ਤਿਆਂ ਅਤੇ ਸਮਾਜਿਕ ਯੋਗਦਾਨ ਵੱਲ ਕੇਂਦਰਿਤ ਕਰ ਸਕਦੇ ਹਨ।

ਬਚਤ ਦੀ ਆਦਤ ਪਾਉਣ ਲਈ ਵੱਡੀ ਆਮਦਨ ਦੀ ਲੋੜ ਨਹੀਂ ਹੁੰਦੀ। ਇਹ ਸਮਝਦਾਰੀ ਨਾਲ ਬਜਟ ਬਣਾਉਣ, ਲੋੜਾਂ ਅਤੇ ਇੱਛਾਵਾਂ ਵਿੱਚ ਫ਼ਰਕ ਸਮਝਣ, ਗੈਰ-ਜ਼ਰੂਰੀ ਖ਼ਰਚਿਆਂ ਤੋਂ ਬਚਣ ਅਤੇ ਹਰ ਮਹੀਨੇ ਆਮਦਨ ਦਾ ਇੱਕ ਨਿਸ਼ਚਿਤ ਹਿੱਸਾ ਪਹਿਲਾਂ ਹੀ ਬਚਾਉਣ ਨਾਲ ਸ਼ੁਰੂ ਹੁੰਦੀ ਹੈ। ਵਿੱਤੀ ਮਾਹਿਰਾਂ ਦਾ ਸੁਝਾਅ ਹੈ ਕਿ ਪਹਿਲਾਂ ਆਪਣੇ ਲਈ ਬਚਤ ਕਰੋ ਦੇ ਸਿਧਾਂਤ ਨੂੰ ਅਪਣਾਇਆ ਜਾਵੇ। ਨਿਯਮਿਤ ਅਤੇ ਅਨੁਸ਼ਾਸਿਤ ਢੰਗ ਨਾਲ ਕੀਤੀ ਗਈ ਛੋਟੀ ਬਚਤ ਵੀ ਸਮੇਂ ਦੇ ਨਾਲ ਅਸਾਧਾਰਣ ਨਤੀਜ਼ੇ ਦੇ ਸਕਦੀ ਹੈ।

ਸਫ਼ਲ ਨਿਵੇਸ਼ ਲਈ ਵਿੱਤੀ ਸਾਖਰਤਾ ਬਹੁਤ ਜ਼ਰੂਰੀ ਹੈ। ਹਰ ਵਿਅਕਤੀ ਨੂੰ ਜੋਖ਼ਮ, ਵਿਭਿੰਨਤਾ, ਮਹਿੰਗਾਈ ਅਤੇ ਲੰਬੀ ਮਿਆਦ ਦੀ ਯੋਜਨਾਬੰਦੀ ਵਰਗੀਆਂ ਬੁਨਿਆਦੀ ਧਾਰਣਾਵਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਆਪਣੇ ਨਿਵੇਸ਼ ਨੂੰ ਵੱਖ-ਵੱਖ ਸਾਧਨਾਂ ਵਿੱਚ ਵੰਡਣਾ ਜੋਖ਼ਮ ਨੂੰ ਘੱਟਾਉਂਦਾ ਹੈ ਅਤੇ ਵਿੱਤੀ ਸਥਿਰਤਾ ਨੂੰ ਵੱਧਾਉਂਦਾ ਹੈ। ਇਸਦੇ ਨਾਲ ਹੀ ਗੈਰ-ਵਾਜਬ ਅਤੇ ਅਸਾਧਾਰਨ ਮੁਨਾਫ਼ੇ ਦੇ ਲਾਲਚ ਵਾਲੀਆਂ ਯੋਜਨਾਵਾਂ ਤੋਂ ਸਾਵਧਾਨ ਰਹਿਣਾ ਵੀ ਬਹੁਤ ਜ਼ਰੂਰੀ ਹੈ।

ਮਾਪਿਆਂ ਅਤੇ ਸਕੂਲਾਂ ਦੀ ਵੀ ਇਹ ਜ਼ਿੰਮੇਵਾਰੀ ਹੈ ਕਿ ਉਹ ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਧਨ ਦੀ ਮਹੱਤਤਾ, ਬਜਟ ਬਣਾਉਣ, ਸਬਰ ਨਾਲ ਫ਼ੈਸਲੇ ਲੈਣ ਅਤੇ ਜ਼ਿੰਮੇਵਾਰ ਨਿਵੇਸ਼ ਬਾਰੇ ਸਿੱਖਿਆ ਦੇਣ। ਵਿੱਤੀ ਤੌਰ 'ਤੇ ਜਾਗਰੂਕ ਨਾਗਰਿਕ ਨਾ ਸਿਰਫ਼ ਆਪਣਾ ਭਵਿੱਖ ਸੁਰੱਖਿਅਤ ਬਣਾਉਂਦੇ ਹਨ, ਸਗੋਂ ਦੇਸ਼ ਦੀ ਆਰਥਿਕ ਤਰੱਕੀ ਅਤੇ ਸਮਾਜਿਕ ਸਥਿਰਤਾ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਬਚਤ ਸਾਨੂੰ ਸੁਰੱਖਿਆ ਦਿੰਦੀ ਹੈ ਅਤੇ ਨਿਵੇਸ਼ ਸਾਨੂੰ ਮੌਕੇ ਪ੍ਰਦਾਨ ਕਰਦਾ ਹੈ। ਦੋਵੇਂ ਮਿਲ ਕੇ ਵਿੱਤੀ ਸੁਤੰਤਰਤਾ, ਆਤਮ-ਵਿਸ਼ਵਾਸ ਅਤੇ ਮਜ਼ਬੂਤ ਭਵਿੱਖ ਦੀ ਨੀਂਹ ਰੱਖਦੇ ਹਨ। ਇਹ ਸਾਨੂੰ ਅਣਨਿਸ਼ਚਿਤ ਹਾਲਾਤਾਂ ਦਾ ਸਾਹਮਣਾ ਕਰਨ, ਆਪਣੇ ਸੁਪਨੇ ਸਾਕਾਰ ਕਰਨ ਅਤੇ ਸਨਮਾਨ ਨਾਲ ਬੁਢਾਪਾ ਬਿਤਾਉਣ ਦੀ ਤਾਕਤ ਦਿੰਦੇ ਹਨ। ਅੱਜ ਦੇ ਆਰਥਿਕ ਤੌਰ 'ਤੇ ਅਨਿਸ਼ਚਿਤ ਅਤੇ ਤੇਜ਼ੀ ਨਾਲ ਬਦਲਦੇ ਯੁੱਗ ਵਿੱਚ ਬਚਤ ਅਤੇ ਸਮਝਦਾਰੀ ਨਾਲ ਕੀਤਾ ਗਿਆ ਨਿਵੇਸ਼ ਕੋਈ ਵਿਕਲਪ ਨਹੀਂ, ਸਗੋਂ ਹਰ ਵਿਅਕਤੀ ਲਈ ਇੱਕ ਅਟੱਲ ਲੋੜ ਹੈ। ਇੱਕ ਖੁਸ਼ਹਾਲ ਭਵਿੱਖ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਅਸੀਂ ਕਿੰਨਾ ਕਮਾਉਂਦੇ ਹਾਂ ਨਹੀਂ, ਸਗੋਂ ਇਸ ਗੱਲ 'ਤੇ ਕਿ ਅਸੀਂ ਆਪਣੀ ਕਮਾਈ ਨੂੰ ਕਿੰਨੀ ਸਮਝਦਾਰੀ ਨਾਲ ਬਚਾਉਂਦੇ, ਨਿਵੇਸ਼ ਕਰਦੇ ਅਤੇ ਭਵਿੱਖ ਲਈ ਯੋਜਨਾਬੱਧ ਕਰਦੇ ਹਾਂ।

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।



# ਪਾਚਨ ਕਿਰਿਆ ਦੀ ਦਰੁਸਤੀ ਲਈ ਘਰ 'ਚ ਬਣਾਓ 'ਹਰੜ ਦੀ ਗੋਲੀ',

## ਐਸੀਡਿਟੀ ਤੇ ਕਬਜ਼ ਲਈ ਹੈ ਅਸਰਦਾਰ ਘਰੇਲੂ ਉਪਾਅ



ਕੀ ਤੁਸੀਂ ਵੀ ਅਕਸਰ ਭੋਜਨ ਖਾਣ ਤੋਂ ਬਾਅਦ ਪੇਟ 'ਚ ਭਾਰੀ ਮਹਿਸੂਸ ਹੋਣ, ਗੈਸ ਜਾਂ ਖੱਟੇ ਡਕਾਰ ਦੀ ਸ਼ਿਕਾਇਤ ਕਰਦੇ ਹੋ? ਅੱਜ-ਕੱਲ੍ਹ ਜੰਕ ਫੂਡ ਜਾਂ ਥੋੜ੍ਹਾ ਤਲਿਆ ਹੋਇਆ ਭੋਜਨ ਖਾਣ ਤੋਂ ਬਾਅਦ ਐਸੀਡਿਟੀ ਅਤੇ ਕਬਜ਼ ਹੋਣਾ ਆਮ ਗੱਲ ਹੋ ਗਈ ਹੈ।

ਤੁਹਾਨੂੰ ਦੱਸ ਦੇਈਏ ਕਿ ਆਯੁਰਵੇਦ 'ਚ 'ਹਰੜ' ਨੂੰ ਪੇਟ ਲਈ ਅੰਮ੍ਰਿਤ ਤੋਂ ਘੱਟ ਨਹੀਂ ਮੰਨਿਆ ਜਾਂਦਾ ਹੈ। ਅਜਿਹੇ 'ਚ ਅੱਜ ਅਸੀਂ ਤੁਹਾਨੂੰ ਦੱਸਾਂਗੇ ਕਿ ਕਿਸ ਤਰ੍ਹਾਂ ਤੁਸੀਂ ਆਸਾਨੀ ਨਾਲ ਘਰ 'ਚ ਮਿੱਠੀ ਅਤੇ ਖੱਟੀ 'ਹਾਰੜ ਦੀ ਗੋਲੀ' ਬਣਾ ਸਕਦੇ ਹੋ, ਜਿਸ ਨਾਲ ਤੁਹਾਡੀ ਪਾਚਨ ਕਿਰਿਆ 'ਚ ਸੁਧਾਰ ਹੋਵੇਗਾ।

ਹਰੜ ਦੀ ਗੋਲੀ ਬਣਾਉਣ ਲਈ ਜ਼ਰੂਰੀ ਸਮੱਗਰੀ

ਬਾਜ਼ਾਰ 'ਚ ਮਿਲਣ ਵਾਲੀਆਂ ਮਿਲਾਵਟੀ ਗੋਲੀਆਂ ਤੋਂ ਬਚਣ ਲਈ ਤੁਸੀਂ ਆਪਣੀ ਰਸੋਈ 'ਚ ਮੌਜੂਦ ਇਨ੍ਹਾਂ ਸਾਧਾਰਨ ਚੀਜ਼ਾਂ ਦੀ ਵਰਤੋਂ ਕਰ ਸਕਦੇ ਹੋ।

ਛੋਟੀ ਹਰੜ ਜਾਂ ਹਰੜ ਦਾ ਪਾਊਡਰ: 50 ਗ੍ਰਾਮ
ਭੁੰਨਿਆ ਹੋਇਆ ਜੀਰਾ: 2 ਚਮਚੇ
ਅਜਵਾਈਨ : 1 ਚਮਚ
ਕਾਲਾ ਲੂਣ: 1 ਤੋਂ 1.5 ਚਮਚ
ਹਿੰਗ: 2 ਚੁਟਕੀ
ਗੁੜ: 100 ਗ੍ਰਾਮ
ਨਿੰਬੂ ਦਾ ਰਸ: 2 ਚਮਚ

ਹਰੜ ਦੀ ਗੋਲੀ ਬਣਾਉਣ ਦਾ ਆਸਾਨ ਤਰੀਕਾ

ਇਸ ਨੂੰ ਬਣਾਉਣਾ ਬਹੁਤ ਆਸਾਨ ਹੈ। ਤੁਹਾਨੂੰ ਹੇਠਾਂ ਦਿੱਤੇ ਕੁਝ ਸਧਾਰਨ ਸਟੈੱਪਸ ਦੀ ਪਾਲਣਾ ਕਰਨੀ ਪਵੇਗੀ:

ਜੇਕਰ ਤੁਸੀਂ ਪੂਰੀ ਛੋਟੀ ਹਰੜ ਦੀ ਵਰਤੋਂ ਕਰ ਰਹੇ ਹੋ ਤਾਂ ਇਕ ਪੈਨ 'ਚ ਅੱਧਾ ਚੱਮਚ ਦੇਸੀ ਘਿਓ ਲਓ ਤੇ ਆਂਵਲੇ ਨੂੰ ਥੋੜ੍ਹਾ ਜਿਹਾ ਫੁੱਲਣ ਤਕ ਘੱਟ ਅੱਗ 'ਤੇ ਭੁੰਨ ਲਓ। ਠੰਡਾ ਹੋਣ ਤੋਂ ਬਾਅਦ ਇਸ ਨੂੰ ਮਿਕਸਰ 'ਚ ਪੀਹ ਕੇ ਬਰੀਕ ਪਾਊਡਰ ਬਣਾ ਲਓ।

ਹੁਣ ਇਸ ਹਰੜ ਦੇ ਪਾਊਡਰ 'ਚ ਭੁੰਨਿਆ ਹੋਇਆ ਜੀਰਾ, ਅਜਵਾਈਨ, ਕਾਲਾ ਨਮਕ ਤੇ ਹੀਂਗ ਪਾਓ ਤੇ ਸਾਰੀਆਂ ਸੁੱਕੀਆਂ ਚੀਜ਼ਾਂ ਨੂੰ ਚੰਗੀ ਤਰ੍ਹਾਂ ਨਾਲ ਮਿਲਾਓ।

ਇਕ ਭਾਂਡੇ 'ਚ ਥੋੜ੍ਹਾ ਜਿਹਾ ਪਾਣੀ ਤੇ ਗੁੜ ਪਾ ਕੇ ਇਸ ਨੂੰ ਘੱਟ ਅੱਗ 'ਤੇ ਪਿਘਲਾ ਲਓ। ਧਿਆਨ ਰੱਖੋ ਕਿ ਚਾਸ਼ਨੀ ਜ਼ਿਆਦਾ ਗਾੜ੍ਹੀ ਨਾ ਹੋਵੇ, ਬਸ ਗੁੜ ਨੂੰ ਚੰਗੀ ਤਰ੍ਹਾਂ ਪਿਘਲਾਉਣਾ ਹੈ।

ਜਦੋਂ ਗੁੜ ਪੂਰੀ ਤਰ੍ਹਾਂ ਪਿਘਲ ਜਾਵੇ ਤਾਂ ਗੈਸ ਬੰਦ ਕਰ ਦਿਓ। ਹੁਣ ਇਸ 'ਚ ਤਿਆਰ ਮਸਾਲਾ ਤੇ ਹਰੜ ਦਾ ਪਾਊਡਰ ਪਾਓ ਤੇ ਚੰਗੀ ਤਰ੍ਹਾਂ ਮਿਲਾਓ। ਉੱਪਰ ਨਿੰਬੂ ਦਾ ਰਸ ਪਾਓ ਤੇ ਮਿਕਸ ਕਰੋ।

ਜਦੋਂ ਮਿਸ਼ਰਨ ਹਲਕਾ ਗਰਮ ਜਾਂ ਛੂਹਣ ਲਾਇਕ ਹੋ ਜਾਵੇ ਤਾਂ ਆਪਣੀਆਂ ਹਥੇਲੀਆਂ 'ਤੇ ਥੋੜ੍ਹਾ ਜਿਹਾ ਘਿਓ ਜਾਂ ਪਾਣੀ ਲਗਾਓ। ਹੁਣ ਇਸ ਮਿਸ਼ਰਣ ਦੀਆਂ ਛੋਟੀਆਂ-ਛੋਟੀਆਂ ਗੋਲੀਆਂ ਬਣਾ ਲਓ।

ਇਨ੍ਹਾਂ ਗੋਲੀਆਂ ਨੂੰ 3 ਤੋਂ 4 ਘੰਟਿਆਂ ਲਈ ਹਵਾ ਜਾਂ ਹਲਕੀ ਧੁੱਪ ਵਿਚ ਸੁੱਕਣ ਦਿਓ। ਸੁੱਕਣ ਤੋਂ ਬਾਅਦ, ਉਨ੍ਹਾਂ ਨੂੰ ਕੱਚ ਜਾਂ ਪਲਾਸਟਿਕ ਦੇ ਏਅਰਟਾਈਟ ਕੰਟੇਨਰ 'ਚ ਸਟੋਰ ਕਰੋ। ਤੁਹਾਡੀਆਂ ਸੁਆਦੀ ਹਰੜ ਦੀਆਂ ਗੋਲੀਆਂ ਤਿਆਰ ਹਨ।

ਕਦੋਂ ਤੇ ਕਿਵੇਂ ਖਾਈਏ ?

ਖਾਣੇ ਤੋਂ ਬਾਅਦ ਲਓ: ਹਰ ਰੋਜ਼ ਦੁਪਹਿਰ ਜਾਂ ਰਾਤ ਦੇ ਖਾਣੇ ਤੋਂ 10-15 ਮਿੰਟ ਬਾਅਦ, ਹਰੜ ਦੀ ਗੋਲੀ ਆਪਣੇ ਮੂੰਹ 'ਚ ਰੱਖੋ ਅਤੇ ਇਸਨੂੰ ਟੌਫੀ ਵਾਂਗ ਹੌਲੀ-ਹੌਲੀ ਚੂਸੋ।

ਤੁਰੰਤ ਮਿਲੇਗੀ ਰਾਹਤ: ਜੇਕਰ ਤੁਹਾਨੂੰ ਅਚਾਨਕ ਗੈਸ ਬਣਨ ਜਾਂ ਛਾਤੀ 'ਚ ਜਲਨ ਮਹਿਸੂਸ ਹੋਵੇ ਤਾਂ ਇਕ ਗੋਲੀ ਕੋਸੇ ਪਾਣੀ ਨਾਲ ਚਬਾ ਕੇ ਖਾਓ।

ਇਹ ਛੋਟੀ ਗੋਲੀ ਪੇਟ ਲਈ ਰਾਮਬਾਣ ਹੈ। ਇਸ ਦੇ ਨਿਯਮਤ ਸੇਵਨ ਨਾਲ ਪੁਰਾਣੀ ਕਬਜ਼ ਵੀ ਦੂਰ ਹੁੰਦੀ ਹੈ, ਭੋਜਨ ਜਲਦੀ ਪਚਦਾ ਹੈ ਅਤੇ ਭੁੱਖ ਵਧਦੀ ਹੈ।

# ਲਿਫਟ 'ਚ ਸ਼ੀਸ਼ੇ ਸਿਰਫ਼ ਚਿਹਰਾ ਦੇਖਣ ਲਈ ਨਹੀਂ ਹੁੰਦੇ, ਇਸਦੀ ਅਸਲ ਵਜ੍ਹਾ ਜਾਣ ਕੇ ਹੈਰਾਨ ਰਹਿ ਜਾਓਗੇ ਤੁਸੀਂ

ਕਿਸੇ ਵੀ ਮਾਲ, ਦਫ਼ਤਰ ਜਾਂ ਬਿਲਡਿੰਗ ਦੀ ਲਿਫਟ ਵਿੱਚ ਤੁਸੀਂ ਸ਼ੀਸ਼ਾ ਲੱਗਿਆ ਹੋਇਆ ਜ਼ਰੂਰ ਦੇਖਿਆ ਹੋਵੇਗਾ। ਲਿਫਟ 'ਚ ਵੜਦਿਆਂ ਹੀ ਲੋਕ ਸ਼ੀਸ਼ੇ ਵਿੱਚ ਖੁਦ ਨੂੰ ਦੇਖਣ ਲੱਗ ਜਾਂਦੇ ਹਨ, ਵਾਲ ਠੀਕ ਕਰਨ ਲੱਗਦੇ ਹਨ ਜਾਂ ਫਿਰ 'ਮਿਰਰ ਸੈਲਫੀ' ਰਾਹੀਂ ਆਪਣੀ ਅੱਜ ਦੀ ਡਰੈੱਸ ਕੈਪਚਰ ਕਰਨ ਲੱਗ ਜਾਂਦੇ ਹਨ। ਹੋ ਸਕਦਾ ਹੈ ਕਿ ਤੁਸੀਂ ਵੀ ਅਜਿਹਾ ਕਰਦੇ ਹੋਵੋ ਪਰ ਕੀ ਤੁਸੀਂ ਜਾਣਦੇ ਹੋ ਕਿ ਲਿਫਟ ਵਿੱਚ ਸ਼ੀਸ਼ੇ ਕਿਉਂ ਲਗਾਏ ਜਾਂਦੇ ਹਨ?

ਕੀ ਲਿਫਟ ਵਿੱਚ ਸ਼ੀਸ਼ਾ ਸਿਰਫ਼ ਖੁਦ ਨੂੰ ਦੇਖਣ ਜਾਂ ਵਾਲ ਸੰਵਾਰਨ ਲਈ ਲਗਾਇਆ ਜਾਂਦਾ ਹੈ ਜਾਂ ਇਸਦੇ ਪਿੱਛੇ ਕੋਈ ਹੋਰ ਹੀ ਵਜ੍ਹਾ ਹੈ? ਆਓ ਜਾਣੀਏ ਲਿਫਟ ਵਿੱਚ ਸ਼ੀਸ਼ਾ ਲਗਾਉਣ ਦੇ ਅਸਲ ਕਾਰਨ ਕੀ ਹਨ।

### ਕਲੌਸਟ੍ਰੋਫੋਬੀਆ (Claustrophobia) ਤੋਂ ਬਚਾਅ

ਲਿਫਟ ਦਾ ਸਾਈਜ਼ ਛੋਟਾ ਹੁੰਦਾ ਹੈ ਅਤੇ ਇਹ ਚਾਰੇ ਪਾਸਿਓਂ ਬੰਦ ਹੁੰਦੀ ਹੈ। ਅਜਿਹੀ ਸਥਿਤੀ ਵਿੱਚ, ਜਿਨ੍ਹਾਂ ਲੋਕਾਂ ਨੂੰ ਛੋਟੀਆਂ ਜਾਂ ਬੰਦ ਥਾਵਾਂ ਤੋਂ ਡਰ ਲੱਗਦਾ ਹੈ, ਉਨ੍ਹਾਂ ਲਈ ਲਿਫਟ ਦੀ ਵਰਤੋਂ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਜ਼ਿਆਦਾ ਭੀੜ ਹੋਣ 'ਤੇ ਵੀ ਲਿਫਟ ਵਿੱਚ ਘੁਟਣ ਦਾ ਅਹਿਸਾਸ ਹੋ ਸਕਦਾ ਹੈ। ਇਸ ਲਈ, ਸ਼ੀਸ਼ੇ ਰਾਹੀਂ ਇੱਕ ਭਰਮ ਪੈਦਾ ਕੀਤਾ ਜਾਂਦਾ ਹੈ ਕਿ ਲਿਫਟ ਵਿੱਚ ਕਾਫੀ ਜਗ੍ਹਾ ਹੈ। ਸ਼ੀਸ਼ੇ ਵਿੱਚ ਲਿਫਟ ਦਾ ਹਿੱਸਾ ਰਿਫਲੈਕਟ ਹੁੰਦਾ ਹੈ, ਜਿਸ ਨਾਲ ਲੋਕਾਂ ਨੂੰ ਲੱਗਦਾ ਹੈ ਕਿ ਜਗ੍ਹਾ ਕਾਫੀ ਖੁੱਲ੍ਹੀ ਹੈ ਅਤੇ ਇਸ ਨਾਲ ਦਿਮਾਗ ਸ਼ਾਂਤ ਰਹਿੰਦਾ ਹੈ।

### ਲੋਕਾਂ ਦਾ ਧਿਆਨ ਭਟਕਾਉਣਾ

ਬਹੁਮੰਜ਼ਿਲੀਆਂ ਇਮਾਰਤਾਂ ਵਿੱਚ ਹੇਠਾਂ ਜਾਂ ਉੱਪਰ ਜਾਣ ਵਿੱਚ ਸਮਾਂ ਲੱਗਦਾ ਹੈ। ਇਸ ਲਈ ਲੋਕਾਂ ਦਾ ਧਿਆਨ ਭਟਕਾਉਣ ਲਈ ਲਿਫਟ ਵਿੱਚ ਸ਼ੀਸ਼ੇ ਲਗਾਏ ਗਏ ਤਾਂ ਜੋ ਲੋਕ ਖੁਦ ਨੂੰ ਦੇਖਣ ਵਿੱਚ ਰੁੱਝ ਜਾਣ ਅਤੇ ਉਨ੍ਹਾਂ ਨੂੰ ਲਿਫਟ ਦੇ ਸਫ਼ਰ ਦਾ ਪਤਾ ਹੀ ਨਾ ਲੱਗੇ। ਇਸ ਨਾਲ ਲਿਫਟ ਦਾ ਸਫ਼ਰ ਲੋਕਾਂ ਨੂੰ ਛੋਟਾ ਲੱਗਦਾ ਹੈ ਅਤੇ ਲੋਕ ਸਮੇਂ ਨੂੰ ਲੈ ਕੇ ਸ਼ਿਕਾਇਤ ਨਹੀਂ ਕਰਦੇ।

### ਸੁਰੱਖਿਆ ਵੀ ਹੈ ਇੱਕ ਵੱਡੀ ਵਜ੍ਹਾ

ਲਿਫਟ 'ਚ ਸ਼ੀਸ਼ਾ ਲਗਾਉਣ ਦਾ ਇੱਕ ਕਾਰਨ ਸੁਰੱਖਿਆ ਨਾਲ ਵੀ ਜੁੜਿਆ ਹੋਇਆ ਹੈ। ਸ਼ਾਪਿੰਗ ਮਾਲ ਜਾਂ ਦਫ਼ਤਰਾਂ ਦੀ ਲਿਫਟ ਵਿੱਚ ਅਕਸਰ ਅਣਜਾਣ ਲੋਕ ਇੱਕਠੇ ਸਫ਼ਰ ਕਰਦੇ ਹਨ। ਅਜਿਹੇ ਵਿੱਚ ਸ਼ੀਸ਼ਾ ਲੱਗਿਆ ਹੋਣ ਕਰਕੇ ਕਿਸੇ ਵੀ ਤਰ੍ਹਾਂ ਦੀ ਬਦਤਮੀਜ਼ੀ ਜਾਂ ਚੋਰੀ ਦਾ ਖ਼ਤਰਾ ਘੱਟ ਹੋ ਜਾਂਦਾ ਹੈ, ਕਿਉਂਕਿ ਵਿਅਕਤੀ ਸ਼ੀਸ਼ੇ ਰਾਹੀਂ ਆਪਣੇ ਨਾਲ ਜਾਂ ਪਿੱਛੇ ਖੜ੍ਹੇ ਵਿਅਕਤੀ 'ਤੇ ਆਸਾਨੀ ਨਾਲ ਨਜ਼ਰ ਰੱਖ ਸਕਦਾ ਹੈ।

### ਵ੍ਹੀਲਚੇਅਰ ਯੂਜ਼ਰਸ ਲਈ ਮਦਦਗਾਰ

ਲਿਫਟ ਦਾ ਸਾਈਜ਼ ਐਨਾ ਵੱਡਾ ਨਹੀਂ ਹੁੰਦਾ ਕਿ ਲੋਕਾਂ ਦੀ ਮੌਜੂਦਗੀ ਵਿੱਚ ਉਸ ਨੂੰ ਆਸਾਨੀ ਨਾਲ ਘੁਮਾਇਆ ਜਾ ਸਕੇ। ਅਜਿਹੀ ਸਥਿਤੀ ਵਿੱਚ, ਸ਼ੀਸ਼ਾ ਲੱਗਿਆ ਹੋਣ ਕਰਕੇ ਲਿਫਟ ਵਿੱਚੋਂ ਬਾਹਰ ਨਿਕਲਦੇ ਸਮੇਂ ਵ੍ਹੀਲਚੇਅਰ ਯੂਜ਼ਰਸ ਨੂੰ ਬਾਰ-ਬਾਰ ਪਿੱਛੇ ਮੁੜ ਕੇ ਨਹੀਂ ਦੇਖਣਾ ਪੈਂਦਾ। ਇਸ ਨਾਲ ਉਨ੍ਹਾਂ ਨੂੰ ਸੱਟ ਲੱਗਣ ਜਾਂ ਦਰਵਾਜ਼ੇ ਦੇ ਵਿਚਕਾਰ ਫਸਣ ਦਾ ਖ਼ਤਰਾ ਕਾਫੀ ਘੱਟ ਹੋ ਜਾਂਦਾ ਹੈ।












# ਰਾਸ਼ੀਫਲ

**ਮੇਸ਼ ਰਾਸ਼ੀ:** ਅੱਜ ਤੁਸੀਂ ਭਾਵੁਕ ਅਤੇ ਨਿਰਾਸ਼ ਮਹਿਸੂਸ ਕਰੋਗੇ। ਤੁਸੀਂ ਆਪਣੇ ਰਿਸ਼ਤਿਆਂ ਨੂੰ ਮਜਬੂਤ ਕਰਨ ਲਈ ਵਿਸ਼ੇਸ਼ ਕੋਸ਼ਿਸ਼ਾਂ ਕਰੋਗੇ। ਤੁਸੀਂ ਵਚਨਬੱਧਤਾ ਨੂੰ ਭਵਿੱਖ ਲਈ ਸੁਰੱਖਿਆ ਦੇ ਵਜੋਂ ਦੇਖਦੇ ਹੋ। ਇਸ ਦੇ ਨਤੀਜੇ ਵਜੋਂ, ਤੁਸੀਂ ਮਜ਼ਬੂਤ, ਲੰਬੇ ਸਮੇਂ ਤੱਕ ਚੱਲਣ ਵਾਲੇ ਰਿਸ਼ਤੇ ਵਿਕਸਿਤ ਕਰੋਗੇ।

**ਵ੍ਰਿਸ਼ਭ ਰਾਸ਼ੀ:** ਚੀਜ਼ਾਂ ਬਹੁਤ ਮੁਸ਼ਕਿਲ ਅਤੇ ਗੁੰਝਲਦਾਰ ਬਣਨਗੀਆਂ। ਅੱਜ ਅਸਫਲਤਾ ਅਤੇ ਚੁਣੌਤੀਆਂ ਲਈ ਤਿਆਰ ਰਹੋ। ਭਾਵੇਂ ਸਮੱਸਿਆ ਕਿੰਨੀ ਹੀ ਵੱਡੀ ਕਿਉਂ ਨਾ ਹੋਵੇ, ਤੁਹਾਡੀ ਕਾਬਲੀਅਤ, ਤੁਹਾਡੀ ਸਾਧਨ-ਸੰਪਨਤਾ ਨਾਲ ਤੁਸੀਂ ਇਸ 'ਤੇ ਜਿੱਤ ਹਾਸਿਲ ਕਰ ਪਾਓਗੇ। ਕੇਂਦਰਿਤ ਅਤੇ ਸੁਚੇਤ ਰਹਿਣ ਦੀ ਕੋਸ਼ਿਸ਼ ਕਰੋ। ਸਾਵਧਾਨ ਅਤੇ ਚੌਕਸ ਰਹੋ। ਸਾਵਧਾਨੀ ਅਤੇ ਸੂਝ ਨਾਲ ਪੇਸ਼ ਆਓ। ਤੁਹਾਨੂੰ ਕੇਵਲ ਇਸ ਦੀ ਲੋੜ ਹੈ। ਕੋਈ ਸੰਕਟ ਜਾਂ ਦੁਵਿਧਾ ਤੁਹਾਨੂੰ ਰੋਕ ਨਹੀਂ ਸਕੇਗੀ। ਤੁਸੀਂ ਅਪਾਰ ਸਫਲਤਾ ਹਾਸਿਲ ਕਰੋਗੇ।

**ਮਿਥੁਨ ਰਾਸ਼ੀ:** ਤੁਸੀਂ ਅੱਜ ਬੀਤੇ ਸਮੇਂ ਦੀਆਂ ਯਾਦਾਂ ਵਿੱਚ ਖੋ ਜਾਓਗੇ। ਤੁਸੀਂ ਉਦਾਸੀਨ ਮੂਡ ਵਿੱਚ ਹੋਵੋਗੇ। ਬੌਧਿਕ ਕੰਮ ਤੁਹਾਨੂੰ ਆਕਰਸ਼ਿਤ ਕਰਨਗੇ। ਬੀਤੇ ਸਮੇਂ ਦੀ ਪਰਛਾਈ ਤੁਹਾਡੇ ਮੌਜੂਦਾ ਅਤੇ ਆਉਣ ਵਾਲੇ ਸਮੇਂ 'ਤੇ ਨਾ ਪੈਣ ਦਿਓ।

**ਕਰਕ ਰਾਸ਼ੀ:** ਅੱਜ ਦੇ ਦਿਨ ਤੁਸੀਂ ਆਪਣੇ ਆਪ ਨੂੰ ਪ੍ਰਸੰਨਤਾ ਭਰੇ ਭਾਵਾਂ ਵਿੱਚ ਪਾਓਗੇ। ਕਿਉਂਕਿ ਤੁਸੀਂ ਖੁਸ਼ ਅਤੇ ਜੋਸ਼ ਵਿੱਚ ਮਹਿਸੂਸ ਕਰ ਰਹੇ ਹੋ, ਤੁਸੀਂ ਸਖਤ ਮਿਹਨਤ ਕਰਨ ਵਿੱਚ ਸੰਕੋਚ ਮਹਿਸੂਸ ਨਹੀਂ ਕਰੋਗੇ, ਭਾਵੇਂ ਇਹ ਕੁਝ ਬੇਮਤਲਬ ਦੀਆਂ ਗਤੀਵਿਧੀਆਂ ਜਾਂ ਕੰਮ ਵਿੱਚ ਕਿਉਂ ਨਾ ਹੋਵੇ। ਇਹ ਬਾਗਬਾਨੀ, ਖਾਣਾ ਪਕਾਉਣ, ਬੇਕਿੰਗ ਅਤੇ ਇੱਥੋਂ ਤੱਕ ਕਿ ਵਧੀਆ ਨਿੱਘੇ ਮੇਲ-ਮਿਲਾਪ ਜਿਹੀਆਂ ਗਤੀਵਿਧੀਆਂ ਲਈ ਉੱਤਮ ਦਿਨ ਹੈ। ਸ਼ਾਮ ਦੇ ਸਿਤਾਰੇ ਤੁਹਾਨੂੰ ਬਾਹਰ ਜਾਣ ਅਤੇ ਆਪਣੇ ਪਿਆਰੇ 'ਤੇ – ਭਾਵਨਾ, ਪੈਸੇ ਜਾਂ ਸਮਾਂ ਨਿਛਾਵਰ ਕਰਨ ਲਈ ਪ੍ਰੇਰਿਤ ਕਰ ਰਹੇ ਹਨ।

**ਸਿੰਘ ਰਾਸ਼ੀ:** ਸ਼ੇਅਰਾਂ ਅਤੇ ਸਟੌਕ ਦੇ ਵਿੱਚ ਵਿੱਤੀ ਲਾਭ ਹੋਣਗੇ। ਜੇ ਤੁਸੀਂ ਇੱਕ ਨਿਵੇਸ਼ਕ ਹੋ ਤਾਂ ਤੁਹਾਡੇ ਨਿਵੇਸ਼ ਭਾਰੀ ਲਾਭ ਦੇਣਗੇ। ਲੰਬੇ ਸਮੇਂ ਤੋਂ ਪਏ ਕਰਜ਼ ਵੀ ਚੁਕਾਏ ਜਾ ਸਕਦੇ ਹਨ, ਅਤੇ ਬਕਾਇਆ ਪਈਆਂ ਰਕਮਾਂ ਦਾ ਭੁਗਤਾਨ ਕੀਤਾ ਜਾਵੇਗਾ। ਮਨੋਰੰਜਨ 'ਤੇ ਪੈਸੇ ਖਰਚੇ ਜਾਣ ਦੀਆਂ ਸੰਭਾਵਨਾਵਾਂ ਹਨ।

**ਕੰਨਿਆ ਰਾਸ਼ੀ:** ਅੱਜ ਪਰਿਵਾਰਿਕ ਮਾਮਲੇ ਹਾਵੀ ਰਹਿਣਗੇ। ਉਹ ਬਾਕੀ ਸਭ ਕੁਝ ਭੁਲਾਉਂਦੇ ਹੋਏ ਤੁਹਾਡੇ ਵਿਚਾਰਾਂ ਨੂੰ ਵੀ ਨਿਯੰਤਰਿਤ ਕਰਨਗੇ। ਚੀਜ਼ਾਂ ਵਪਾਰਕ ਪੱਖੋਂ ਵਧੀਆ ਰਹਿਣਗੀਆਂ। ਤੁਸੀਂ ਸ਼ਾਮ ਨੂੰ ਆਰਾਮ ਕਰਨ ਵਿੱਚ ਸਮਾਂ ਬਿਤਾ ਸਕਦੇ ਹੋ। ਧਾਰਮਿਕ ਥਾਂ 'ਤੇ ਯਾਤਰਾ ਹੋਣ ਦੀ ਸੰਭਾਵਨਾ ਹੈ।

**ਤੁਲਾ ਰਾਸ਼ੀ:** ਅੱਜ ਅਜਿਹਾ ਦਿਨ ਹੈ ਜਦੋਂ ਤੁਸੀਂ ਆਪਣੇ ਪਰਿਵਾਰ ਦੇ ਜੀਆਂ ਨਾਲ ਖੁਸ਼ੀ ਭਰੇ ਪਲ ਬਿਤਾਓਗੇ। ਤੁਸੀਂ ਖੁਸ਼ ਮਹਿਸੂਸ ਕਰੋਗੇ ਅਤੇ ਤੁਹਾਨੂੰ ਆਪਣੇ ਪਿਆਰੇ ਨਾਲ ਕੁਝ ਰੋਮਾਂਟਿਕ ਸਮਾਂ ਬਿਤਾਉਣ ਨੂੰ ਮਿਲੇਗਾ। ਤੁਹਾਡੀਆਂ ਅੰਦਰੂਨੀ ਭਾਵਨਾਵਾਂ ਤੁਹਾਡੇ ਜੀਵਨ ਸਾਥੀ ਦੇ ਅੰਦਰੂਨੀ ਵਿਚਾਰਾਂ ਵਿੱਚ ਦਿਖਾਈ ਦੇਣਗੀਆਂ, ਅਤੇ ਅੱਜ ਤੁਸੀਂ ਦੋਨੋਂ ਇੱਕ ਦੂਜੇ ਦੇ ਨਾਲ-ਨਾਲ ਹੋਵੋਂਗੇ। ਨੇੜਤਾ ਦੇ ਇਹਨਾਂ ਸੁਹਾਵਣੇ ਪਲਾਂ ਦਾ ਆਨੰਦ ਮਾਣੋ।

**ਵ੍ਰਿਸ਼ਚਿਕ ਰਾਸ਼ੀ:** ਅੱਜ ਦਾ ਦਿਨ ਤੁਹਾਡੇ ਲਈ ਇੱਕ ਹੋਰ ਨੀਰਸ ਦਿਨ ਹੈ। ਕੰਮ 'ਤੇ, ਤਣਾਅ ਵਧ ਸਕਦਾ ਹੈ ਅਤੇ ਵਿਅਸਤ ਅਤੇ ਥਕਾਉ ਦਿਨ ਦਾ ਕਾਰਨ ਬਣ ਸਕਦਾ ਹੈ। ਤੁਸੀਂ ਹਰ ਸਮੇਂ ਚਿੜਚਿੜੇ ਵੀ ਮਹਿਸੂਸ ਕਰ ਸਕਦੇ ਹੋ। ਇਸ ਲਈ, ਆਪਣੇ ਆਪ ਨੂੰ ਪ੍ਰਕਟ ਕਰਨ ਦੀ ਲੋੜ ਮਹਿਸੂਸ ਕਰਦੇ ਹੋਏ, ਤੁਸੀਂ ਆਪਣੇ ਪਿਆਰੇ ਨੂੰ ਕੌਫੀ ਪੀਣ ਲਈ ਸੱਦਾ ਦੇ ਸਕਦੇ ਹੋ ਅਤੇ ਇਕੱਠੇ ਕੁਝ ਵਧੀਆ ਸਮਾਂ ਬਿਤਾ ਸਕਦੇ ਹੋ।

**ਧਨੁ ਰਾਸ਼ੀ:** ਤੁਸੀਂ ਜਲਦੀ ਜਾਂ ਦੇਰੀ ਨਾਲ ਇੱਛਿਤ ਪ੍ਰਵਾਨਗੀ ਅਤੇ ਪਛਾਣ ਪ੍ਰਾਪਤ ਕਰ ਸਕਦੇ ਹੋ। ਆਪਣੇ ਹੌਸਲੇ ਬੁਲੰਦ ਰੱਖੋ ਅਤੇ ਸਹੀ ਪਲ ਦੇ ਆਉਣ ਲਈ ਇੰਤਜ਼ਾਰ ਕਰੋ। ਨਿਰਾਸ਼ ਹੋਣਾ ਤੁਹਾਡੇ ਪ੍ਰਦਰਸ਼ਨ ਦੇ ਰਾਹ ਵਿੱਚ ਰੁਕਾਵਟ ਬਣ ਸਕਦਾ ਹੈ, ਇਸ ਲਈ, ਮਿਹਨਤ ਕਰਨੀ ਜਾਰੀ ਰੱਖੋ।

**ਮਕਰ ਰਾਸ਼ੀ:** ਤੁਸੀਂ ਬਹੁਤ ਸਾਰੇ ਭਾਵਨਾਤਮਕ ਬੇਵਕੂਫਾਂ ਬਾਰੇ ਸੁਣਿਆ ਹੋਵੇਗਾ ਜੋ ਭਾਵਨਾਵਾਂ ਨੂੰ ਆਪਣੇ ਜੀਵਨ 'ਤੇ ਹਾਵੀ ਹੋਣ ਦਿੰਦੇ ਹਨ। ਉਹਨਾਂ ਜਿਹਾ ਨਾ ਬਣਨ ਦੀ ਕੋਸ਼ਿਸ਼ ਕਰੋ, ਅਤੇ ਜੇ ਇਹ ਬਹੁਤ ਮੁਸ਼ਕਿਲ ਕੰਮ ਹੈ ਤਾਂ ਘੱਟੋ ਘੱਟ ਉਹਨਾਂ ਜਿਹਾ ਨਾ ਦਿਖਣ ਦੀ ਕੋਸ਼ਿਸ਼ ਕਰੋ, ਕਿਉਂਕਿ ਤੁਹਾਡੀਆਂ ਭਾਵਨਾਵਾਂ ਵਿੱਚ ਵਹਿ ਜਾਣਾ ਤੁਹਾਨੂੰ ਬੁਰੀ ਸਥਿਤੀ ਵਿੱਚ ਪਾ ਸਕਦਾ ਹੈ। ਦੂਸਰੇ ਸ਼ਬਦਾਂ ਵਿੱਚ, ਤੁਹਾਡੀਆਂ ਭਾਵਨਾਵਾਂ ਤੁਹਾਡੀ ਸਫਲਤਾ ਦੇ ਰਾਹ ਵਿੱਚ ਆ ਸਕਦੀਆਂ ਹਨ। ਇਸ ਸਮੱਸਿਆ ਦਾ ਹੱਲ ਸ਼ਾਂਤ ਰਹਿਣਾ ਅਤੇ ਮੌਕਾਪ੍ਰਸਤ ਵਿਅਕਤੀ ਨੂੰ ਇਹ ਸੋਚਣ ਦੇਣਾ ਹੈ ਕਿ ਤੁਹਾਨੂੰ ਹਰਾਉਣਾ ਮੁਸ਼ਕਿਲ ਕੰਮ ਹੈ।

**ਕੁੰਭ ਰਾਸ਼ੀ:** ਤੁਸੀਂ ਆਪਣੀ ਸ਼ਖਸ਼ੀਅਤ ਦੇ ਭਾਵਨਾਤਮਕ ਅਤੇ ਤਰਕਸ਼ੀਲ ਪੱਖ ਵਿਚਕਾਰ ਸੰਤੁਲਨ ਬਣਾ ਪਾਓਗੇ। ਤੁਸੀਂ ਆਪਣੇ ਕੰਮ ਵਿੱਚ ਖੁਸ਼ੀ ਪਾਓਗੇ ਅਤੇ ਆਪਣੇ ਨਿੱਜੀ ਜੀਵਨ ਨੂੰ ਆਪਣੇ ਪੇਸ਼ੇਵਰ ਜੀਵਨ ਵਿੱਚ ਸਫਲਤਾਪੂਰਵਕ ਮਿਲਾਓਗੇ। ਵਿੱਤੀ ਪੱਖੋਂ, ਕੋਈ ਮਹੱਤਵਪੂਰਨ ਮੁੱਦੇ ਨਹੀਂ ਹਨ, ਪਰ ਬਹੁਤ ਛੋਟੇ ਮਾਮਲੇ ਤੁਹਾਡੇ ਮਨ ਨੂੰ ਘੇਰ ਸਕਦੇ ਹਨ।

**ਮੀਨ ਰਾਸ਼ੀ:** ਅੱਜ ਤੁਹਾਡਾ ਦਿਨ ਵਿੱਤੀ ਲਾਭਾਂ ਨਾਲ ਭਰਿਆ ਹੋਇਆ ਹੈ। ਵਪਾਰ ਜਾਂ ਕੁਝ ਹੋਰ ਨਿਵੇਸ਼ਾਂ ਤੋਂ ਪੈਸਾ ਆ ਸਕਦਾ ਹੈ। ਲੋਕਾਂ ਨਾਲ ਰਿਸ਼ਤੇ ਬਣਾਉਣ ਅਤੇ ਨੈੱਟਵਰਕਿੰਗ ਦੇ ਉੱਤਮ ਕੌਸ਼ਲ ਹੋਣੇ ਲਾਭਦਾਇਕ ਸਾਬਿਤ ਹੋ ਸਕਦੇ ਹਨ ਅਤੇ ਤੁਸੀਂ ਉਮੀਦ ਨਾ ਕੀਤੇ ਸਰੋਤਾਂ ਤੋਂ ਇੱਕ ਜਾਂ ਦੋ ਸੌਦੇ ਕਰ ਸਕਦੇ ਹੋ।

# 12,000 ਫੁੱਟ ਦੀ ਉਚਾਈ 'ਤੇ ਪਾਇਲਟ ਅਚਾਨਕ ਹੋਇਆ ਬੇਹੋਸ਼...

## ਜਦੋਂ ਯਾਤਰੀਆਂ ਨੇ ਕਿਹਾ ਸਾਨੂੰ ਜਹਾਜ਼ ਉਡਾਉਣਾ ਨਹੀਂ ਆਉਂਦਾ... !

ਅਸਮਾਨ ਵਿੱਚ 12,000 ਫੁੱਟ ਦੀ ਉਚਾਈ... ਪਾਇਲਟ ਅਚਾਨਕ ਬੇਹੋਸ਼... ਅਤੇ ਜਹਾਜ਼ ਵਿੱਚ ਬੈਠੇ 6 ਅਜਨਬੀ ਯਾਤਰੀ, ਜਿਨ੍ਹਾਂ ਨੂੰ ਉੱਡਣ ਦਾ 'ੳ' ਵੀ ਨਹੀਂ ਆਉਂਦਾ ਸੀ ! ਕੀ ਉਹ ਜ਼ਿੰਦਾ ਬਚ ਸਕੇ ?"

ਸਾਲ ਸੀ 2022, ਇੱਕ ਛੋਟਾ ਹਵਾਈ ਜਹਾਜ਼ ਕਰੀਬ 12 ਹਜ਼ਾਰ ਫੁੱਟ ਦੀ ਉਚਾਈ 'ਤੇ ਉੱਡ ਰਿਹਾ ਸੀ ਕਿ ਅਚਾਨਕ ਉਸਦਾ ਪਾਇਲਟ ਬੇਹੋਸ਼ ਹੋ ਗਿਆ। ਜਹਾਜ਼ ਵਿੱਚ ਬੈਠੇ ਯਾਤਰੀਆਂ ਦੇ ਹੋਸ਼ ਉੱਡ ਗਏ। ਉਨ੍ਹਾਂ ਵਿੱਚੋਂ ਕੋਈ ਵੀ ਪਾਇਲਟ ਨਹੀਂ ਸੀ ਅਤੇ ਕਿਸੇ ਨੂੰ ਇਹ ਵੀ ਨਹੀਂ ਪਤਾ ਸੀ ਕਿ ਹੁਣ ਜਹਾਜ਼ ਕਿਵੇਂ ਸੰਭਾਲਣਾ ਹੈ। ਸਭ ਨੂੰ ਲੱਗਣ ਲੱਗਾ ਕਿ ਸ਼ਾਇਦ ਹੁਣ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਹੀ ਪਲ ਬਚੇ ਹਨ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਆਖ਼ਰਕਾਰ ਉਨ੍ਹਾਂ ਹੀ ਯਾਤਰੀਆਂ ਨੇ ਉਸ ਜਹਾਜ਼ ਨੂੰ ਸਹੀ-ਸਲਾਮਤ ਜ਼ਮੀਨ 'ਤੇ ਉਤਾਰ ਦਿੱਤਾ।

ਇਹ ਕਹਾਣੀ ਸ਼ੁਰੂ ਹੁੰਦੀ ਹੈ 10 ਮਈ 2022 ਤੋਂ।

ਉਸ ਦਿਨ ਛੇ ਯਾਤਰੀ ਇੱਕ ਛੋਟੇ ਹਵਾਈ ਜਹਾਜ਼ ਵਿੱਚ ਬੈਠ ਕੇ ਮਾਰਸ਼ ਹਾਰਬਰ (Marsh Harbor) ਤੋਂ ਅਮਰੀਕਾ ਪਰਤ ਰਹੇ ਸਨ। ਮਾਰਸ਼ ਹਾਰਬਰ ਇੱਕ ਛੋਟੇ ਜਿਹੇ ਟਾਪੂ 'ਤੇ ਵਸਿਆ ਸ਼ਹਿਰ ਹੈ, ਜਿੱਥੇ ਲੋਕ ਘੁੰਮਣ-ਫਿਰਨ ਅਤੇ ਮੱਛੀਆਂ ਫੜਨ ਦੇ ਸ਼ੌਂਕ ਨਾਲ ਆਉਂਦੇ ਹਨ। ਇਹ ਛੇ ਲੋਕ ਵੀ ਤਿੰਨ ਦਿਨ ਦੀਆਂ ਛੁੱਟੀਆਂ ਬਿਤਾ ਕੇ ਵਾਪਸ ਅਮਰੀਕਾ ਜਾ ਰਹੇ ਸਨ। ਦਿਲਚਸਪ ਗੱਲ ਇਹ ਸੀ ਕਿ ਇਹ ਸਾਰੇ ਛੇ ਯਾਤਰੀ ਇੱਕ-ਦੂਜੇ ਲਈ ਬਿਲਕੁਲ ਅਜਨਬੀ ਸਨ। ਉਹ ਪਹਿਲਾਂ ਕਦੇ ਨਹੀਂ ਮਿਲੇ ਸਨ ਅਤੇ ਪਹਿਲੀ ਵਾਰ ਉਨ੍ਹਾਂ ਦੀ ਮੁਲਾਕਾਤ ਇਸੇ ਫਲਾਈਟ ਵਿੱਚ ਹੋਈ ਸੀ।

ਸਵੇਰੇ 10 ਵੱਜ ਕੇ 35 ਮਿੰਟ 'ਤੇ ਸਾਰੇ ਯਾਤਰੀ ਜਹਾਜ਼ ਵਿੱਚ ਬੈਠੇ ਅਤੇ ਉਡਾਣ ਸ਼ੁਰੂ ਹੋ ਗਈ। ਸਬੱਬ ਨਾਲ ਉਨ੍ਹਾਂ ਛੇ ਯਾਤਰੀਆਂ ਵਿੱਚੋਂ ਇੱਕ ਵਿਅਕਤੀ ਪਾਇਲਟ ਦਾ ਦੋਸਤ ਨਿਕਲਿਆ। ਇਸ ਲਈ ਉਹ ਪਿੱਛੇ ਬੈਠਣ ਦੀ ਬਜਾਏ ਪਾਇਲਟ ਦੇ ਨਾਲ ਕਾਕਪਿਟ ਵਿੱਚ ਜਾ ਕੇ ਬੈਠ ਗਿਆ। ਸ਼ੁਰੂਆਤ ਵਿੱਚ ਸਭ ਕੁਝ ਬਿਲਕੁਲ ਆਮ ਸੀ। ਪਿੱਛੇ ਬੈਠੇ ਯਾਤਰੀ ਆਰਾਮ ਨਾਲ ਸਫ਼ਰ ਦਾ ਆਨੰਦ ਲੈ ਰਹੇ ਸਨ। ਕੋਈ ਮੋਬਾਈਲ ਚਲਾ ਰਿਹਾ ਸੀ, ਤਾਂ ਕੋਈ ਖਿੜਕੀ ਤੋਂ ਬਾਹਰ ਬੱਦਲਾਂ ਦਾ ਖੂਬਸੂਰਤ ਨਜ਼ਾਰਾ ਦੇਖ ਰਿਹਾ ਸੀ। ਜਹਾਜ਼ ਆਪਣੀ ਤੈਅ ਉਚਾਈ 'ਤੇ ਉੱਡ ਰਿਹਾ ਸੀ ਅਤੇ ਪੂਰੀ ਯਾਤਰਾ ਕਰੀਬ ਇੱਕ ਘੰਟਾ ਅਤੇ ਵੀਹ ਮਿੰਟ ਦੀ ਸੀ।

ਪਰ ਉਡਾਣ ਸ਼ੁਰੂ ਹੋਣ ਦੇ ਲਗਭਗ 45 ਮਿੰਟ ਬਾਅਦ ਪਾਇਲਟ ਨੇ ਆਪਣੇ ਦੋਸਤ ਨੂੰ ਕਿਹਾ ਕਿ ਉਸਦੇ ਸਿਰ ਵਿੱਚ ਬਹੁਤ ਤੇਜ਼ ਦਰਦ ਹੋ ਰਿਹਾ ਹੈ ਅਤੇ ਪੂਰਾ ਸਰੀਰ ਭਾਰਾ ਮਹਿਸੂਸ ਹੋ ਰਿਹਾ ਹੈ। ਇੰਨਾ ਕਹਿੰਦੇ ਹੀ ਉਸਦੀਆਂ ਅੱਖਾਂ ਬੰਦ ਹੋਣ ਲੱਗੀਆਂ। ਉਸਦੇ ਦੋਸਤ ਨੇ ਉਸਨੂੰ ਜਗਾਉਣ ਦੀ ਬਹੁਤ ਕੋਸ਼ਿਸ਼ ਕੀਤੀ, ਪਰ ਪਾਇਲਟ ਪੂਰੀ ਤਰ੍ਹਾਂ ਬੇਹੋਸ਼ ਹੋ ਚੁੱਕਾ ਸੀ।

ਹੁਣ ਜਹਾਜ਼ ਕਰੀਬ 12 ਹਜ਼ਾਰ ਫੁੱਟ ਦੀ ਉਚਾਈ 'ਤੇ ਸੀ। ਪਿੱਛੇ ਬੈਠੇ ਯਾਤਰੀਆਂ ਨੂੰ ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਸਭ ਘਬਰਾ ਗਏ। ਕਿਸੇ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਹੁਣ ਕੀ ਕੀਤਾ ਜਾਵੇ। ਸਾਰਿਆਂ ਨੇ ਮਿਲ ਕੇ ਪਾਇਲਟ ਨੂੰ ਹੋਸ਼ ਵਿੱਚ ਲਿਆਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਕੋਈ ਫਾਇਦਾ ਨਹੀਂ ਹੋਇਆ। ਹੌਲੀ-ਹੌਲੀ ਸਭ ਨੂੰ ਲੱਗਣ ਲੱਗਾ ਕਿ ਹੁਣ ਸ਼ਾਇਦ ਬਚਣਾ ਮੁਸ਼ਕਲ ਹੈ ਅਤੇ ਉਨ੍ਹਾਂ ਦੀ ਮੰਜ਼ਿਲ ਮੌਤ ਬਣ ਚੁੱਕੀ ਹੈ।

ਪਰ ਪਾਇਲਟ ਦੇ ਨਾਲ ਬੈਠੇ ਉਸਦੇ ਦੋਸਤ ਨੇ ਹਿੰਮਤ ਨਹੀਂ ਹਾਰੀ। ਉਸਨੇ ਬਾਕੀ ਯਾਤਰੀਆਂ ਨੂੰ ਕਿਹਾ, "ਉਂਝ ਵੀ ਜੇਕਰ ਮਰਨਾ ਹੀ ਹੈ, ਤਾਂ ਕਿਉਂ ਨਾ ਆਖ਼ਰੀ ਕੋਸ਼ਿਸ਼ ਕਰ ਲਈ ਜਾਵੇ ਅਤੇ ਜਹਾਜ਼ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਜਾਵੇ।" ਸਭ ਤੋਂ ਪਹਿਲਾਂ ਉਨ੍ਹਾਂ ਨੇ ਬੇਹੋਸ਼ ਪਾਇਲਟ ਨੂੰ ਚੁੱਕ ਕੇ ਪਿੱਛੇ ਵਾਲੀ ਸੀਟ 'ਤੇ ਲਿਟਾ ਦਿੱਤਾ। ਫਿਰ ਉਸਦਾ ਦੋਸਤ ਖੁਦ ਪਾਇਲਟ ਦੀ ਸੀਟ 'ਤੇ ਜਾ ਕੇ ਬੈਠ ਗਿਆ। ਬੈਠ ਤਾਂ ਗਿਆ, ਪਰ ਉਸਨੂੰ ਜਹਾਜ਼ ਉਡਾਉਣ ਦਾ ਕੋਈ ਤਜਰਬਾ ਨਹੀਂ ਸੀ। ਉਸਨੂੰ ਡਰ ਵੀ ਲੱਗ ਰਿਹਾ ਸੀ ਕਿ ਕਿਤੇ ਗਲਤੀ ਨਾਲ ਕੋਈ ਅਜਿਹਾ ਬਟਨ ਨਾ ਦੱਬਿਆ ਜਾਵੇ ਜਿਸ



ਨਾਲ ਇੰਜਣ ਬੰਦ ਹੋ ਜਾਵੇ ਜਾਂ ਕੋਈ ਹੋਰ ਵੱਡੀ ਮੁਸੀਬਤ ਖੜ੍ਹੀ ਹੋ ਜਾਵੇ।

ਉਦੋਂ ਹੀ ਕਿਸੇ ਯਾਤਰੀ ਨੇ ਸੁਝਾਅ ਦਿੱਤਾ ਕਿ ਏਅਰ ਟ੍ਰੈਫਿਕ ਕੰਟਰੋਲ ਯਾਨੀ ਏ.ਟੀ.ਸੀ. (ATC) ਨਾਲ ਸੰਪਰਕ ਕੀਤਾ ਜਾਵੇ। ਸ਼ਾਇਦ ਉੱਥੋਂ ਕੋਈ ਮਦਦ ਮਿਲ ਸਕੇ। ਉਨ੍ਹਾਂ ਨੇ ਤੁਰੰਤ ਹੈੱਡਫੋਨ ਚੁੱਕਿਆ ਅਤੇ ਕੰਟਰੋਲ ਟਾਵਰ ਨਾਲ ਸੰਪਰਕ ਕੀਤਾ। ਉਨ੍ਹਾਂ ਨੇ ਘਬਰਾਈ ਹੋਈ ਆਵਾਜ਼ ਵਿੱਚ ਕਿਹਾ, "ਸਾਡਾ ਪਾਇਲਟ ਬੇਹੋਸ਼ ਹੋ ਗਿਆ ਹੈ। ਸਾਨੂੰ ਜਹਾਜ਼ ਉਡਾਉਣਾ ਨਹੀਂ ਆਉਂਦਾ। ਕਿਰਪਾ ਕਰਕੇ ਸਾਨੂੰ ਦੱਸੋ ਕਿ ਹੁਣ ਕੀ ਕਰੀਏ।" ਪਰ ਬਦਕਿਸਮਤੀ ਨਾਲ ਉਸ ਸਮੇਂ ATC ਵਿੱਚ ਜਿਹੜਾ ਅਧਿਕਾਰੀ ਡਿਊਟੀ 'ਤੇ ਸੀ, ਉਸਨੇ ਹਾਲ ਹੀ ਵਿੱਚ ਨੌਕਰੀ ਸ਼ੁਰੂ ਕੀਤੀ ਸੀ। ਉਸ ਕੋਲ ਇੰਨਾ ਤਜਰਬਾ ਨਹੀਂ ਸੀ ਕਿ ਉਹ ਫੋਨ 'ਤੇ ਕਿਸੇ ਨੂੰ ਜਹਾਜ਼ ਉਡਾਉਣਾ ਸਿਖਾ ਸਕੇ।

ਇਸੇ ਦੌਰਾਨ ਉਨ੍ਹਾਂ ਦੀ ਕਿਸਮਤ ਨੇ ਸਾਥ ਦਿੱਤਾ। ਉਸੇ ਸਮੇਂ ਇੱਕ ਤਜਰਬੇਕਾਰ ਪਾਇਲਟ, ਰਾਬਰਟ ਮੋਰਗਨ (Robert Morgan), ਕਿਸੇ ਕੰਮ ਲਈ ਕੰਟਰੋਲ ਟਾਵਰ ਵਿੱਚ ਮੌਜੂਦ ਸਨ। ATC ਦੇ ਅਧਿਕਾਰੀ ਨੇ ਤੁਰੰਤ ਗੱਲਬਾਤ ਰਾਬਰਟ ਮੋਰਗਨ ਨਾਲ ਕਰਵਾ ਦਿੱਤੀ। ਰਾਬਰਟ ਨੇ ਸਭ ਤੋਂ ਪਹਿਲਾਂ ਉਸ ਜਹਾਜ਼ ਦੇ ਕੰਟਰੋਲ ਪੈਨਲ ਦਾ ਪ੍ਰਿੰਟ ਕਢਵਾਇਆ ਤਾਂ ਜੋ ਉਹ ਯਾਤਰੀਆਂ ਨੂੰ ਸਹੀ ਤਰੀਕੇ ਨਾਲ ਹਰ ਬਟਨ ਅਤੇ ਹਰ ਸਿਸਟਮ ਸਮਝਾ ਸਕਣ।

ਇਸ ਤੋਂ ਬਾਅਦ ਉਨ੍ਹਾਂ ਨੇ ਉਨ੍ਹਾਂ ਨੂੰ ਜਹਾਜ਼ ਦੇ ਨਕਸ਼ੇ ਅਤੇ ਨੈਵੀਗੇਸ਼ਨ ਸਿਸਟਮ ਬਾਰੇ ਸਮਝਾਇਆ। ਉਨ੍ਹਾਂ ਨੇ ਦੱਸਿਆ ਕਿ ਕਿਸ ਦਿਸ਼ਾ ਵਿੱਚ ਉੱਡਣਾ ਹੈ ਅਤੇ ਕਿਹੜਾ ਰਸਤਾ ਫੜਨਾ ਹੈ। ਰਾਬਰਟ ਨੂੰ ਡਰ ਸੀ ਕਿ ਕਿਤੇ ਘਬਰਾਹਟ ਵਿੱਚ ਜਹਾਜ਼ ਗਲਤ ਦਿਸ਼ਾ ਵਿੱਚ ਨਾ ਨਿਕਲ ਜਾਵੇ ਜਾਂ ਈਂਧਨ ਖ਼ਤਮ ਹੋਣ ਤੋਂ ਪਹਿਲਾਂ ਕਿਸੇ ਸੁਰੱਖਿਅਤ ਜਗ੍ਹਾ ਤੱਕ ਨਾ ਪਹੁੰਚ ਸਕੇ। ਰਾਬਰਟ ਲਗਾਤਾਰ ਰਾਡਾਰ 'ਤੇ ਜਹਾਜ਼ ਦੀ ਹਰ ਹਰਕਤ ਦੇਖ ਰਹੇ ਸਨ ਅਤੇ ਨਾਲ-ਨਾਲ ਯਾਤਰੀਆਂ ਨੂੰ ਨਿਰਦੇਸ਼ ਵੀ ਦਿੰਦੇ ਜਾ ਰਹੇ ਸਨ।

ਕੁਝ ਸਮੇਂ ਬਾਅਦ ਜਹਾਜ਼ ਸੁਰੱਖਿਅਤ ਤਰੀਕੇ ਨਾਲ ਅਮਰੀਕਾ ਦੀ ਸਰਹੱਦ ਵਿੱਚ ਦਾਖਲ ਹੋ ਗਿਆ। ਉਦੋਂ ਤੱਕ ਪੂਰੇ ATC ਵਿੱਚ ਇਹ ਖ਼ਬਰ ਫੈਲ ਚੁੱਕੀ ਸੀ ਕਿ ਇੱਕ ਜਹਾਜ਼ ਦਾ ਪਾਇਲਟ ਬੇਹੋਸ਼ ਹੋ ਗਿਆ ਹੈ ਅਤੇ ਯਾਤਰੀ ਖੁਦ ਜਹਾਜ਼ ਉਡਾ ਰਹੇ ਹਨ। ਕੰਟਰੋਲ ਰੂਮ ਵਿੱਚ ਮੌਜੂਦ ਲਗਭਗ ਸਾਰੇ ਕਰਮਚਾਰੀ ਉੱਥੇ ਇਕੱਠੇ ਹੋ ਗਏ ਸਨ। ਹਰ ਕੋਈ ਰਾਡਾਰ 'ਤੇ ਜਹਾਜ਼ ਨੂੰ ਦੇਖ ਰਿਹਾ ਸੀ ਅਤੇ ਰਾਬਰਟ ਲਗਾਤਾਰ ਯਾਤਰੀਆਂ ਨਾਲ ਸੰਪਰਕ ਬਣਾਏ ਹੋਏ ਸਨ। ਜਹਾਜ਼ ਵਿੱਚ ਬੈਠੇ ਲੋਕ ਰਾਬਰਟ ਦੀ ਹਰ ਗੱਲ ਬਹੁਤ ਧਿਆਨ ਨਾਲ ਸੁਣਦੇ ਅਤੇ ਬਿਲਕੁਲ ਉਸੇ ਤਰ੍ਹਾਂ ਕਰਦੇ ਜਿਵੇਂ ਉਹ ਦੱਸਦੇ ਸਨ। ਕਿਉਂਕਿ ਉਨ੍ਹਾਂ ਨੂੰ ਪਤਾ ਸੀ ਕਿ ਇੱਕ ਛੋਟੀ ਜਿਹੀ ਗਲਤੀ ਵੀ ਪੂਰੇ ਜਹਾਜ਼ ਨੂੰ ਹਾਦਸਾਗ੍ਰਸਤ ਕਰ ਸਕਦੀ ਹੈ।

ਹੌਲੀ-ਹੌਲੀ ਉਹ ਜਹਾਜ਼ ਨੂੰ ਏਅਰਪੋਰਟ ਦੇ ਕਰੀਬ ਲੈ ਆਏ। ਹੁਣ ਸਭ ਤੋਂ ਮੁਸ਼ਕਿਲ ਕੰਮ ਬਾਕੀ ਸੀ—ਜਹਾਜ਼ ਦੀ ਸੁਰੱਖਿਅਤ ਲੈਂਡਿੰਗ। ਜੇਕਰ ਲੈਂਡਿੰਗ ਦੌਰਾਨ ਥੋੜ੍ਹੀ ਜਿਹੀ ਵੀ ਗਲਤੀ ਹੋ ਜਾਂਦੀ, ਜਹਾਜ਼ ਦਾ ਸੰਤੁਲਨ ਵਿਗੜ ਜਾਂਦਾ ਜਾਂ ਗਤੀ ਦਾ ਸਹੀ ਹਿਸਾਬ ਨਾ ਰਹਿੰਦਾ, ਤਾਂ ਜਹਾਜ਼ ਬੁਰੀ ਤਰ੍ਹਾਂ ਹਾਦਸਾਗ੍ਰਸਤ ਹੋ ਸਕਦਾ ਸੀ।

ਰਾਬਰਟ ਨੇ ਸਭ ਤੋਂ ਪਹਿਲਾਂ ਯਾਤਰੀਆਂ ਦਾ ਹੌਂਸਲਾ ਵਧਾਇਆ। ਉਨ੍ਹਾਂ ਨੇ ਕਿਹਾ ਕਿ ਘਬਰਾਓ ਨਾ, ਤੁਸੀਂ ਲੋਕ ਇਹ ਕਰ ਸਕਦੇ ਹੋ। ਇਸ ਤੋਂ ਬਾਅਦ ਉਨ੍ਹਾਂ ਨੇ ਹੌਲੀ-ਹੌਲੀ ਜਹਾਜ਼ ਦੀ ਉਚਾਈ ਘੱਟ ਕਰਨ ਦੇ ਨਿਰਦੇਸ਼ ਦਿੱਤੇ। ਹੌਲੀ-ਹੌਲੀ ਜਹਾਜ਼ 10 ਹਜ਼ਾਰ ਫੁੱਟ ਤੋਂ ਉਤਰ ਕੇ ਕਰੀਬ 2 ਹਜ਼ਾਰ ਫੁੱਟ ਦੀ ਉਚਾਈ 'ਤੇ ਆ ਗਿਆ। ਉਧਰ ATC ਨੇ ਦੂਜੇ ਸਾਰੇ ਜਹਾਜ਼ਾਂ ਨੂੰ ਰੋਕ ਦਿੱਤਾ ਅਤੇ ਪੂਰਾ ਰਨਵੇਅ ਖਾਲੀ ਕਰਵਾ ਦਿੱਤਾ ਤਾਂ ਜੋ ਇਸ ਜਹਾਜ਼ ਨੂੰ ਸੁਰੱਖਿਅਤ ਉਤਾਰਿਆ ਜਾ ਸਕੇ। ਰਾਬਰਟ ਲਗਾਤਾਰ ਦੱਸਦੇ ਰਹੇ ਕਿ ਜਹਾਜ਼ ਦੀ ਰਫ਼ਤਾਰ ਕਿੰਨੀ ਰੱਖਣੀ ਹੈ, ਸੰਤੁਲਨ ਕਿਵੇਂ ਬਣਾਏ ਰੱਖਣਾ ਹੈ ਅਤੇ ਕਿਨ੍ਹਾਂ-ਕਿਨ੍ਹਾਂ ਗੱਲਾਂ ਦਾ ਧਿਆਨ ਰੱਖਣਾ ਹੈ।

ਹੌਲੀ-ਹੌਲੀ ਜਹਾਜ਼ ਏਅਰਪੋਰਟ ਦੇ ਬਿਲਕੁਲ ਕਰੀਬ ਪਹੁੰਚ ਗਿਆ। ਹੁਣ ਕੰਟਰੋਲ ਟਾਵਰ ਤੋਂ ਵੀ ਜਹਾਜ਼ ਸਾਫ਼ ਦਿਖਾਈ ਦੇਣ ਲੱਗਾ ਸੀ। ਸਾਰੇ ਲੋਕ ਹੈਰਾਨੀ ਨਾਲ ਦੇਖ ਰਹੇ ਸਨ ਕਿ ਇੱਕ ਸਿਖਲਾਈ ਪ੍ਰਾਪਤ ਪਾਇਲਟ ਨਹੀਂ, ਸਗੋਂ ਆਮ ਯਾਤਰੀ ਜਹਾਜ਼ ਨੂੰ ਲੈਂਡ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹੁਣ ਜਹਾਜ਼ ਰਨਵੇਅ ਤੋਂ ਸਿਰਫ਼ ਕਰੀਬ 200 ਮੀਟਰ ਉੱਪਰ ਸੀ। ਕੰਟਰੋਲ ਟਾਵਰ ਵਿੱਚ ਮੌਜੂਦ ਸਾਰੇ ਲੋਕਾਂ ਅਤੇ ਜਹਾਜ਼ ਵਿੱਚ ਬੈਠੇ ਯਾਤਰੀਆਂ ਦੇ ਸਾਹ ਰੁਕ ਗਏ ਸਨ, ਕਿਉਂਕਿ ਅਗਲੇ ਕੁਝ ਮਿੰਟ ਹੀ ਉਨ੍ਹਾਂ ਦੀ ਜ਼ਿੰਦਗੀ ਅਤੇ ਮੌਤ ਦਾ ਫੈਸਲਾ ਕਰਨ ਵਾਲੇ ਸਨ।

ਆਖ਼ਰਕਾਰ ਉਹ ਪਲ ਆ ਗਿਆ। ਜਹਾਜ਼ ਦੇ ਪਹੀਏ ਰਨਵੇਅ ਨੂੰ ਛੂਹ ਗਏ। ਪੂਰਾ ATC ਜਹਾਜ਼ 'ਤੇ ਨਜ਼ਰਾਂ ਟਿਕਾਈ ਬੈਠਾ ਸੀ। ਰਾਬਰਟ ਲਗਾਤਾਰ ਦੱਸਦੇ ਰਹੇ ਕਿ ਹੁਣ ਬ੍ਰੇਕ ਕਿਵੇਂ ਲਗਾਉਣੇ ਹਨ ਅਤੇ ਜਹਾਜ਼ ਨੂੰ ਰਨਵੇਅ 'ਤੇ ਕਿਵੇਂ ਕੰਟਰੋਲ ਵਿੱਚ ਰੱਖਣਾ ਹੈ। ਕੁਝ ਹੀ ਪਲਾਂ ਬਾਅਦ ਉਹ ਜਹਾਜ਼ ਬਿਨਾਂ ਕਿਸੇ ਨੁਕਸਾਨ ਦੇ ਪੂਰੀ ਤਰ੍ਹਾਂ ਸੁਰੱਖਿਅਤ ਰੁਕ ਗਿਆ।

ਪੂਰੇ ਏਅਰਪੋਰਟ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਸਾਰਿਆਂ ਨੇ ਉਨ੍ਹਾਂ ਯਾਤਰੀਆਂ ਦੀ ਹਿੰਮਤ ਅਤੇ ਸਮਝਦਾਰੀ ਦੀ ਤਾਰੀਫ਼ ਕੀਤੀ। ਕਿਹਾ ਜਾਂਦਾ ਹੈ ਕਿ ਇਹ ਦੁਨੀਆ ਦੀਆਂ ਉਨ੍ਹਾਂ ਬੇਹੱਦ ਦੁਰਲੱਭ ਉਡਾਣਾਂ ਵਿੱਚੋਂ ਇੱਕ ਸੀ, ਜਿਸ ਵਿੱਚ ਜਹਾਜ਼ ਨੇ ਉਡਾਣ ਤਾਂ ਪਾਇਲਟ ਦੇ ਨਾਲ ਭਰੀ, ਪਰ ਉਸਦੀ ਸੁਰੱਖਿਅਤ ਲੈਂਡਿੰਗ ਯਾਤਰੀਆਂ ਨੇ ਕਰਵਾਈ। ਬਾਅਦ ਵਿੱਚ ਜਾਂਚ ਤੋਂ ਪਤਾ ਲੱਗਾ ਕਿ ਉਡਾਣ ਦੌਰਾਨ ਪਾਇਲਟ ਨੂੰ ਦਿਲ ਨਾਲ ਜੁੜੀ ਗੰਭੀਰ ਸਮੱਸਿਆ ਹੋ ਗਈ ਸੀ, ਜਿਸ ਕਾਰਨ ਉਹ ਬੇਹੋਸ਼ ਹੋ ਗਿਆ ਸੀ। ਚੰਗੀ ਗੱਲ ਇਹ ਰਹੀ ਕਿ ਸਮੇਂ ਸਿਰ ਇਲਾਜ ਮਿਲਣ ਕਾਰਨ ਉਸਦੀ ਜਾਨ ਵੀ ਬਚ ਗਈ। ਇਹੀ ਸੀ ਇਹ ਹੈਰਾਨੀਜਨਕ ਅਤੇ ਸੱਚੀ ਕਹਾਣੀ, ਜੋ ਇਹ ਸਾਬਤ ਕਰਦੀ ਹੈ ਕਿ ਮੁਸ਼ਕਲ ਤੋਂ ਮੁਸ਼ਕਲ ਹਾਲਾਤਾਂ ਵਿੱਚ ਵੀ ਜੇਕਰ ਇਨਸਾਨ ਹਿੰਮਤ ਨਾ ਹਾਰੇ ਅਤੇ ਸਹੀ ਮਾਰਗਦਰਸ਼ਨ ਮਿਲਦਾ ਰਹੇ, ਤਾਂ ਨਾਮੁਮਕਿਨ ਲੱਗਣ ਵਾਲਾ ਕੰਮ ਵੀ ਮੁਮਕਿਨ ਹੋ ਸਕਦਾ ਹੈ।

# ਨਵਨੀਤ ਦੀ ਉਡਾਣ: ਇੱਕ ਅਦਭੁਤ ਕਹਾਣੀ



ਸਹੁਰਿਆਂ ਨੇ ਉਸਨੂੰ 'ਨੌਕਰਾਣੀ' ਸਮਝਿਆ ਅਤੇ ਪਤੀ ਨੇ 'ਇਕੱਲੀ', ਪਰ ਨਵਨੀਤ ਨੇ ਉਸੇ ਇਕੱਲੇਪਣ ਨੂੰ ਆਪਣੀ ਸਭ ਤੋਂ ਵੱਡੀ ਤਾਕਤ ਬਣਾ ਲਿਆ। ਇੱਕ ਅਜਿਹੀ ਕਹਾਣੀ ਜੋ ਹਰ ਉਸ ਔਰਤ ਲਈ ਹੈ, ਜਿਸਨੂੰ ਕਦੇ ਨਕਾਰਿਆ ਗਿਆ ਹੋਵੇ !"

ਕੀ ਇੱਕ ਔਰਤ ਦੀ ਪਛਾਣ ਸਿਰਫ਼ ਉਸਦੇ ਪਤੀ ਦੇ ਨਾਮ ਅਤੇ ਸਹੁਰੇ ਘਰ ਦੀਆਂ ਚਾਰ-ਦੀਵਾਰੀਆਂ ਤੱਕ ਸੀਮਤ ਹੈ?

ਯਾਦ ਰੱਖੋ, ਤੁਹਾਡੇ ਸੁਪਨੇ ਕਿਸੇ ਦੀ ਮੁਥਾਜੀ ਦੇ ਨਹੀਂ, ਤੁਹਾਡੀ ਮਿਹਨਤ ਦੇ ਮੁਥਾਜ ਹਨ।

ਨਵਾਂ ਸਫ਼ਰ, ਨਵੀਂ ਸ਼ੁਰੂਆਤ

ਸਹੁਰੇ ਘਰ ਵਿੱਚ ਹਾਹਾਕਾਰ ਮੱਚ ਗਈ। ਪੇਕੇ ਘਰੋਂ ਵੀ ਫੋਨ ਆਏ, ਭਰਾ ਸੁਖਦੀਪ ਨੇ ਸਮਝਾਇਆ, "ਭੈਣ, ਥੋੜ੍ਹਾ ਸਬਰ ਕਰ।" ਪਰ ਨਵਨੀਤ ਦਾ ਸਬਰ ਹੁਣ ਸਵੈ-ਮਾਣ ਵਿੱਚ ਬਦਲ ਚੁੱਕਾ ਸੀ। ਉਸਨੇ ਆਪਣਾ ਬੈਗ ਚੁੱਕਿਆ, ਜਿਸ ਵਿੱਚ ਉਸਦੇ ਕੱਪੜੇ ਘੱਟ ਅਤੇ ਮੈਡੀਕਲ ਦੀਆਂ ਕਿਤਾਬਾਂ ਜ਼ਿਆਦਾ ਸਨ, ਅਤੇ ਘਰੋਂ ਨਿਕਲ ਗਈ।

ਅਤੀਤ ਦੀਆਂ ਝਲਕਾਂ

ਵਰਾਂਡੇ ਵਿੱਚ ਰੱਖੀ ਆਪਣੀ ਪੁਰਾਣੀ ਆਰਾਮ-ਕੁਰਸੀ 'ਤੇ ਝੂਲਦਿਆਂ, 70 ਸਾਲਾ ਨਵਨੀਤ ਆਪਣੀ ਗੋਦ ਵਿੱਚ ਰੱਖੀ ਡਾਇਰੀ ਦੇ ਪੰਨੇ ਪਲਟ ਰਹੀ ਸੀ। ਬਾਹਰ ਸਾਵਣ ਦੀ ਝੜੀ ਲੱਗੀ ਹੋਈ ਸੀ, ਠੀਕ ਉਸੇ ਤਰ੍ਹਾਂ ਦੀ ਬਾਰਿਸ਼, ਜਿਵੇਂ ਉਸ ਦਿਨ ਹੋ ਰਹੀ ਸੀ ਜਦੋਂ ਉਸਦੀ ਵਿਦਾਈ ਹੋਈ ਸੀ। ਅੱਜ ਉਹ ਇਕੱਲੀ ਸੀ, ਪਰ ਇਹ ਇਕੱਲਾਪਣ ਉਸਨੂੰ ਵੱਢਦਾ ਨਹੀਂ ਸੀ, ਸਗੋਂ ਇੱਕ ਅਜੀਬ ਜਿਹੀ ਸ਼ਾਂਤੀ ਦਿੰਦਾ ਸੀ। ਲੋਕ ਕਹਿੰਦੇ ਹਨ ਕਿ ਬੁਢਾਪੇ ਦਾ ਇਕੱਲਾਪਣ ਇੱਕ ਸਰਾਪ ਹੈ, ਪਰ ਨਵਨੀਤ ਲਈ ਇਹ ਉਸਦੀ ਜਿੱਤ'ਦਾ ਪ੍ਰਮਾਣ ਸੀ।

ਨਵਨੀਤ ਆਪਣੇ ਅਤੀਤ ਦੀਆਂ ਗਲੀਆਂ ਵਿੱਚ ਝਾਤ ਮਾਰਦੀ ਹੈ, ਤਾਂ ਉਸਨੂੰ ਉਹ ਸਿੱਧੀ-ਸਾਦੀ, ਪੜ੍ਹਨ ਵਿੱਚ ਹੁਸ਼ਿਆਰ ਕੁੜੀ ਯਾਦ ਆਉਂਦੀ ਹੈ। ਉਸਦੇ ਪਿਤਾ, ਮਾਸਟਰ ਦਰਸ਼ਨ ਸਿੰਘ ਜੀ, ਸ਼ਹਿਰ ਦੇ ਇੱਕ ਨਾਮਵਰ ਸਕੂਲ ਵਿੱਚ ਪ੍ਰਿੰਸੀਪਲ ਸਨ। ਘਰ ਵਿੱਚ ਅਨੁਸ਼ਾਸਨ ਸੀ, ਪਰ ਵਿਚਾਰਾਂ ਦੀ ਆਜ਼ਾਦੀ ਵੀ ਸੀ। ਨਵਨੀਤ ਅਤੇ ਉਸਦਾ ਭਰਾ, ਸੁਖਦੀਪ, ਦੋਵੇਂ ਹੀ ਪੜ੍ਹਾਈ ਵਿੱਚ ਅਵੱਲ ਸਨ। ਨਵਨੀਤ ਦਾ ਸੁਪਨਾ ਸੀ ਕਿ ਉਹ ਇੱਕ ਅਜਿਹੀ ਸਰਜਨ ਬਣੇ ਜਿਸਦੇ ਹੱਥਾਂ ਵਿੱਚ ਜਾਦੂ ਹੋਵੇ। ਉਸਨੇ ਮੈਡੀਕਲ ਦਾਖਲਾ ਪ੍ਰੀਖਿਆ ਪਾਸ ਕੀਤੀ ਅਤੇ ਸ਼ਹਿਰ ਦੇ ਸਭ ਤੋਂ ਵੱਡੇ ਕਾਲਜ ਵਿੱਚ ਦਾਖਲਾ ਲਿਆ।

ਸੁਪਨੇ ਅਤੇ ਹਕੀਕਤ ਦਾ ਟਕਰਾਅ

ਐੱਮ.ਬੀ.ਬੀ.ਐੱਸ. ਦੀ ਡਿਗਰੀ ਹੱਥ ਵਿੱਚ ਆਉਂਦਿਆਂ ਹੀ ਘਰ ਵਿੱਚ ਵਿਆਹ ਦੀਆਂ ਸ਼ਹਿਨਾਈਆਂ ਵੱਜਣ ਦੀ ਤਿਆਰੀ ਸ਼ੁਰੂ ਹੋ ਗਈ। ਨਵਨੀਤ ਅੱਗੇ ਪੜ੍ਹਨਾ ਚਾਹੁੰਦੀ ਸੀ, ਸਰਜਰੀ ਵਿੱਚ ਐੱਮ.ਐੱਸ. ਕਰਨਾ ਚਾਹੁੰਦੀ ਸੀ, ਪਰ ਪਿਤਾ ਜੀ ਦੇ ਮੋਢਿਆਂ 'ਤੇ ਸਮਾਜਿਕ ਜ਼ਿੰਮੇਵਾਰੀਆਂ ਦਾ ਬੋਝ ਸੀ। ਇੱਕ ਰਿਸ਼ਤਾ ਆਇਆ—**ਡਾਕਟਰ ਵਿਕਰਮਜੀਤ** ਦਾ। ਵਿਕਰਮਜੀਤ ਦਾ ਪਰਿਵਾਰ ਰਸੂਖਦਾਰ ਸੀ, ਉਨ੍ਹਾਂ ਦਾ ਆਪਣਾ ਨਰਸਿੰਗ ਹੋਮ ਸੀ। ਪਿਤਾ ਜੀ ਨੂੰ ਲੱਗਾ ਕਿ ਧੀ ਡਾਕਟਰ ਹੈ ਅਤੇ ਜਵਾਈ ਵੀ ਡਾਕਟਰ, ਤਾਂ ਨਵਨੀਤ ਦਾ ਕਰੀਅਰ ਵੀ ਸੰਵਰ ਜਾਵੇਗਾ ਅਤੇ ਘਰ ਵੀ।

ਵਿਆਹ ਬੜੀ ਧੂਮਧਾਮ ਨਾਲ ਹੋਇਆ। ਨਵਨੀਤ ਦੇ ਮਨ ਵਿੱਚ ਵੀ ਰੰਗੀਨ ਸੁਪਨੇ ਸਨ। ਉਸਨੂੰ ਲੱਗਾ ਸੀ ਕਿ ਵਿਕਰਮਜੀਤ ਦੇ ਨਾਲ ਮਿਲ ਕੇ ਉਹ ਡਾਕਟਰੀ ਦੇ ਖੇਤਰ ਵਿੱਚ ਨਵਾਂ ਮੁਕਾਮ ਹਾਸਲ ਕਰੇਗੀ। ਪਰ ਸਹੁਰੇ ਘਰ ਦੀ ਬਰੂਹ ਟੱਪਦਿਆਂ ਹੀ ਹਕੀਕਤ ਦਾ ਕੋਝਾਪਣ ਸਾਹਮਣੇ ਆ ਗਿਆ।

ਸੁਹਾਗਰਾਤ ਦੀ ਅਗਲੀ ਹੀ ਸਵੇਰ ਵਿਕਰਮਜੀਤ ਨੇ ਨਵਨੀਤ ਨੂੰ ਇੱਕ ਵੱਡਾ ਝਟਕਾ ਦਿੱਤਾ।

"ਨਵਨੀਤ, ਮੇਰਾ ਵੀਜ਼ਾ ਆ ਗਿਆ ਹੈ। ਮੈਨੂੰ ਅਗਲੇ ਹਫ਼ਤੇ ਲੰਡਨ ਨਿਕਲਣਾ ਪਵੇਗਾ," ਵਿਕਰਮਜੀਤ ਨੇ ਇੰਝ ਕਿਹਾ ਜਿਵੇਂ ਉਹ ਬਾਜ਼ਾਰੋਂ ਸਬਜ਼ੀ ਲਿਆਉਣ ਦੀ ਗੱਲ ਕਰ ਰਿਹਾ ਹੋਵੇ।

ਨਵਨੀਤ ਹੈਰਾਨ ਰਹਿ ਗਈ। "ਲੰਡਨ? ਪਰ ਵਿਆਹ ਤੋਂ ਪਹਿਲਾਂ ਤਾਂ ਅਜਿਹੀ ਕੋਈ ਗੱਲ ਨਹੀਂ ਹੋਈ ਸੀ? ਅਤੇ ਮੈਂ?"

ਵਿਕਰਮਜੀਤ ਨੇ ਲਾਪਰਵਾਹੀ ਨਾਲ ਮੋਢੇ ਮਾਰੇ, "ਅਰੇ, ਉਹ ਸਭ ਤਾਂ ਪਾਪਾ ਨੇ ਸ਼ਾਇਦ ਦੱਸਿਆ ਨਹੀਂ ਹੋਵੇਗਾ। ਮੈਂ ਉੱਥੇ ਇੱਕ ਵੱਡੇ ਹਸਪਤਾਲ ਵਿੱਚ ਜੁਆਇਨ ਕਰਨਾ ਹੈ। ਤੂੰ ਹਾਲੇ ਇੱਥੇ ਹੀ ਰਹਿ, ਮੰਮੀ-ਪਾਪਾ ਕੋਲ। ਮੇਰਾ ਸੈਟਲਮੈਂਟ ਹੁੰਦਿਆਂ ਹੀ ਮੈਂ ਤੈਨੂੰ ਬੁਲਾ ਲਵਾਂਗਾ। ਵੀਜ਼ੇ ਵਿੱਚ ਟਾਈਮ ਲੱਗਦਾ ਹੈ।"

ਇੰਤਜ਼ਾਰ ਅਤੇ ਸ਼ੋਸ਼ਣ

ਨਵਨੀਤ ਚੁੱਪ ਰਹਿ ਗਈ। ਇੱਕ ਨਵੀਂ ਵਿਆਹੀ ਲਾੜੀ ਹੋਰ ਕਰ ਵੀ ਕੀ ਸਕਦੀ ਸੀ? ਵਿਕਰਮਜੀਤ ਇੱਕ ਹਫ਼ਤੇ ਬਾਅਦ ਚਲਾ ਗਿਆ। ਨਵਨੀਤ ਦੇ ਹਿੱਸੇ ਵਿੱਚ ਰਹਿ ਗਿਆ ਇੱਕ ਵੱਡਾ ਜਿਹਾ ਸਹੁਰਾ ਘਰ, ਸੱਸ-ਸਹੁਰੇ ਦੀ ਸੇਵਾ, ਅਤੇ ਇੰਤਜ਼ਾਰ।

ਸ਼ੁਰੂਆਤ ਦੇ ਕੁਝ ਮਹੀਨੇ ਤਾਂ ਚਿੱਠੀਆਂ ਦੇ ਇੰਤਜ਼ਾਰ ਵਿੱਚ ਕੱਟ ਗਏ। ਉਸ ਜ਼ਮਾਨੇ ਵਿੱਚ ਐੱਸ.ਟੀ.ਡੀ. ਕਾਲ ਕਰਨਾ ਵੀ ਇੱਕ ਜੰਗ ਲੜਨ ਵਾਂਗ ਸੀ। ਵਿਕਰਮਜੀਤ ਦਾ ਫੋਨ ਮਹੀਨੇ ਵਿੱਚ ਇੱਕ ਵਾਰ ਆਉਂਦਾ, ਉਹ ਵੀ ਰਸਮੀ ਗੱਲਾਂ ਤੱਕ ਸੀਮਤ—"ਸਭ ਠੀਕ ਹੈ? ਮੰਮੀ-ਪਾਪਾ ਦਾ ਖਿਆਲ ਰੱਖਣਾ। ਪੈਸੇ ਭੇਜ ਦਿੱਤੇ ਹਨ।" ਨਵਨੀਤ ਆਪਣੀ ਪੜ੍ਹਾਈ, ਆਪਣੀ ਸਰਜਰੀ ਦੀ ਪ੍ਰੈਕਟਿਸ ਬਾਰੇ ਗੱਲ ਕਰਨਾ ਚਾਹੁੰਦੀ, ਪਰ ਵਿਕਰਮਜੀਤ ਨੂੰ ਇਸ ਵਿੱਚ ਕੋਈ ਦਿਲਚਸਪੀ ਨਹੀਂ ਸੀ।

ਸਹੁਰੇ ਵਾਲੇ ਨਵਨੀਤ ਨੂੰ 'ਨੂੰਹ' ਘੱਟ ਅਤੇ ਮੁਫ਼ਤ ਦੀ ਰੈਜ਼ੀਡੈਂਟ ਡਾਕਟਰ' ਜ਼ਿਆਦਾ ਸਮਝਦੇ ਸਨ। ਉਨ੍ਹਾਂ ਦੇ ਨਰਸਿੰਗ ਹੋਮ ਵਿੱਚ ਨਵਨੀਤ ਸਵੇਰ ਤੋਂ ਸ਼ਾਮ ਤੱਕ ਮਰੀਜ਼ ਦੇਖਦੀ, ਪਰ ਉਸਨੂੰ ਇੱਕ ਰੁਪਿਆ ਵੀ ਆਪਣੇ ਕੋਲ ਰੱਖਣ ਦਾ ਹੱਕ ਨਹੀਂ ਸੀ। "ਅਰੇ ਨੂੰਹ, ਘਰ ਤਾਂ ਤੇਰਾ ਹੀ ਹੈ, ਪੈਸੇ ਦਾ ਕੀ ਕਰਨਾ?" ਸਹੁਰਾ ਸਾਹਿਬ ਹੱਸ ਕੇ ਟਾਲ ਦਿੰਦੇ।

ਦੋ ਸਾਲ ਬੀਤ ਗਏ। ਨਵਨੀਤ ਅਜੇ ਵੀ 'ਵੀਜ਼ਾ' ਦੇ ਇੰਤਜ਼ਾਰ ਵਿੱਚ ਸੀ।

ਟੁੱਟਣ ਤੋਂ ਬਣਨ ਤੱਕ ਦਾ ਸਫ਼ਰ

ਇੱਕ ਦਿਨ, ਲੰਡਨ ਤੋਂ ਵਿਕਰਮਜੀਤ ਦੀ ਚਿੱਠੀ ਆਈ। ਨਵਨੀਤ ਨੇ ਧੜਕਦੇ ਦਿਲ ਨਾਲ ਲਿਫ਼ਾਫ਼ਾ ਖੋਲ੍ਹਿਆ। ਉਸਨੂੰ ਉਮੀਦ ਸੀ ਕਿ ਸ਼ਾਇਦ ਹੁਣ ਬੁਲਾਵਾ ਆਇਆ ਹੋਵੇਗਾ। ਪਰ ਖ਼ਤ ਵਿੱਚ ਲਿਖਿਆ ਸੀ ਨਵਨੀਤ, ਮੈਨੂੰ ਇੱਥੇ ਫੈਲੋਸ਼ਿਪ ਮਿਲ ਗਈ ਹੈ। ਮੈਨੂੰ ਹਾਲੇ 3 ਸਾਲ ਹੋਰ ਲੱਗਣਗੇ। ਤੂੰ ਚਾਹੇਂ ਤਾਂ ਆਪਣੀ ਐੱਮ.ਐੱਸ. ਉੱਥੇ ਹੀ ਕਿਸੇ ਲੋਕਲ ਕਾਲਜ ਤੋਂ ਕਰ ਲੈ। ਇੱਥੇ ਆਉਣ ਦਾ ਹਾਲੇ ਕੋਈ ਸਕੋਪ ਨਹੀਂ ਹੈ।"

ਉਸ ਇੱਕ ਖ਼ਤ ਨੇ ਨਵਨੀਤ ਦੇ ਅੰਦਰ ਕੁਝ ਤੋੜ ਦਿੱਤਾ। ਉਹ ਸਮਝ ਗਈ ਕਿ 'ਵੀਜ਼ਾ' ਤਾਂ ਬਸ ਇੱਕ ਬਹਾਨਾ ਸੀ। ਵਿਕਰਮਜੀਤ ਉਸਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾਉਣਾ ਹੀ ਨਹੀਂ ਚਾਹੁੰਦਾ ਸੀ। ਉਹ ਉਸਨੂੰ ਆਪਣੇ ਬੁੱਢੇ ਮਾਂ-ਬਾਪ ਦੀ ਦੇਖਭਾਲ ਲਈ ਇੱਕ ਪੜ੍ਹੀ-ਲਿਖੀ ਕੇਅਰਟੇਕਰ ਬਣਾ ਕੇ ਛੱਡ ਗਿਆ ਸੀ।

ਉਸ ਰਾਤ ਨਵਨੀਤ ਰੋਈ ਨਹੀਂ। ਉਹ ਸ਼ੀਸ਼ੇ ਦੇ ਸਾਹਮਣੇ ਖੜ੍ਹੀ ਹੋਈ ਅਤੇ ਖੁਦ ਨੂੰ ਦੇਖਿਆ। ਕੀ ਉਹ ਇਸੇ ਲਈ ਡਾਕਟਰ ਬਣੀ ਸੀ ਕਿ ਪਤੀ ਦੇ ਇੰਤਜ਼ਾਰ ਵਿੱਚ ਆਪਣੀ ਜਵਾਨੀ ਅਤੇ ਹੁਨਰ ਨੂੰ ਸਿਉਂਕ ਵਾਂਗ ਲੱਗਦੇ ਦੇਖੇ? ਕੀ ਉਸਦੀ ਹੋਂਦ ਸਿਰਫ਼ 'ਵਿਕਰਮਜੀਤ ਦੀ ਪਤਨੀ' ਹੋਣ ਤੱਕ ਸੀਮਤ ਸੀ?

ਅਗਲੀ ਸਵੇਰ, ਨਵਨੀਤ ਨੇ ਆਪਣੇ ਪਿਤਾ ਨੂੰ ਨਹੀਂ, ਬਲਕਿ ਆਪਣੇ ਕਾਲਜ ਦੇ ਡੀਨ ਨੂੰ ਫੋਨ ਕੀਤਾ। ਉਸਨੇ ਪਤਾ ਲਗਾਇਆ ਕਿ ਇੱਕ ਦੂਰ-ਦੁਰਾਡੇ ਦੇ ਪੱਛੜੇ ਇਲਾਕੇ, ਰੂਪਨਗਰ', ਦੇ ਸਰਕਾਰੀ ਹਸਪਤਾਲ ਵਿੱਚ ਸਰਜਨ ਦੀ ਸਖ਼ਤ ਲੋੜ ਹੈ, ਪਰ ਕੋਈ ਉੱਥੇ ਜਾਣਾ ਨਹੀਂ ਚਾਹੁੰਦਾ।

ਨਾਸ਼ਤੇ ਦੀ ਮੇਜ਼ 'ਤੇ ਨਵਨੀਤ ਨੇ ਬੰਬ ਫੋੜਿਆ।

"ਬਾਪੂ ਜੀ, ਮੈਂ ਰੂਪਨਗਰ ਜਾ ਰਹੀ ਹਾਂ। ਮੈਂ ਉੱਥੇ ਦੀ ਸਰਕਾਰੀ ਨੌਕਰੀ ਜੁਆਇਨ ਕਰ ਲਈ ਹੈ।"

ਸਹੁਰਾ ਸਾਹਿਬ ਦੇ ਹੱਥੋਂ ਚਾਹ ਦਾ ਕੱਪ ਛੁੱਟਦਿਆਂ-ਛੁੱਟਦਿਆਂ ਬਚਿਆ। "ਕੀ ਬਕਵਾਸ ਹੈ? ਘਰ ਦੀ ਨੂੰਹ ਨੌਕਰੀ ਕਰਨ ਦੂਜੇ ਸ਼ਹਿਰ ਜਾਵੇਗੀ? ਲੋਕ ਕੀ ਕਹਿਣਗੇ? ਵਿਕਰਮਜੀਤ ਕੀ ਸੋਚੇਗਾ?"

ਨਵਨੀਤ ਨੇ ਪਹਿਲੀ ਵਾਰ ਨਜ਼ਰਾਂ ਚੁੱਕ ਕੇ ਗੱਲ ਕੀਤੀ, *"ਵਿਕਰਮਜੀਤ ਨੇ ਪਿਛਲੇ ਦੋ ਸਾਲਾਂ ਵਿੱਚ ਮੇਰੇ ਬਾਰੇ ਕੀ ਸੋਚਿਆ, ਇਹ ਸਾਫ਼ ਹੈ ਬਾਪੂ ਜੀ। ਮੈਂ ਇੱਕ ਡਾਕਟਰ ਹਾਂ, ਅਤੇ ਮੇਰਾ ਕੰਮ ਮਰੀਜ਼ਾਂ ਦਾ ਇਲਾਜ ਕਰਨਾ ਹੈ, ਸਿਰਫ਼ ਇਸ ਘਰ ਦੀ ਚਾਰਦੀਵਾਰੀ ਵਿੱਚ ਘੁੱਟ ਕੇ ਮਰਨਾ ਨਹੀਂ। ਮੇਰੀ ਬਦਲੀ ਹੋ ਗਈ ਹੈ, ਮੈਂ ਕੱਲ੍ਹ ਨਿਕਲ ਰਹੀ ਹਾਂ।"*

**ਰੂਪਨਗਰ ਦੀ ਸੰਜੀਵਨੀ**

ਰੂਪਨਗਰ ਇੱਕ ਛੋਟਾ ਜਿਹਾ ਕਸਬਾ ਸੀ। ਹਸਪਤਾਲ ਦੀ ਹਾਲਤ ਖਸਤਾ ਸੀ। ਨਵਨੀਤ ਨੂੰ ਉੱਥੇ ਸੰਘਰਸ਼ ਕਰਨਾ ਪਿਆ। ਬਿਜਲੀ ਨਹੀਂ ਸੀ, ਉਪਕਰਨ ਪੁਰਾਣੇ ਸਨ, ਅਤੇ ਲੋਕ ਮਹਿਲਾ ਸਰਜਨ 'ਤੇ ਭਰੋਸਾ ਨਹੀਂ ਕਰਦੇ ਸਨ। ਪਰ ਨਵਨੀਤ ਨੇ ਹਾਰ ਨਹੀਂ ਮੰਨੀ। ਉਸਨੇ ਦਿਨ-ਰਾਤ ਇੱਕ ਕਰ ਦਿੱਤਾ। ਹੌਲੀ-ਹੌਲੀ, ਉਸਦੇ ਹੱਥਾਂ ਦਾ ਜਾਦੂ ਲੋਕਾਂ 'ਤੇ ਚੱਲਣ ਲੱਗਾ। ਉਸਨੇ ਕਈ ਗੁੰਝਲਦਾਰ ਆਪਰੇਸ਼ਨ ਕੀਤੇ, ਕਈ ਜਾਨਾਂ ਬਚਾਈਆਂ।

ਪੰਜ ਸਾਲ ਗੁਜ਼ਰ ਗਏ। ਨਵਨੀਤ ਹੁਣ 'ਡਾਕਟਰ ਸਾਹਿਬਾ' ਨਹੀਂ, ਬਲਕਿ ਉਸ ਇਲਾਕੇ ਦੀ 'ਦੇਵੀ' ਬਣ ਚੁੱਕੀ ਸੀ। ਉਸਨੇ ਉੱਥੇ ਹੀ ਇੱਕ ਅਨਾਥ ਬੱਚੀ, **'ਨਿਮਰਤ'**, ਨੂੰ ਗੋਦ ਲੈ ਲਿਆ, ਜਿਸਦਾ ਕੋਈ ਨਹੀਂ ਸੀ। ਨਿਮਰਤ ਨੇ ਨਵਨੀਤ ਦੇ ਖਾਲੀਪਣ ਨੂੰ ਭਰ ਦਿੱਤਾ।

ਉਧਰ, ਵਿਕਰਮਜੀਤ ਕਦੇ ਵਾਪਸ ਨਹੀਂ ਆਇਆ। ਸੁਣਿਆ ਸੀ ਉਸਨੇ ਉੱਥੇ ਲੰਡਨ ਵਿੱਚ ਕਿਸੇ ਵਿਦੇਸ਼ੀ ਔਰਤ ਨਾਲ ਵਿਆਹ ਕਰ ਲਿਆ ਸੀ ਅਤੇ ਨਵਨੀਤ ਨੂੰ ਤਲਾਕ ਦੇ ਕਾਗਜ਼ ਭੇਜ ਦਿੱਤੇ ਸਨ। ਨਵਨੀਤ ਨੇ ਉਨ੍ਹਾਂ ਕਾਗਜ਼ਾਂ 'ਤੇ ਬਿਨਾਂ ਇੱਕ ਹੰਝੂ ਵਹਾਏ ਦਸਤਖਤ ਕਰ ਦਿੱਤੇ। ਉਸਨੂੰ ਲੱਗਾ ਜਿਵੇਂ ਕਿਸੇ ਨੇ ਪਿੰਜਰੇ ਦਾ ਦਰਵਾਜ਼ਾ ਖੋਲ੍ਹ ਦਿੱਤਾ ਹੋਵੇ।

ਨਵਨੀਤ ਨੇ ਆਪਣੀ ਪੂਰੀ ਜ਼ਿੰਦਗੀ ਰੂਪਨਗਰ ਦੇ ਉਸ ਹਸਪਤਾਲ ਨੂੰ ਦੇ ਦਿੱਤੀ। ਉਸਨੇ ਆਪਣੇ ਪੈਸਿਆਂ ਨਾਲ ਉੱਥੇ ਇੱਕ ਨਵਾਂ ਵਿੰਗ ਬਣਵਾਇਆ, ਕੁੜੀਆਂ ਲਈ ਨਰਸਿੰਗ ਸਕੂਲ ਖੋਲ੍ਹਿਆ। ਉਸਦਾ ਭਰਾ ਸੁਖਦੀਪ ਕਦੇ-ਕਦੇ ਮਿਲਣ ਆਉਂਦਾ, ਤਾਂ ਉਸਦੀ ਤਰੱਕੀ ਦੇਖ ਦੰਗ ਰਹਿ ਜਾਂਦਾ। ਨਵਨੀਤ ਨੇ ਸਾਬਤ ਕਰ ਦਿੱਤਾ ਸੀ ਕਿ ਇੱਕ ਔਰਤ ਨੂੰ 'ਮੁਕੰਮਲ' ਹੋਣ ਲਈ ਮਰਦ ਦੀ ਵਿਸਾਖੀ ਦੀ ਲੋੜ ਨਹੀਂ ਹੁੰਦੀ।

**ਸਮੇਂ ਦਾ ਚੱਕਰ ਅਤੇ ਅਸਲ ਜਿੱਤ**

ਸਮਾਂ ਖੰਭ ਲਗਾ ਕੇ ਉੱਡਿਆ। ਨਵਨੀਤ ਦੇ ਵਾਲ ਸਫ਼ੈਦ ਹੋ ਗਏ, ਪਰ ਚਿਹਰੇ 'ਤੇ ਤਜਰਬੇ ਦਾ ਨੂਰ ਆ ਗਿਆ। ਨਿਮਰਤ ਹੁਣ ਵੱਡੀ ਹੋ ਚੁੱਕੀ ਸੀ ਅਤੇ ਖੁਦ ਵੀ ਡਾਕਟਰ ਬਣ ਗਈ ਸੀ।

ਨਵਨੀਤ ਦੇ 65ਵੇਂ ਜਨਮਦਿਨ 'ਤੇ, ਉਸਨੂੰ ਸੂਬਾ ਸਰਕਾਰ ਵੱਲੋਂ 'ਲਾਈਫਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ ਕੀਤਾ ਜਾਣਾ ਸੀ। ਸਮਾਗਮ ਰਾਜਧਾਨੀ ਵਿੱਚ ਸੀ। ਨਵਨੀਤ ਸਟੇਜ 'ਤੇ ਖੜ੍ਹੀ ਸੀ, ਹਾਲ ਤਾੜੀਆਂ ਨਾਲ ਗੂੰਜ ਰਿਹਾ ਸੀ।

ਸਮਾਗਮ ਤੋਂ ਬਾਅਦ, ਇੱਕ ਵ੍ਹੀਲਚੇਅਰ 'ਤੇ ਬੈਠੇ ਬਜ਼ੁਰਗ ਵਿਅਕਤੀ ਨੂੰ ਉਨ੍ਹਾਂ ਦਾ ਸਹਾਇਕ ਨਵਨੀਤ ਕੋਲ ਲਿਆਇਆ।

"ਮੈਮ, ਇਹ ਤੁਹਾਡੇ ਨਾਲ ਮਿਲਣਾ ਚਾਹੁੰਦੇ ਹਨ। ਇਹ ਲੰਡਨ ਤੋਂ ਆਏ ਹਨ, ਦਿਲ ਦੇ ਮਰੀਜ਼ ਹਨ ਅਤੇ ਤੁਹਾਡੀ ਬਹੁਤ ਤਾਰੀਫ਼ ਸੁਣੀ ਹੈ," ਸਹਾਇਕ ਨੇ ਕਿਹਾ।

ਨਵਨੀਤ ਨੇ ਐਨਕ ਠੀਕ ਕਰਦਿਆਂ ਉਸ ਬਜ਼ੁਰਗ ਨੂੰ ਦੇਖਿਆ। ਚਿਹਰੇ 'ਤੇ ਝੁਰੜੀਆਂ ਸਨ, ਵਾਲ ਡਿੱਗ ਚੁੱਕੇ ਸਨ, ਸਰੀਰ ਅਧਰੰਗ ਦਾ ਸ਼ਿਕਾਰ ਸੀ। ਪਰ ਉਹ ਅੱਖਾਂ... ਨਵਨੀਤ ਉਨ੍ਹਾਂ ਅੱਖਾਂ ਨੂੰ ਕਿਵੇਂ ਭੁੱਲ ਸਕਦੀ ਸੀ?

ਉਹ ਵਿਕਰਮਜੀਤ ਸੀ।

ਵਿਕਰਮਜੀਤ ਨੇ ਕੰਬਦੀ ਆਵਾਜ਼ ਵਿੱਚ ਕਿਹਾ, "ਡਾਕਟਰ ਨਵਨੀਤ...?" ਉਸਦੀ ਆਵਾਜ਼ ਵਿੱਚ ਪਛਾਣ ਦੀ ਇੱਕ ਧੁੰਦਲੀ ਜਿਹੀ ਕੋਸ਼ਿਸ਼ ਸੀ। ਸ਼ਾਇਦ ਉਸਨੇ ਅਖਬਾਰ ਵਿੱਚ ਫੋਟੋ ਦੇਖੀ ਸੀ।

ਨਵਨੀਤ ਦੇ ਦਿਲ ਦੀ ਧੜਕਣ ਇੱਕ ਪਲ ਲਈ ਵੀ ਨਹੀਂ ਵਧੀ। ਨਾ ਗੁੱਸਾ ਆਇਆ, ਨਾ ਨਫ਼ਰਤ, ਅਤੇ ਨਾ ਹੀ ਕੋਈ ਪੁਰਾਣਾ ਪਿਆਰ ਜਾਗਿਆ। ਉੱਥੇ ਸਿਰਫ਼ ਇੱਕ 'ਸੁੰਨਪਣ' ਸੀ। ਇੱਕ ਡਾਕਟਰ ਅਤੇ ਇੱਕ ਮਰੀਜ਼ ਵਿਚਕਾਰਲਾ ਫਾਸਲਾ।

"ਜੀ, ਦੱਸੋ? ਮੈਂ ਤੁਹਾਡੀ ਕੀ ਮਦਦ ਕਰ ਸਕਦੀ ਹਾਂ?" ਨਵਨੀਤ ਨੇ ਪੇਸ਼ੇਵਰ ਲਹਿਜ਼ੇ ਵਿੱਚ ਪੁੱਛਿਆ।

ਵਿਕਰਮਜੀਤ ਦੀਆਂ ਅੱਖਾਂ ਵਿੱਚ ਹੰਝੂ ਆ ਗਏ। ਸ਼ਾਇਦ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੋ ਰਿਹਾ ਸੀ। ਉਹ ਜਿਸ ਚਮਕ-ਦਮਕ ਦੇ ਪਿੱਛੇ ਭੱਜਿਆ ਸੀ, ਉਸਨੇ ਉਸਨੂੰ ਇਕੱਲਾ ਛੱਡ ਦਿੱਤਾ ਸੀ। ਉਸਦੀ ਵਿਦੇਸ਼ੀ ਪਤਨੀ ਉਸਨੂੰ ਛੱਡ ਕੇ ਜਾ ਚੁੱਕੀ ਸੀ, ਬੱਚੇ ਆਪਣੀ ਦੁਨੀਆ ਵਿੱਚ ਮਸਤ ਸਨ, ਅਤੇ ਹੁਣ ਬਿਮਾਰੀ ਨੇ ਉਸਨੂੰ ਲਾਚਾਰ ਕਰ ਦਿੱਤਾ ਸੀ। ਉਸਨੇ ਸੁਣਿਆ ਸੀ ਕਿ ਭਾਰਤ ਵਿੱਚ ਇੱਕ ਡਾਕਟਰ ਹੈ ਜੋ 'ਜਾਦੂਗਰ' ਹੈ, ਉਸਨੂੰ ਅੰਦਾਜ਼ਾ ਨਹੀਂ ਸੀ ਕਿ ਉਹ ਜਾਦੂਗਰ ਉਹੀ ਔਰਤ ਹੈ ਜਿਸਨੂੰ ਉਹ 'ਬੋਝ' ਸਮਝ ਕੇ ਛੱਡ ਗਿਆ ਸੀ।

"ਨਵਨੀਤ... ਮੈਂ... ਮੈਂ ਵਿਕਰਮਜੀਤ," ਉਸਨੇ ਆਪਣੀ ਪਛਾਣ ਦੱਸਣ ਦੀ ਕੋਸ਼ਿਸ਼ ਕੀਤੀ।

ਨਵਨੀਤ ਨੇ ਉਸਦੇ ਹੱਥ 'ਤੇ ਆਪਣਾ ਹੱਥ ਰੱਖਿਆ—ਇੱਕ ਡਾਕਟਰ ਵਾਂਗ, ਨਾ ਕਿ ਇੱਕ ਪਤਨੀ ਵਾਂਗ।

"ਮਿਸਟਰ ਵਿਕਰਮਜੀਤ, ਤੁਸੀਂ ਚਿੰਤਾ ਨਾ ਕਰੋ। ਸਾਡੇ ਹਸਪਤਾਲ ਵਿੱਚ ਤੁਹਾਡਾ ਵਧੀਆ ਇਲਾਜ ਹੋਵੇਗਾ। ਮੇਰੀ ਧੀ, ਡਾਕਟਰ ਨਿਮਰਤ, ਕਾਰਡੀਓਲੋਜੀ ਵਿਭਾਗ ਦੇਖਦੀ ਹੈ। ਉਹ ਤੁਹਾਨੂੰ ਦੇਖੇਗੀ।"

"ਧੀ?" ਵਿਕਰਮਜੀਤ ਹੱਕਾ-ਬੱਕਾ ਰਹਿ ਗਿਆ।

"ਜੀ, ਮੇਰੀ ਧੀ," ਨਵਨੀਤ ਨੇ ਮਾਣ ਨਾਲ ਮੁਸਕਰਾਉਂਦਿਆਂ ਕਿਹਾ। ਫਿਰ ਉਸਨੇ ਆਪਣੇ ਸਹਾਇਕ ਨੂੰ ਇਸ਼ਾਰਾ ਕੀਤਾ, "ਇਨ੍ਹਾਂ ਨੂੰ ਵੀ.ਆਈ.ਪੀ. ਵਾਰਡ ਵਿੱਚ ਸ਼ਿਫਟ ਕਰਵਾ ਦਿਓ।"

**ਨਵਾਂ ਸਵੇਰਾ**

ਨਵਨੀਤ ਮੁੜੀ ਅਤੇ ਆਪਣੀ ਗੱਡੀ ਵੱਲ ਵੱਧ ਗਈ। ਉਸਨੇ ਪਿੱਛੇ ਮੁੜ ਕੇ ਨਹੀਂ ਦੇਖਿਆ। ਉਸਨੂੰ ਵਿਕਰਮਜੀਤ ਤੋਂ ਕੋਈ ਸ਼ਿਕਾਇਤ ਨਹੀਂ ਸੀ, ਕਿਉਂਕਿ ਜੇ ਵਿਕਰਮਜੀਤ ਨੇ ਉਸਨੂੰ ਛੱਡਿਆ ਨਾ ਹੁੰਦਾ, ਤਾਂ ਨਵਨੀਤ ਨੂੰ ਕਦੇ ਆਪਣੀ ਤਾਕਤ ਦਾ ਪਤਾ ਨਾ ਲੱਗਦਾ। ਵਿਕਰਮਜੀਤ ਦੇ ਜਾਣ ਨਾਲ ਜੋ ਖਾਲੀਪਣ ਆਇਆ ਸੀ, ਉਸਨੂੰ ਨਵਨੀਤ ਨੇ ਆਪਣੀਆਂ ਪ੍ਰਾਪਤੀਆਂ, ਆਪਣੀ ਸੇਵਾ ਅਤੇ ਆਪਣੀ ਮਮਤਾ ਨਾਲ ਨੱਕੋ-ਨੱਕ ਭਰ ਦਿੱਤਾ ਸੀ।

ਅੱਜ, 70 ਸਾਲ ਦੀ ਉਮਰ ਵਿੱਚ, ਜਦੋਂ ਨਵਨੀਤ ਉਸ ਬਾਰਿਸ਼ ਨੂੰ ਦੇਖ ਰਹੀ ਹੈ, ਤਾਂ ਉਸਨੂੰ ਲੱਗਦਾ ਹੈ ਕਿ ਉਸਦੀ ਜ਼ਿੰਦਗੀ ਦਾ ਹਰ ਪੰਨਾ ਵੱਖਰਾ ਜ਼ਰੂਰ ਸੀ, ਪਰ ਕੋਰਾ ਨਹੀਂ ਸੀ। ਉਸਨੇ ਆਪਣੀ ਕਹਾਣੀ ਦੀ ਕਲਮ ਕਿਸੇ ਹੋਰ ਦੇ ਹੱਥ ਵਿੱਚ ਦੇਣ ਦੀ ਬਜਾਏ, ਖੁਦ ਫੜੀ ਅਤੇ ਇੱਕ ਅਜਿਹੀ ਦਾਸਤਾਨ ਲਿਖੀ ਜਿਸ 'ਤੇ ਉਸਨੂੰ ਮਾਣ ਹੈ।

ਇਹ ਇਕੱਲਾਪਣ ਨਹੀਂ, ਇਹ **'ਇਕਾਂਤ'** ਹੈ—ਇੱਕ ਅਜਿਹਾ ਇਕਾਂਤ ਜਿੱਥੇ ਉਹ ਖੁਦ ਨੂੰ ਮਿਲਦੀ ਹੈ ਅਤੇ ਮੁਸਕਰਾਉਂਦੀ ਹੈ। ਕਿਉਂਕਿ ਅੰਤ ਵਿੱਚ, ਉਹ ਕਿਸੇ ਦੀ 'ਛੱਡੀ ਹੋਈ ਪਤਨੀ' ਨਹੀਂ ਬਣੀ, ਬਲਕਿ ਹਜ਼ਾਰਾਂ ਲੋਕਾਂ ਦੀ 'ਉਮੀਦ' ਬਣੀ। ਅਤੇ ਇਹੀ ਉਸਦੀ ਸਭ ਤੋਂ ਵੱਡੀ ਪ੍ਰਾਪਤੀ ਸੀ।

*ਕੀ ਤੁਸੀਂ ਵੀ ਕਦੇ ਆਪਣੀ ਪਛਾਣ ਬਣਾਉਣ ਲਈ ਮੁਸ਼ਕਲਾਂ ਦਾ ਸਾਹਮਣਾ ਕੀਤਾ ਹੈ? ਜੇ ਨਵਨੀਤ ਦੀ ਇਹ ਹਿੰਮਤ ਭਰੀ ਕਹਾਣੀ ਤੁਹਾਡੇ ਦਿਲ ਨੂੰ ਛੂਹ ਗਈ, ਤਾਂ ਕਮੈਂਟ ਵਿੱਚ **'ਸਲਾਮ ਹੈ ਨਵਨੀਤ ਨੂੰ'** ਜ਼ਰੂਰ ਲਿਖੋ। ਇਸਨੂੰ ਸ਼ੇਅਰ ਕਰੋ ਤਾਂ ਜੋ ਹਰ ਉਸ ਔਰਤ ਤੱਕ ਪਹੁੰਚੇ ਜਿਸਨੂੰ ਅੱਜ ਹੌਂਸਲੇ ਦੀ ਲੋੜ ਹੈ।*

ਧੰਨਵਾਦ ਸਾਹਿਤ ਪੰਜਾਬੀ ਪੇਜ






# ਜਦੋਂ ਲਾਲ ਤੇ ਸਫ਼ੈਦ ਰੰਗ ਅਤੇ ਹਾਸਾ-ਠੱਠੇ ਇੱਕ ਥਾਂ ਇਕੱਠੇ ਹੋਏ...

## ਐੱਫ਼.ਸੀ.ਐੱਫ਼.ਸੀ. ਕਲੱਬ ਨੇ ਮਿਲ਼ ਕੇ ਮਨਾਇਆ 'ਕੈਨੇਡਾ ਡੇਅ'






ਬਰੈਂਪਟਨ, (ਡਾ. ਝੰਡ) – ਬੇਸ਼ਕ 'ਕੈਨੇਡਾ ਡੇਅ' ਕੈਨੇਡਾ-ਵਾਸੀਆਂ ਵੱਲੋਂ ਅਧਿਕਾਰਤ ਤੌਰ 'ਤੇ ਹਰ ਸਾਲ ਪਹਿਲੀ ਜੁਲਾਈ ਨੂੰ ਮਨਾਇਆ ਜਾਂਦਾ ਹੈ, ਪਰ ਕਈ ਸਮਾਜਿਕ ਤੇ ਸੱਭਿਆਚਾਰਕ ਸੰਸਥਾਵਾਂ ਇਹ ਇਤਿਹਾਸਕ ਦਿਨ ਜੁਲਾਈ ਮਹੀਨੇ ਦੇ ਅਗਲੇਰੇ 'ਵੀਕ-ਐਂਡਜ਼' 'ਤੇ ਸ਼ਨੀਵਾਰ ਜਾਂ ਐਤਵਾਰ ਛੁੱਟੀ ਵਾਲੇ ਦਿਨਾਂ 'ਤੇ ਪੂਰੇ ਉਤਸ਼ਾਹ ਨਾਲ ਮਨਾਉਂਦੀਆਂ ਹਨ। ਅਜਿਹੀ ਹੀ ਇੱਕ ਸਮਾਜਿਕ ਸੰਸਥਾ 'ਫ਼ਲਾਵਰ ਸਿਟੀ ਫ਼ਰੈਂਡਜ਼ ਕਲੱਬ' (ਐੱਫ਼.ਸੀ.ਐੱਫ਼.ਸੀ.) ਦੇ ਮੈਂਬਰਾਂ ਵੱਲੋਂ ਇਹ ਦਿਨ ਲੰਘੇ ਐਤਵਾਰ 12 ਜੁਲਾਈ ਨੂੰ ਬਰੈਂਪਟਨ ਦੇ ਪਾਲ ਪਲੈਸ਼ੀ ਰੀਕਰੀਏਸ਼ਨ ਸੈਂਟਰ ਵਿਖੇ ਮਨਾਇਆ ਗਿਆ। ਕਲੱਬ ਦੇ 100 ਤੋਂ ਵਧੇਰੇ ਮੈਂਬਰ ਕੈਨੇਡਾ ਦੇ ਝੰਡੇ ਦੇ ਰੰਗਾਂ ਦੀਆਂ ਲਾਲ ਅਤੇ ਸਫ਼ੈਦ ਪੁਸ਼ਾਕਾਂ ਪਹਿਨ ਕੇ ਇਸ ਸਮਾਗ਼ਮ ਵਿੱਚ ਬੜੇ ਜੋਸ਼ ਤੇ ਉਤਸ਼ਾਹ ਨਾਲ ਸ਼ਾਮਲ ਹੋਏ। ਸਮਾਗ਼ਮ ਦਾ ਆਰੰਭ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਕਲੱਬ ਦੇ ਮੈਂਬਰਾਂ ਨੂੰ ਸੰਬੋਧਿਤ ਸੁਆਗ਼ਤੀ ਸ਼ਬਦਾਂ ਨਾਲ ਹੋਇਆ। ਉਨ੍ਹਾਂ ਕਿਹਾ, "ਕੈਨੇਡਾ ਅਜਿਹਾ ਦੇਸ਼ ਹੈ ਜੋ ਸਾਰੀ ਦੁਨੀਆਂ ਦੇ ਦੇਸ਼ਾਂ ਨੂੰ ਬੜੇ ਮਾਣ ਤੇ ਸਤਿਕਾਰ ਸਹਿਤ 'ਜੀ-ਆਇਆਂ' ਕਹਿੰਦਾ ਹੈ। ਅੱਜ ਅਸੀਂ ਮਿਲ਼ ਕੇ ਕੈਨੇਡਾ ਦਾ ਕੇਵਲ 'ਜਨਮ-ਦਿਨ' ਹੀ ਨਹੀਂ ਮਨਾ ਰਹੇ, ਸਗੋਂ ਦੋਸਤੀ, ਭਾਈਚਾਰੇ, ਏਕਤਾ ਅਤੇ ਵਾਲੰਟੀਅਰਸ਼ਿਪ ਦੀਆਂ ਭਾਵਨਾਵਾਂ ਨੂੰ ਸਾਂਝੇ ਤੌਰ 'ਤੇ ਮਨਾ ਰਹੇ ਹਾਂ ਜੋ ਸਾਡੀ ਇਸ ਕਲੱਬ ਦੀ ਜਿੰਦ-ਜਾਨ ਹਨ।

ਇਸ ਸਮਾਗ਼ਮ ਨੂੰ ਊਰਜਾ ਨਾਲ ਭਰਪੂਰ ਜਿਓਤੀ ਡਡਲਾਨੀ ਵੱਲੋਂ ਵਿਉਂਤਬੱਧ ਤੇ ਸੰਚਾਲਿਤ ਕੀਤਾ ਗਿਆ, ਜਿਸ ਨੇ ਸੋਲੋ ਡਾਂਸ, ਗਰੁੱਪ ਡਾਂਸ, ਗੀਤ-ਸੰਗੀਤ ਅਤੇ ਰਵਾਇਤੀ ਗਿੱਧੇ ਤੇ ਭੰਗੜੇ ਦੀਆਂ ਆਈਟਮਾਂ ਨੂੰ ਬੜੇ ਵਧੀਆ ਢੰਗ ਨਾਲ ਵਾਰੋ-ਵਾਰੀ ਸਲੀਕੇ ਨਾਲ ਮੰਚ 'ਤੇ ਪੇਸ਼ ਕੀਤਾ, ਜਿਨ੍ਹਾਂ ਦਾ ਕਲੱਬ ਦੇ ਮੈਂਬਰਾਂ ਤੇ ਮਹਿਮਾਨਾਂ ਨੇ ਖ਼ੂਬ ਅਨੰਦ ਮਾਣਿਆ। ਇਸ ਮੌਕੇ ਸਮਾਗ਼ਮ ਦੇ ਮੁੱਖ-ਮਹਿਮਾਨ ਮੈਂਬਰ ਪਾਰਲੀਮੈਂਟ ਅਮਨਦੀਪ ਸੋਢੀ ਨੇ ਕਲੱਬ ਮੈਂਬਰਾਂ ਨੂੰ ਸੰਬੋਧਿਤ ਹੁੰਦਿਆਂ ਕਿਹਾ, "ਕੈਨੇਡਾ ਦੀ ਮਜ਼ਬੂਤੀ ਇਸ ਦੀ ਵਿਭਿੰਨਤਾ ਅਤੇ ਕਮਿਊਨਿਟੀਆਂ ਦੀ ਵਾਲੰਟੀਅਰਸ਼ਿਪ ਦੀ ਭਾਵਨਾ ਨਾਲ ਕੰਮ ਕਰਨ ਵਿੱਚ ਹੈ। ਵੱਖ-ਵੱਖ ਦੇਸ਼ਾਂ ਤੋਂ ਆਏ ਵੱਖ-ਵੱਖ ਧਰਮਾਂ, ਜ਼ਾਤਾਂ ਤੇ ਕਬੀਲਿਆਂ ਦੇ ਲੋਕ ਮਿਊਂਨਿਸਿਪਲ, ਪ੍ਰੋਵਿੰਸ਼ੀਅਲ ਅਤੇ ਫ਼ੈਡਰਲ ਪੱਧਰ ਦੀਆਂ ਸਰਕਾਰਾਂ ਦੇ ਗਠਨ ਵਿੱਚ ਬਹੁਤ ਵਧੀਆ ਯੋਗਦਾਨ ਪਾ ਰਹੇ ਹਨ। ਇਸਦੇ ਨਾਲ ਹੀ ਕੈਨੇਡਾ ਨੂੰ ਮਜ਼ਬੂਤ ਦੇਸ਼ ਬਨਾਉਣ ਵਿੱਚ ਸੀਨੀਅਰਾਂ ਦਾ ਵੀ ਬੜੀ ਵੱਡੀ ਭੂਮਿਕਾ ਹੈ।"

'ਕੈਨੇਡਾ-ਡੇਅ' ਮਨਾਉਣ ਦੇ ਇਨ੍ਹਾਂ ਜਸ਼ਨਾਂ ਵਿੱਚ ਕਲੱਬ ਮੈਂਬਰਾਂ ਵੱਲੋਂ ਬਿੰਗੋ ਦੀ ਗੇਮ ਵੀ ਖੇਡੀ ਗਈ ਜਿਸ ਵਿੱਚ ਹਾਸੇ-ਠੱਠੇ ਦਾ ਬਹੁਤ ਵਧੀਆ ਮਾਹੌਲ ਬਣਿਆ। ਮੈਂਬਰਾਂ ਤੇ ਮਹਿਮਾਨਾਂ ਨੇ ਮਿਲ਼ ਕੇ ਸੁਆਦਲੇ ਲੰਚ ਦਾਵਅਨੰਦ ਮਾਣਿਆ। ਉਪਰੰਤ, ਇਸ ਜੁਲਾਈ ਮਹੀਨੇ ਆਉਣ ਵਾਲੇ ਮੈਂਬਰਾਂ ਦੇ ਜਨਮ-ਦਿਨ ਉਨ੍ਹਾਂ ਵੱਲੋਂ ਸਾਂਝਾ ਕੇਟ ਕੱਟ ਕੇ ਮਨਾਏ ਗਏ। ਭੁਪਿੰਦਰਪਾਲ ਸਿੰਘ ਡਾਂਗ ਤੇ ਕੰਵਲਜੀਤ ਕੌਰ ਡਾਂਗ ਦੇ ਵਿਆਹ ਦੀ 50ਵੀਂ ਵਰ੍ਹੇ-ਗੰਢ ਵੀ ਉਨ੍ਹਾਂ ਵੱਲੋਂ ਕੇਕ ਕੱਟ ਕੇ ਮਨਾਈ ਗਈ। ਕਲੱਬ ਦੇ ਮੈਂਬਰਾਂ ਵੱਲੋਂ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ ਗਈਆਂ ਅਤੇ ਸ਼ਾਨਦਾਰ ਤੋਹਫ਼ਾ ਤੇ ਸਰਟੀਫ਼ੀਕੇਟ ਪ੍ਰਦਾਨ ਕੀਤੇ ਗਏ।

ਸਮਾਗ਼ਮ ਦੀ ਸਮਾਪਤੀ ਵੱਲ ਵੱਧਦਿਆਂ ਕਲੱਬ ਦੇ ਚੇਅਰਪਰਸਨ ਗਿਆਨ ਪਾਲ ਵੱਲੋਂ ਸਮੂਹ ਮੈਂਬਰਾਂ, ਮਹਿਮਾਨਾਂ ਤੇ ਵਾਲੰਟੀਅਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਪਣੀ ਇਸ ਕਲੱਬ ਦੀ ਸਫ਼ਲਤਾ ਕਲੱਬ ਦੇ ਮੈਂਬਰਾਂ ਅਤੇ ਵਾਲੰਟੀਅਰਾਂ ਵੱਲੋਂ ਮਿਲ਼ ਕੇ ਕੰਮ ਕਰਨ ਵਿੱਚ ਹੈ। ਉਨ੍ਹਾਂ ਕਿਹਾ ਕਿ ਆਉਂਦੇ ਸਮਾਗ਼ਮਾਂ ਵਿੱਚ ਕਲੱਬ ਦੇ ਮੈਂਬਰਾਂ ਵੱਲੋਂ ਬੀਬੀਆਂ ਦਾ ਤਿਓਹਾਰ 'ਤੀਆਂ' ਮਨਾਇਆ ਜਾਏਗਾ ਅਤੇ ਮਿਲ਼ ਕੇ 'ਬਾਰ-ਬੀ-ਕਿਊ' ਕੀਤਾ ਜਾਏਗਾ।

# 'ਦਿਸ ਇਜ਼ ਮਾਈ ਮੈਨ': ਗਾਇਕਾ ਜੈਸਮੀਨ ਸੈਂਡਲਾਸ ਨੇ ਦਿੱਲੀ ਕੰਸਰਟ ਦੌਰਾਨ ਮੰਗਣੀ ਦਾ ਕੀਤਾ ਐਲਾਨ

## ਸਟੇਜ 'ਤੇ ਪਹੁੰਚਿਆ 'ਗੁਲਾਬੀ ਕੁਈਨ' ਦਾ ਹਮਸਫ਼ਰ



ਪੰਜਾਬੀ ਅਤੇ ਬੌਲੀਵੁੱਡ ਮਿਊਜ਼ਿਕ ਇੰਡਸਟਰੀ ਦੀ ਮਸ਼ਹੂਰ ਗਾਇਕਾ ਜੈਸਮੀਨ ਸੈਂਡਲਾਸ ਨੇ ਦਿੱਲੀ ਵਿਖੇ ਆਪਣੇ ਲਾਈਵ ਕੰਸਰਟ ਦੌਰਾਨ ਪ੍ਰਸ਼ੰਸਕਾਂ ਨੂੰ ਉਸ ਵੇਲੇ ਵੱਡਾ ਸਰਪ੍ਰਾਈਜ਼ ਦਿੱਤਾ, ਜਦੋਂ ਉਨ੍ਹਾਂ ਨੇ ਸਟੇਜ ਤੋਂ ਆਪਣੀ ਮੰਗਣੀ ਦਾ ਅਧਿਕਾਰਤ ਐਲਾਨ ਕਰ ਦਿੱਤਾ। ਸ਼ਨੀਵਾਰ ਰਾਤ ਦਿੱਲੀ ਦੇ ਯਸ਼ੋਭੂਮੀ ਕਨਵੈਨਸ਼ਨ ਸੈਂਟਰ ਵਿਖੇ ਆਪਣੇ 'ਦਿ ਡ੍ਰੀਮ ਗਰਲ ਇੰਡੀਆ ਟੂਰ' ਦੀ ਸ਼ੁਰੂਆਤ ਕਰਦਿਆਂ ਜੈਸਮੀਨ ਨੇ ਨਾ ਸਿਰਫ਼ ਆਪਣੀ ਮੰਗਣੀ ਦੀ ਅੰਗੂਠੀ ਦਿਖਾਈ, ਬਲਕਿ ਆਪਣੇ ਮੰਗੇਤਰ ਸ਼ੇਖਰ ਚੌਧਰੀ ਨੂੰ ਸਟੇਜ 'ਤੇ ਬੁਲਾ ਕੇ ਸਭ ਦੇ ਸਾਹਮਣੇ ਪੇਸ਼ ਵੀ ਕੀਤਾ।

**ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ**

ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਵੀਡੀਓਜ਼ ਵਿੱਚ ਜੈਸਮੀਨ ਬੇਹੱਦ ਭਾਵੁਕ ਅਤੇ ਖ਼ੁਸ਼ ਨਜ਼ਰ ਆ ਰਹੀ ਹੈ। ਲਾਈਵ ਸ਼ੋਅ ਦੌਰਾਨ ਸ਼ੇਖਰ ਚੌਧਰੀ ਦਾ ਹੱਥ ਫੜ ਕੇ ਜੈਸਮੀਨ ਨੇ ਉਤਸ਼ਾਹਿਤ ਭੀੜ ਨੂੰ ਕਿਹਾ, "ਇਹ ਉਹ ਇਨਸਾਨ ਹੈ ਜਿਸ ਨੇ ਮੈਨੂੰ ਅੰਗੂਠੀ ਪਹਿਨਾਈ ਹੈ। ਸਾਰਿਆਂ ਨੂੰ ਦੱਸ ਦਿਆਂ, ਇਹ ਮੇਰਾ ਹਮਸਫ਼ਰ (ਮਾਈ ਮੈਨ) ਹੈ!" ਇਸ ਤੋਂ ਬਾਅਦ ਦੋਵਾਂ ਨੇ ਸਟੇਜ 'ਤੇ ਇੱਕ-ਦੂਜੇ ਨੂੰ ਗਲੇ ਲਗਾਇਆ ਅਤੇ ਜੈਸਮੀਨ ਦੇ ਮਸ਼ਹੂਰ ਗੀਤ 'ਲਾਵਾਂ' 'ਤੇ ਰੋਮਾਂਟਿਕ ਡਾਂਸ ਕੀਤਾ, ਜਿਸ ਨੂੰ ਦੇਖ ਕੇ ਹਾਲ ਵਿੱਚ ਮੌਜੂਦ ਹਜ਼ਾਰਾਂ ਪ੍ਰਸ਼ੰਸਕਾਂ ਨੇ ਤਾੜੀਆਂ ਨਾਲ ਅਸਮਾਨ ਗੂੰਜਾ ਦਿੱਤਾ। ਸਟੇਜ ਛੱਡਣ ਤੋਂ ਪਹਿਲਾਂ ਸ਼ੇਖਰ ਨੇ ਜੈਸਮੀਨ ਨੂੰ ਫਲਾਇੰਗ ਕਿਸ (Flying Kiss) ਦਿੱਤੀ, ਜਿਸ ਤੋਂ ਬਾਅਦ ਗਾਇਕਾ ਆਪਣੇ ਹੰਝੂ ਰੋਕ ਨਾ ਸਕੀ।'

**ਆਪਣੇ ਸੁਪਰਹਿੱਟ ਗਾਣਿਆਂ ਨਾਲ ਜੈਸਮੀਨ ਨੇ ਦਿੱਲੀ ਵਾਸੀਆਂ ਨੂੰ ਖ਼ੂਬ ਨਚਾਇਆ**

ਇਸ ਸ਼ਾਨਦਾਰ ਕੰਸਰਟ ਵਿੱਚ ਜੈਸਮੀਨ ਨੇ ਸੁਨਹਿਰੀ ਰੰਗ ਦਾ ਲਹਿੰਗਾ ਅਤੇ ਭਾਰੀ ਜਿਊਲਰੀ ਪਹਿਨੀ ਹੋਈ ਸੀ। ਉਨ੍ਹਾਂ ਨੇ ਆਪਣੇ ਸੁਪਰਹਿੱਟ ਗੀਤਾਂ ਜਿਵੇਂ 'ਤਰਸ', 'ਇਲੀਗਲ ਵੈਪਨ', 'ਪੰਜੇਬਾਂ' ਅਤੇ 'ਸਿਪ ਸਿਪ' ਨਾਲ ਦਿੱਲੀ ਵਾਸੀਆਂ ਨੂੰ ਨਚਾਇਆ। ਇਸ ਦੇ ਨਾਲ ਹੀ ਉਨ੍ਹਾਂ ਨੇ ਆਪਣੀ ਸੁਪਰਹਿੱਟ ਐਲਬਮ 'ਧੁਰੰਧਰ' ਦੇ ਚਰਚਿਤ ਗੀਤ 'ਸ਼ਰਾਰਤ' ਅਤੇ 'ਜਾਈਏ ਸੱਜਣਾ' ਵੀ ਗਾਏ। ਦਿੱਲੀ ਦੇ ਇਸ ਸਫ਼ਲ ਸ਼ੋਅ ਤੋਂ ਬਾਅਦ ਜੈਸਮੀਨ ਹੁਣ 18 ਜੁਲਾਈ ਨੂੰ ਮੁੰਬਈ, 25 ਜੁਲਾਈ ਨੂੰ ਬੈਂਗਲੁਰੂ ਅਤੇ 29 ਅਗਸਤ ਨੂੰ ਚੰਡੀਗੜ੍ਹ ਵਿਖੇ ਆਪਣੀ ਆਵਾਜ਼ ਦਾ ਜਾਦੂ ਬਿਖੇਰੇਗੀ।











# ਸਰ੍ਹੋਂ ਦੇ ਫੁੱਲ ਤੇ ਮਾਂ ਦੀ ਚਿੱਠੀ

ਬਹੁਤ ਸਮਾਂ ਪਹਿਲਾਂ ਦੀ ਗੱਲ ਹੈ, ਪੰਜਾਬ ਦੇ ਇੱਕ ਪਿੰਡ ਵਿੱਚ ਮਾਈ ਨਸੀਬ ਕੌਰ ਆਪਣੇ ਇੱਕਲੌਤੇ ਪੁੱਤਰ ਸੁਖਵਿੰਦਰ ਨਾਲ ਰਹਿੰਦੀ ਸੀ। ਸੁਖਵਿੰਦਰ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ, ਇਸ ਲਈ ਉਸ ਦੀ ਨੌਕਰੀ ਦਿੱਲੀ ਦੇ ਇੱਕ ਬਹੁਤ ਵੱਡੇ ਦਫ਼ਤਰ ਵਿੱਚ ਲੱਗ ਗਈ। ਕੁਝ ਸਮੇਂ ਬਾਅਦ ਉਸ ਦਾ ਵਿਆਹ ਸ਼ਹਿਰ ਦੀ ਇੱਕ ਕੁੜੀ ਨਾਲ ਹੋ ਗਿਆ। ਸੁਖਵਿੰਦਰ ਦੀ ਘਰਵਾਲੀ ਸੁਭਾਅ ਦੀ ਬੁਰੀ ਨਹੀਂ ਸੀ, ਪਰ ਉਸ ਨੂੰ ਸ਼ਹਿਰ ਦੀ ਭੱਜ–ਦੌੜ ਅਤੇ ਵੱਡੀਆਂ ਕੋਠੀਆਂ ਪਸੰਦ ਸਨ, ਪਿੰਡ ਦਾ ਸਾਦਾ ਜੀਵਨ ਉਸ ਨੂੰ ਬੋਰਿੰਗ ਲੱਗਦਾ ਸੀ।

ਵਿਆਹ ਤੋਂ ਬਾਅਦ ਸੁਖਵਿੰਦਰ ਆਪਣੀ ਘਰਵਾਲੀ ਨਾਲ ਦਿੱਲੀ ਜਾ ਕੇ ਵੱਸ ਗਿਆ। ਸ਼ੁਰੂ–ਸ਼ੁਰੂ ਵਿੱਚ ਉਹ ਹਰ ਮਹੀਨੇ ਮਾਂ ਨੂੰ ਮਿਲਣ ਪਿੰਡ ਆਉਂਦਾ ਸੀ। ਪਰ ਹੌਲੀ–ਹੌਲੀ ਕੰਮ ਦੇ ਬੋਝ ਅਤੇ ਸ਼ਹਿਰੀ ਜ਼ਿੰਦਗੀ ਦੇ ਰੁਝੇਵਿਆਂ ਕਾਰਨ ਉਸ ਦਾ ਪਿੰਡ ਆਉਣਾ ਘੱਟ ਹੋ ਗਿਆ। ਸਾਲ ਬੀਤ ਗਏ, ਸੁਖਵਿੰਦਰ ਪਿੰਡ ਨਾ ਆ ਸਕਿਆ, ਪਰ ਉਹ ਹਰ ਮਹੀਨੇ ਮਾਂ ਦੇ ਖਰਚੇ ਲਈ ਪੈਸੇ ਜ਼ਰੂਰ ਭੇਜ ਦਿੰਦਾ ਸੀ।

ਮਾਈ ਨਸੀਬ ਕੌਰ ਪਿੰਡ ਦੇ ਪੁਰਾਣੇ ਘਰ ਵਿੱਚ ਬਿਲਕੁਲ ਇਕੱਲੀ ਰਹਿ ਗਈ ਸੀ। ਉਸ ਦੇ ਕੋਲ ਪੈਸੇ ਤਾਂ ਬਹੁਤ ਸਨ, ਪਰ ਉਨ੍ਹਾਂ ਪੈਸਿਆਂ ਨਾਲ ਗੱਲ ਕਰਨ ਵਾਲਾ ਕੋਈ ਨਹੀਂ ਸੀ। ਮਾਂ ਦੀਆਂ ਬੁੱਢੀਆਂ ਅੱਖਾਂ ਹਮੇਸ਼ਾ ਬੂਹੇ (ਦਰਵਾਜ਼ੇ) ਵੱਲ ਟਿਕੀਆਂ ਰਹਿੰਦੀਆਂ ਕਿ ਕਦੋਂ ਉਸ ਦਾ ਪੁੱਤ ਗੱਡੀ ਵਿੱਚੋਂ ਉਤਰ ਕੇ ਆਵੇਗਾ ਅਤੇ ਕਹੇਗਾ, "ਮਾਂ, ਮੈਨੂੰ ਬਹੁਤ ਭੁੱਖ ਲੱਗੀ ਹੈ, ਮੇਰੇ ਲਈ ਰੋਟੀ ਬਣਾ।"

ਇੱਕ ਵਾਰ ਸਰਦੀਆਂ ਦੇ ਦਿਨ ਸਨ। ਪਿੰਡ ਦੇ ਖੇਤ ਸਰ੍ਹੋਂ ਦੇ ਪੀਲੇ ਫੁੱਲਾਂ ਨਾਲ ਭਰੇ ਹੋਏ ਸਨ। ਮਾਈ ਬਹੁਤ ਬਿਮਾਰ ਪੈ ਗਈ। ਪਿੰਡ ਦੇ ਡਾਕਟਰ ਨੇ ਕਿਹਾ ਕਿ ਮਾਈ ਦੇ ਸਰੀਰ ਵਿੱਚ ਹੁਣ ਜਾਨ ਨਹੀਂ ਰਹੀ, ਉਹ ਸਿਰਫ਼ ਆਪਣੇ ਪੁੱਤਰ ਨੂੰ ਦੇਖਣ ਦੇ ਸਹਾਰੇ ਜਿਉਂਦੀ ਹੈ। ਪਿੰਡ ਦੇ ਸਰਪੰਚ ਨੇ ਸੁਖਵਿੰਦਰ ਨੂੰ ਫ਼ੋਨ ਕੀਤਾ, "ਸੁਖਵਿੰਦਰ, ਤੇਰੀ ਮਾਂ ਬਹੁਤ ਬਿਮਾਰ ਹੈ, ਤੁਰੰਤ ਪਿੰਡ ਆ ਜਾ।"

ਸੁਖਵਿੰਦਰ ਨੇ ਜਦੋਂ ਇਹ ਸੁਣਿਆ, ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਸ ਦੀ ਘਰਵਾਲੀ ਨੇ ਵੀ ਜਦੋਂ ਦੇਖਿਆ ਕਿ ਉਸ ਦਾ ਘਰਵਾਲਾ ਇੰਨਾ ਪਰੇਸ਼ਾਨ ਹੈ, ਤਾਂ ਉਸ ਦਾ ਦਿਲ ਵੀ ਪਿਘਲ ਗਿਆ। ਦੋਵੇਂ ਤੁਰੰਤ ਦਿੱਲੀ ਤੋਂ ਗੱਡੀ ਫੜ ਕੇ ਪਿੰਡ ਵੱਲ ਭੱਜੇ। ਜਦੋਂ ਸੁਖਵਿੰਦਰ ਪਿੰਡ ਦੇ ਮੋੜ 'ਤੇ ਪਹੁੰਚਿਆ, ਤਾਂ ਚਾਰੋਂ ਤਰਫ਼ ਪੀਲੇ ਸਰ੍ਹੋਂ ਦੇ ਫੁੱਲ ਲਹਿਰਾ ਰਹੇ ਸਨ, ਜਿਨ੍ਹਾਂ ਨੂੰ ਦੇਖ ਕੇ ਉਸ ਨੂੰ ਆਪਣਾ ਬਚਪਨ ਯਾਦ ਆ ਗਿਆ ਜਦੋਂ ਉਹ ਮਾਂ ਦੀ ਉਂਗਲ ਫੜ ਕੇ ਇਨ੍ਹਾਂ ਖੇਤਾਂ ਵਿੱਚ ਘੁੰਮਦਾ ਹੁੰਦਾ ਸੀ। ਉਹ ਦੌੜ ਕੇ ਆਪਣੇ ਪੁਰਾਣੇ ਘਰ ਦੇ ਅੰਦਰ ਗਿਆ। ਅੰਦਰ ਮੰਜੇ 'ਤੇ ਮਾਈ ਨਸੀਬ ਕੌਰ ਅੱਖਾਂ ਬੰਦ ਕਰਕੇ ਪਈ ਸੀ।

ਸੁਖਵਿੰਦਰ ਮਾਂ ਦੇ ਪੈਰਾਂ ਵਿੱਚ ਡਿੱਗ ਪਿਆ ਅਤੇ ਰੋਂਦੇ ਹੋਏ ਬੋਲਿਆ, "ਮਾਂ... ਮੈਨੂੰ ਮਾਫ਼ ਕਰ ਦੇ ਮਾਂ! ਤੇਰਾ ਸੁੱਖਾ ਆ ਗਿਆ। ਦੇਖ, ਮੈਂ ਤੇਰੀ ਨਹੁੰ (ਘਰਵਾਲੀ) ਨੂੰ ਵੀ ਨਾਲ ਲਿਆਇਆ ਹਾਂ। ਅੱਖਾਂ ਖੋਲ੍ਹ ਮਾਂ!"

ਸੁਖਵਿੰਦਰ ਦੀ ਆਵਾਜ਼ ਸੁਣ ਕੇ ਮਾਈ ਨੇ ਬਹੁਤ ਮੁਸ਼ਕਲ ਨਾਲ ਆਪਣੀਆਂ ਧੁੰਦਲੀਆਂ ਅੱਖਾਂ ਖੋਲ੍ਹੀਆਂ। ਉਸ ਨੇ ਆਪਣੇ ਕੰਬਦੇ ਹੋਏ ਹੱਥ ਨਾਲ ਸੁਖਵਿੰਦਰ ਦੇ ਚਿਹਰੇ ਨੂੰ ਛੋਹਿਆ ਅਤੇ ਬੋਲੀ, "ਸੁੱਖਾ ਪੁੱਤ... ਤੂੰ ਆ ਗਿਆ... ਮੇਰੀ ਉਡੀਕ ਪੂਰੀ ਹੋ ਗਈ।" ਮਾਈ ਨੇ ਸੁਖਵਿੰਦਰ ਦੀ ਘਰਵਾਲੀ ਦੇ ਸਿਰ 'ਤੇ ਵੀ ਹੱਥ ਰੱਖਿਆ ਅਤੇ ਅਸੀਸ ਦਿੱਤੀ।

ਉਸੇ ਵੇਲੇ ਮਾਈ ਨੇ ਤਕੀਏ ਦੇ ਹੇਠੋਂ ਇੱਕ ਪੁਰਾਣਾ ਲਿਫ਼ਾਫ਼ਾ ਕੱਢਿਆ, ਜਿਸ ਵਿੱਚ ਇੱਕ ਚਿੱਠੀ ਸੀ। ਮਾਈ ਨੇ ਉਹ ਚਿੱਠੀ ਸੁਖਵਿੰਦਰ ਦੇ ਹੱਥ ਵਿੱਚ ਦਿੱਤੀ ਅਤੇ ਹਮੇਸ਼ਾ ਲਈ ਆਪਣੀਆਂ ਅੱਖਾਂ ਬੰਦ ਕਰ ਲਈਆਂ। ਮਾਈ ਨਸੀਬ ਕੌਰ ਆਪਣੇ ਪੁੱਤਰ ਨੂੰ ਆਖਰੀ ਵਾਰ ਦੇਖ ਕੇ ਸਵਰਗ ਸਿਧਾਰ ਗਈ।

ਸੁਖਵਿੰਦਰ ਨੇ ਕੰਬਦੇ ਹੱਥਾਂ ਨਾਲ ਉਹ ਚਿੱਠੀ ਖੋਲ੍ਹੀ, ਜਿਸ ਵਿੱਚ ਮਾਂ ਨੇ ਲਿਖਿਆ ਸੀ:

"ਮੇਰੇ ਪਿਆਰੇ ਪੁੱਤ ਸੁੱਖਾ, ਮੈਨੂੰ ਪਤਾ ਹੈ ਕਿ ਤੂੰ ਸ਼ਹਿਰ ਵਿੱਚ ਬਹੁਤ ਵੱਡਾ ਆਦਮੀ ਬਣ ਗਿਆ ਹੈਂ ਅਤੇ ਤੇਰੇ ਕੋਲ ਬਿਲਕੁਲ ਸਮਾਂ ਨਹੀਂ ਹੈ। ਤੂੰ ਮੈਨੂੰ ਹਰ ਮਹੀਨੇ ਜੋ ਪੈਸੇ ਭੇਜਦਾ ਸੀ, ਉਹ ਮੈਂ ਸਾਰੇ ਬੈਂਕ ਵਿੱਚ ਤੇਰੇ ਬੱਚਿਆਂ ਲਈ ਜਮ੍ਹਾਂ ਕਰਵਾ ਦਿੱਤੇ ਹਨ। ਪੁੱਤਰਾ, ਮਾਂ ਨੂੰ ਪੈਸਿਆਂ ਦੀ ਲੋੜ ਨਹੀਂ ਹੁੰਦੀ, ਮਾਂ ਨੂੰ ਤਾਂ ਸਿਰਫ਼ ਆਪਣੇ ਪੁੱਤ ਦੇ ਪਿਆਰ ਅਤੇ ਉਸ ਦੇ ਸਾਥ ਦੀ ਲੋੜ ਹੁੰਦੀ ਹੈ। ਸ਼ਹਿਰ ਦੀ ਚਮਕ ਵਿੱਚ ਕਦੇ ਆਪਣੇ ਪਿੰਡ ਦੀ ਮਿੱਟੀ ਅਤੇ ਆਪਣੀਆਂ ਜੜ੍ਹਾਂ ਨੂੰ ਨਾ ਭੁੱਲੀਂ।"

ਚਿੱਠੀ ਪੜ੍ਹ ਕੇ ਸੁਖਵਿੰਦਰ ਅਤੇ ਉਸ ਦੀ ਘਰਵਾਲੀ ਦੋਵੇਂ ਫੁੱਟ–ਫੁੱਟ ਕੇ ਰੋਣ ਲੱਗੇ। ਸੁਖਵਿੰਦਰ ਦੀ ਘਰਵਾਲੀ ਨੇ ਸੁਖਵਿੰਦਰ ਦਾ ਹੱਥ ਫੜਿਆ ਅਤੇ ਕਿਹਾ, "ਅਸੀਂ ਬਹੁਤ ਵੱਡੀ ਗਲਤੀ ਕੀਤੀ। ਅਸੀਂ ਸ਼ਹਿਰ ਦੇ ਨਕਲੀ ਸੁੱਖਾਂ ਵਿੱਚ ਅਸਲੀ ਸਵਰਗ ਗੁਆ ਦਿੱਤਾ।"

ਉਸ ਦਿਨ ਸੁਖਵਿੰਦਰ ਅਤੇ ਉਸ ਦੀ ਘਰਵਾਲੀ ਨੇ ਫੈਸਲਾ ਕੀਤਾ ਕਿ ਉਹ ਹੁਣ ਪਿੰਡ ਦੀ ਜ਼ਮੀਨ ਨੂੰ ਕਦੇ ਇਕੱਲਾ ਨਹੀਂ ਛੱਡਣਗੇ ਅਤੇ ਹਰ ਸਾਲ ਸਰ੍ਹੋਂ ਦੇ ਫੁੱਲ ਖਿੜਨ 'ਤੇ ਆਪਣੀ ਮਾਂ ਦੀ ਯਾਦ ਵਿੱਚ ਪਿੰਡ ਜ਼ਰੂਰ ਆਇਆ ਕਰਨਗੇ।

ਸਿੱਖਿਆ (Moral): ਮਾਤਾ–ਪਿਤਾ ਲਈ ਬੱਚਿਆਂ ਦਾ ਪਿਆਰ ਅਤੇ ਸਮਾਂ ਹੀ ਸਭ ਤੋਂ ਵੱਡਾ ਤੋਹਫ਼ਾ ਹੁੰਦਾ ਹੈ। ਸੰਸਾਰ ਦੀ ਕੋਈ ਵੀ ਦੌਲਤ ਮਾਂ–ਪਿਓ ਦੀ ਮਮਤਾ ਅਤੇ ਉਨ੍ਹਾਂ ਦੇ ਸਾਥ ਦੀ ਜਗ੍ਹਾ ਨਹੀਂ ਲੈ ਸਕਦੀ।

# -ਬਟਵਾਰਾ-



ਛੋਟਾ ਜਿਹਾ ਪਿੰਡ ਸੀ – ਮਰਾੜ੍ਹ ਚੱਕ। ਧਰਤੀ ਵਾਂਗ ਹੀ ਸ਼ਾਂਤ 'ਤੇ ਫਲਦਾਇਕ, ਪਰ ਲੋਕਾਂ ਦੇ ਦਿਲ ਹੁਣ ਰੇਤ ਵਾਂਗ ਸੁੱਕ ਰਹੇ ਸਨ।

ਇਸ ਪਿੰਡ ਵਿਚ ਇੱਕ ਪੁਰਾਣਾ ਘਰ ਸੀ, ਜਿਸਦਾ ਨਾਮ ਪਿੰਡ ਵਾਸੀਆਂ ਨੇ ਪਾਇਆ ਸੀ "ਚੁੱਪੀ ਵਾਲਾ ਘਰ"। ਇਹ ਘਰ ਦੋ ਭਰਾਵਾਂ ਗੁਰਦਿੱਤ 'ਤੇ ਨਿਹਾਲ ਦਾ ਸੀ । ਪਿਓ ਦੀ ਵਸੀਅਤ ਮੁਤਾਬਿਕ – "ਇਹ ਘਰ ਨਾਂ ਵੇਚਿਆ ਜਾਏਗਾ, ਨਾਂ ਹੀ ਵੰਡਿਆ ਜਾਏਗਾ।"

ਪਰ ਪਿਓ ਦੇ ਗੁਜ਼ਰਨ ਮਗਰੋਂ, ਰੋਟੀ ਨਾਲੋਂ ਜ਼ਮੀਨ ਭਾਰੀ ਹੋ ਗਈ। ਦੋਵੇਂ ਭਰਾ ਵੱਡੇ ਹੋਏ, ਪਰ ਦਿਲ ਛੋਟੇ। ਬਚਪਨ ਵਿੱਚ ਕਬੱਡੀ 'ਤੇ ਗਿੱਲੀ-ਡੰਡੇ ਦੀ ਸਾਂਝ ਸੀ,ਪਰ ਹੁਣ ਹਰ ਕੰਧ 'ਤੇ ਲਕੀਰਾਂ ਖਿੱਚੀਆਂ ਜਾ ਰਹੀਆਂ ਸਨ।

ਇੱਕ ਰਾਤ ਨਿਹਾਲ ਕੰਧ ਕੱਟਣ ਵਾਲੀ ਮਸ਼ੀਨ ਲੈ ਆਇਆ। ਜਦੋਂ ਘਰ ਦੀ ਵਿਚਲੀ ਕੰਧ ਕੱਟੀ ਤਾਂ ਇੱਕ ਪੁਰਾਣੀ ਲੱਕੜ ਦੀ ਪੇਟੀ ਮਿਲੀ। ਜਿਸ ਉੱਤੇ ਲਿਖਿਆ ਸੀ, "ਇਹ ਮੇਰੀ ਵਾਰਸਤ ਨਹੀਂ, ਇਹ ਤੁਹਾਡੀ ਕਸੌਟੀ ਹੈ। ਜੇ ਤੁਸੀਂ ਇਹ ਖੋਲ੍ਹ ਲਿਆ, ਤਾਂ ਮੇਰਾ ਪਿੰਡ ਮਰ ਜਾਵੇਗਾ। ਅਸਲ ਵਿੱਚ ਮੈਂ ਇਹ ਦੇਖਣਾ ਚਾਹੁੰਦਾ ਸੀ ਕਿ ਮੇਰੇ ਪੁੱਤ ਆਪਣਾ ਹਿੱਸਾ ਲੈਣ ਆਏ ਨੇ ਜਾਂ ਭਾਈਚਾਰਾ, ਯਾਦਾਂ ਅਤੇ ਪਿਆਰ ਨੂੰ ਸੰਭਾਲਣ।" –ਤੁਹਾਡਾ ਪਿਓ, ਰਘੁਬੀਰ ਸਿੰਘ।

ਨਿਹਾਲ ਨੇ ਗੁਰਦਿੱਤ ਨੂੰ ਬੁਲਾਇਆ। ਦੋਵਾਂ ਨੇ ਪੇਟੀ ਖੋਲ੍ਹਣ ਦਾ ਫ਼ੈਸਲਾ ਕੀਤਾ। ਪਰ ਅੰਦਰ ਕੋਈ ਸੋਨਾ, ਕਾਗਜ਼ ਜਾਂ ਜਾਇਦਾਦ ਨਹੀਂ ਸੀ। ਸਿਰਫ਼ ਇੱਕ ਪੁਰਾਣੀ ਤਸਵੀਰ ਸੀ—ਜਿਸ ਵਿੱਚ ਦੋ ਛੋਟੇ ਭਰਾ ਇੱਕ ਹੀ ਰੋਟੀ ਦੇ ਨਿਵਾਲਾ ਤੋੜਦੇ ਹੋਏ ਹੱਸ ਰਹੇ ਸਨ। ਹੇਠਾਂ ਲਿਖਿਆ ਸੀ:

"ਜੇ ਇਹ ਤਸਵੀਰ ਤੁਹਾਨੂੰ ਰੁਲਾ ਨਾ ਸਕੇ, ਤਾਂ ਸਮਝ ਲਵੋ — ਤੁਸੀਂ ਵੰਡ ਲਈ ਤਿਆਰ ਹੋ,ਪਰ ਯਾਦਾਂ ਨੂੰ ਸੰਭਾਲਣ ਜੋਗ ਨਹੀਂ ਰਹੇ।" ਦੋਨਾਂ ਦੇ ਹੱਥ ਕੰਬ ਗਏ। ਕਮਰੇ ਵਿੱਚ ਸੰਨਾਟਾ ਛਾ ਗਿਆ। ਉਸ ਰਾਤ ਬਟਵਾਰਾ ਨਹੀਂ ਹੋਇਆ। ਪਰ ਅਗਲੇ ਦਿਨ ਪਿੰਡ ਦੇ ਚੌਂਕ ਵਿੱਚ ਇਕ ਨਵਾਂ ਬੋਰਡ ਲੱਗਿਆ ਸੀ – ਇਹ ਘਰ ਹੁਣ ਯਤੀਮ ਬੱਚਿਆਂ ਲਈ ਖੁੱਲ੍ਹ ਰਿਹਾ ਹੈ। ਕਿਉਂਕਿ ਜਿਨ੍ਹਾਂ ਕੋਲ ਮਾਂ–ਬਾਪ ਨਹੀਂ, ਉਹਨਾਂ ਲਈ 'ਚੁੱਪੀ ਵਾਲਾ ਘਰ' ਹੁਣ ਹੱਸਣ ਵਾਲਾ ਹੋਵੇਗਾ।

ਨਿਸ਼ਾ ਮਣੀ

## ਵਿਧਵਾ ਦੇ ਹੰਝੂ

ਜਿਉਂਦੀ ਵਿਧਵਾ ਦੇ ਹੰਝੂ ਤਾਂ ਮੁੱਕ ਜਾਂਦੇ ਨੇ, ਪਰ ਰੋਣਾ ਸਾਰੀ ਉਮਰ ਜਾਰੀ ਰਹਿੰਦਾ ਹੈ।

ਪੈਦਾ ਹੋਇਆ ਪੁੱਤਰ, ਬਾਪ ਵਰਗਾ ਹੋਵੇ ਤਾਂ ਇਸ ਨੂੰ ਜੀਵ–ਵਿਗਿਆਨ ਦਾ ਨਾਮ ਦਿੱਤਾ ਜਾਂਦਾ ਹੈ, ਪਰ ਜੇ ਸ਼ਕਲ–ਅਕਲ ਬਾਪ ਤੇ ਨਾ ਹੋਵੇ ਤਾਂ ਇਸ ਨੂੰ ਸਮਾਜ–ਵਿਗਿਆਨ ਕਿਹਾ ਜਾਂਦਾ ਹੈ, ਅਸਲ ਵਿਚ ਹੁੰਦੀ ਇਹ ਮਰਦ ਦੀ ਲਾਪਰਵਾਹੀ ਹੈ, ਬੇਪਰਵਾਹ ਕਿਸੇ ਹੱਦ ਤੱਕ ਚੱਲ ਜਾਂਦਾ ਹੈ, ਪਰ ਲਾਪਰਵਾਹ ਨਹੀਂ।

ਰੋਸ਼ਨੀਆਂ ਪਿੱਛੇ, ਸ਼ਰਾਬੀ ਦਾ ਹਨੇਰਾ ਨਾ ਹੋਵੇ, ਇਸ ਲਈ ਸਿਆਣੀਆਂ ਔਰਤਾਂ, ਪੁਰਸ਼ ਦਾ ਵਿਸ਼ਲੇਸ਼ਣ ਕਰਦੀਆਂ ਹਨ ਤੇ ਸਮਝਦਾਰ ਮਰਦ ਔਰਤ ਦਾ ਮੁਲਾਂਕਣ ਕਰਦੇ ਹਨ।

ਬਹੁਤ ਮੇਰੇ ਵਰਗੇ ਲਾਈਲੱਗ ਮਰਦ–ਔਰਤਾਂ ਪਹਿਲੇ ਤਿੰਨ ਕੁਮੈਂਟ ਪੜ੍ਹਕੇ ਆਪਣੀ ਰਾਇ ਦੇਣੀ ਸ਼ੁਰੂ ਕਰ ਦਿੰਦੇ ਹਨ, ਜੋ ਜੀਵਨ ਦੇ ਅਸਲ ਸੱਚ ਤੋਂ ਕੋਹਾਂ ਦੂਰ ਹੁੰਦੀ ਹੈ।

ਚਲਾਕ ਲੂੰਬੜੀ ਅਤੇ ਲੱਗੜ ਆਪਣੀ ਪੂਛ ਨਹੀਂ ਛੁਪਾ ਸਕਦੇ, ਲੋਕਾਂ ਸਭ ਦੀਆਂ ਜੀਵਨ ਅਨੁਸਾਰ ਵੱਖਰੀਆਂ ਹੁੰਦੀਆਂ ਨੇ, ਜਿਵੇਂ ਕਈ ਪੰਛੀ ਪਾਣੀ ਤੋਂ ਡਰਦੇ ਨੇ, ਪਰ ਬੱਤਖ ਇਸ ਨੂੰ ਹਰ ਸਮੇਂ ਲੱਭਦੀ ਰਹਿੰਦੀ ਹੈ।

ਆਹ ਚੀਜ਼ਾਂ ਕਦੇ ਨਹੀਂ ਲੁਕਦੀਆਂ...ਪਿਆਰ, ਪਹਾੜ, ਅਸਮਾਨ ਚੜ੍ਹਿਆ ਧੂੰਆਂ ਤੇ ਸੱਚ!

ਔਰਤ ਨੂੰ, ਜੇ ਔਰਤ ਚੰਗੀ ਨਾ ਲੱਗੇ, ਉਸ ਨੂੰ ਉਸ ਦੇ ਪਤੀ ਤੇ ਤਰਸ ਆਉਂਦਾ ਹੈ ਕਿ ਕਿਸ ਬੰਦੇ ਨਾਲ ਵਿਚੋਲਿਆਂ ਇਨਸਾਫ਼ ਨਹੀਂ ਕੀਤਾ, ਪਰ ਹੁਣ ਇਹੀ ਗੱਲ ਜੇ ਕਿਸੇ ਔਰਤ ਲਈ ਮਰਦ ਕਹੇ ਤਾਂ ਪੁਆੜਾ ਪੈ ਜਾਂਦਾ ਹੈ!

ਕੁਲ ਮਿਲਾਕੇ ਸੁੱਖੀ ਜੀਵਨ ਕੱਟਣ ਲਈ ਘਰੇਲੂ ਫੈਸਲਾ ਔਰਤ ਨੂੰ ਤੇ ਬਾਹਰੀ ਮਰਦ ਨੂੰ ਕਰਨਾ ਚਾਹੀਦਾ ਹੈ।

ਜੇ ਬੀ ਔਰਤ ਜਾਂ ਮਰਦ ਲੋੜ ਤੋਂ ਜ਼ਿਆਦਾ ਛਾਣਦਾ ਹੈ, ਮੈਂ ਵੇਖਿਆ... *ਓਹਦੇ ਹੱਥ ਕੂੜਾ ਹੀ ਲੱਗਦਾ ਹੈ!*

ਹਰਫੂਲ ਭੁੱਲਰ ਮੰਡੀ ਕਲਾਂ

# ਸੱਚੀ ਯਾਰੀ ਤੇ ਇੱਕੋ ਕਫ਼ਨ




ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਦੋ ਦੋਸਤ ਰਹਿੰਦੇ ਸਨ—ਸੋਹਣ ਸਿੰਘ ਅਤੇ ਕਰਮ ਸਿੰਘ। ਉਨ੍ਹਾਂ ਦੀ ਦੋਸਤੀ ਪੂਰੇ ਇਲਾਕੇ ਵਿੱਚ ਮਸ਼ਹੂਰ ਸੀ। ਬਚਪਨ ਦੀਆਂ ਗਲੀਆਂ ਤੋਂ ਲੈ ਕੇ ਜਵਾਨੀ ਦੇ ਖੇਤਾਂ ਤੱਕ, ਦੋਵੇਂ ਹਮੇਸ਼ਾ ਇਕੱਠੇ ਦੇਖੇ ਜਾਂਦੇ ਸਨ। ਲੋਕ ਕਹਿੰਦੇ ਸਨ ਕਿ ਇਨ੍ਹਾਂ ਦੇ ਸਰੀਰ ਦੋ ਹਨ ਪਰ ਜਾਨ ਇੱਕ ਹੈ। ਸੋਹਣ ਸਿੰਘ ਸੁਭਾਅ ਦਾ ਥੋੜ੍ਹਾ ਭੋਲਾ ਸੀ ਅਤੇ ਕਰਮ ਸਿੰਘ ਬਹੁਤ ਹੀ ਸਮਝਦਾਰ ਅਤੇ ਦਲੇਰ ਸੀ।

ਸਮੇਂ ਦਾ ਚੱਕਰ ਬਦਲਿਆ। ਪਿੰਡ ਵਿੱਚ ਇੱਕ ਸਾਲ ਭਾਰੀ ਸੋਕਾ (ਅਕਾਲ) ਪੈ ਗਿਆ। ਖੇਤ ਸੁੱਕ ਗਏ ਅਤੇ ਘਰਾਂ ਵਿੱਚ ਅੰਨ ਦਾ ਦਾਣਾ ਨਾ ਰਿਹਾ। ਕਰਮ ਸਿੰਘ ਦੇ ਪਰਿਵਾਰ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਉਸ ਨੇ ਭਾਰੀ ਮਨ ਨਾਲ ਸੋਹਣ ਸਿੰਘ ਨੂੰ ਕਿਹਾ, "ਯਾਰ ਸੋਹਣਿਆ, ਪਿੰਡ ਵਿੱਚ ਰਹਿ ਕੇ ਮੇਰਾ ਪਰਿਵਾਰ ਭੁੱਖਾ ਮਰ ਜਾਵੇਗਾ। ਮੈਨੂੰ ਕੁਝ ਸਮੇਂ ਲਈ ਸ਼ਹਿਰ ਜਾ ਕੇ ਕੰਮ ਲੱਭਣਾ ਪਵੇਗਾ।"

ਸੋਹਣ ਸਿੰਘ ਦੀਆਂ ਅੱਖਾਂ ਭਰ ਆਈਆਂ। ਉਸ ਨੇ ਆਪਣੇ ਹਿੱਸੇ ਦੀ ਥੋੜ੍ਹੀ ਜਿਹੀ ਜਮ੍ਹਾਂ–ਪੂੰਜੀ ਕਰਮ ਸਿੰਘ ਦੇ ਹੱਥ 'ਤੇ ਰੱਖ ਦਿੱਤੀ ਅਤੇ ਕਿਹਾ, "ਕਰਮਿਆ, ਤੂੰ ਚਿੰਤਾ ਨਾ ਕਰੀਂ। ਜਦੋਂ ਤੱਕ ਤੂੰ ਵਾਪਸ ਨਹੀਂ ਆਉਂਦਾ, ਤੇਰੇ ਬੁੱਢੇ ਮਾਪਿਆਂ ਦੀ ਦੇਖਭਾਲ ਮੇਰੀ ਜ਼ਿੰਮੇਵਾਰੀ ਹੈ।" ਕਰਮ ਸਿੰਘ ਵਾਅਦਾ ਕਰਕੇ ਸ਼ਹਿਰ ਚਲਿਆ ਗਿਆ ਕਿ ਉਹ ਅਗਲੀ ਵਿਸਾਖੀ ਤੱਕ ਜ਼ਰੂਰ ਬਹੁਤ ਸਾਰੇ ਪੈਸੇ ਕਮਾ ਕੇ ਵਾਪਸ ਆਵੇਗਾ। ਸ਼ਹਿਰ ਜਾ ਕੇ ਕਰਮ ਸਿੰਘ ਨੇ ਦਿਨ–ਰਾਤ ਇੱਕ ਕਰ ਦਿੱਤੀ। ਉਹ ਇੱਕ ਵੱਡੀ ਫੈਕਟਰੀ ਵਿੱਚ ਬਹੁਤ ਸਖ਼ਤ ਮਿਹਨਤ ਕਰਨ ਲੱਗਾ। ਦੂਜੇ ਪਾਸੇ, ਪਿੰਡ ਵਿੱਚ ਸੋਹਣ ਸਿੰਘ ਨੇ ਆਪਣਾ ਵਾਅਦਾ ਪੂਰਾ ਨਿਭਾਇਆ। ਉਹ ਆਪਣੇ ਪਰਿਵਾਰ ਤੋਂ ਪਹਿਲਾਂ ਕਰਮ ਸਿੰਘ ਦੇ ਮਾਪਿਆਂ ਦੀ ਲੋੜ ਪੂਰੀ ਕਰਦਾ। ਉਹ ਖ਼ੁਦ ਅੱਧੀ ਰੋਟੀ ਖਾ ਲੈਂਦਾ, ਪਰ ਕਰਮ ਸਿੰਘ ਦੇ ਘਰ ਚੁੱਲ੍ਹਾ ਠੰਡਾ ਨਾ ਹੋਣ ਦਿੰਦਾ।

ਵਿਸਾਖੀ ਦਾ ਦਿਨ ਨੇੜੇ ਆ ਗਿਆ। ਕਰਮ ਸਿੰਘ ਬਹੁਤ ਖੁਸ਼ ਸੀ ਕਿਉਂਕਿ ਉਸ ਨੇ ਕਾਫੀ ਪੈਸੇ ਜੋੜ ਲਏ ਸਨ ਅਤੇ ਹੁਣ ਉਹ ਆਪਣੇ ਪਿੰਡ, ਆਪਣੇ ਪਰਿਵਾਰ ਅਤੇ ਆਪਣੇ ਸਭ ਤੋਂ ਪਿਆਰੇ ਯਾਰ ਸੋਹਣ ਸਿੰਘ ਕੋਲ ਵਾਪਸ ਜਾ ਰਿਹਾ ਸੀ। ਉਸ ਨੇ ਸੋਹਣ ਸਿੰਘ ਲਈ ਇੱਕ ਸੁੰਦਰ ਪੱਗ ਅਤੇ ਨਵੇਂ ਕੱਪੜੇ ਖਰੀਦੇ। ਪਰ ਕਿਸਮਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਜਿਸ ਰਾਤ ਕਰਮ ਸਿੰਘ ਨੇ ਸਵੇਰੇ ਪਿੰਡ ਲਈ ਬੱਸ ਫੜਨੀ ਸੀ, ਉਸੇ ਰਾਤ ਫੈਕਟਰੀ ਵਿੱਚ ਅਚਾਨਕ ਬਹੁਤ ਭਿਆਨਕ ਅੱਗ ਲੱਗ ਗਈ। ਕਈ ਮਜ਼ਦੂਰ ਅੰਦਰ ਫਸ ਗਏ। ਕਰਮ ਸਿੰਘ ਦਲੇਰ ਸੀ, ਉਹ ਆਪਣੇ ਸਾਥੀਆਂ ਨੂੰ ਬਚਾਉਣ ਲਈ ਅੱਗ ਦੇ ਅੰਦਰ ਕੁੱਦ ਪਿਆ। ਉਸ ਨੇ ਤਿੰਨ ਮਜ਼ਦੂਰਾਂ ਦੀ ਜਾਨ ਤਾਂ ਬਚਾ ਲਈ, ਪਰ ਖੁਦ ਅੱਗ ਦੀਆਂ ਲਪਟਾਂ ਵਿੱਚ ਬੁਰੀ ਤਰ੍ਹਾਂ ਘਿਰ ਗਿਆ ਅਤੇ ਦਮ ਘੁੱਟਣ ਕਾਰਨ ਉਸ ਦੀ ਮੌਤ ਹੋ ਗਈ।

ਅਗਲੇ ਦਿਨ, ਵਿਸਾਖੀ ਵਾਲੇ ਦਿਨ, ਪਿੰਡ ਵਿੱਚ ਖੁਸ਼ੀਆਂ ਦੀ ਬਜਾਏ ਮਾਤਮ ਛਾ ਗਿਆ। ਕਰਮ ਸਿੰਘ ਦੀ ਮ੍ਰਿਤਕ ਦੇਹ (ਲਾਸ਼) ਇੱਕ ਸਰਕਾਰੀ ਗੱਡੀ ਵਿੱਚ ਪਿੰਡ ਪਹੁੰਚੀ। ਕਰਮ ਸਿੰਘ ਦੇ ਬੁੱਢੇ ਮਾਪੇ ਲਾਸ਼ ਦੇਖ ਕੇ ਬੇਹੋਸ਼ ਹੋ ਗਏ। ਜਦੋਂ ਸੋਹਣ ਸਿੰਘ ਨੂੰ ਪਤਾ ਲੱਗਿਆ, ਤਾਂ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ। ਉਹ ਦੌੜਦਾ ਹੋਇਆ ਆਇਆ। ਉਸ ਦੀਆਂ ਚੀਕਾਂ ਨਾਲ ਪੂਰਾ ਪਿੰਡ ਰੋ ਪਿਆ। ਉਹ ਕਰਮ ਸਿੰਘ ਦੀ ਲਾਸ਼ ਦੇ ਕੋਲ ਬੈਠ ਗਿਆ ਅਤੇ ਉਸ ਦਾ ਹੱਥ ਫੜ ਕੇ ਬੋਲਿਆ, "ਓਏ ਕਰਮਿਆ! ਤੂੰ ਤਾਂ ਕਹਿੰਦਾ ਸੀ ਵਿਸਾਖੀ 'ਤੇ ਇਕੱਠੇ ਮੇਲਾ ਦੇਖਾਂਗੇ... ਤੂੰ ਮੇਰੇ ਲਈ ਪੱਗ ਲਿਆਉਣੀ ਸੀ... ਤੂੰ ਮੈਨੂੰ ਇਕੱਲਿਆਂ ਛੱਡ ਕੇ ਕਿੱਥੇ ਚਲਿਆ ਗਿਆ ਯਾਰ?"

ਸੰਸਕਾਰ ਦੀ ਤਿਆਰੀ ਸ਼ੁਰੂ ਹੋਈ। ਪਿੰਡ ਦੇ ਰੀਤੀ–ਰਿਵਾਜਾਂ ਮੁਤਾਬਕ ਲਾਸ਼ 'ਤੇ ਪਾਉਣ ਲਈ ਨਵਾਂ ਕਫ਼ਨ ਲਿਆਂਦਾ ਗਿਆ। ਪਰ ਸੋਹਣ ਸਿੰਘ ਨੇ ਉਹ ਕਫ਼ਨ ਪਿੱਛੇ ਹਟਾ ਦਿੱਤਾ। ਉਸ ਨੇ ਆਪਣੀ ਜੇਬ ਵਿੱਚੋਂ ਇੱਕ ਪੁਰਾਣੀ ਲੋਈ (ਚਾਦਰ) ਕੱਢੀ। ਇਹ ਉਹੀ ਚਾਦਰ ਸੀ ਜੋ ਦੋਵੇਂ ਦੋਸਤ ਸਿਆਲ ਦੀਆਂ ਰਾਤਾਂ ਵਿੱਚ ਖੇਤਾਂ ਵਿੱਚ ਰਾਖੀ ਕਰਦੇ ਵੇਲੇ ਇਕੱਠੇ ਉੱਪਰ ਲੈਂਦੇ ਸਨ।

ਸੋਹਣ ਸਿੰਘ ਨੇ ਉਹ ਚਾਦਰ ਕਰਮ ਸਿੰਘ ਦੇ ਸਰੀਰ 'ਤੇ ਪਾ ਦਿੱਤੀ ਅਤੇ ਰੋਂਦੇ ਹੋਏ ਪੂਰੀ ਪੰਚਾਇਤ ਦੇ ਸਾਹਮਣੇ ਕਿਹਾ, "ਮੇਰੇ ਯਾਰ ਨੂੰ ਬਾਜ਼ਾਰ ਦੇ ਨਵੇਂ ਕਫ਼ਨ ਦੀ ਲੋੜ ਨਹੀਂ। ਜਿਸ ਚਾਦਰ ਨੇ ਸਾਡੀ ਜਿਉਂਦੇ ਜੀ ਯਾਰੀ ਨਿਭਾਈ, ਉਹੀ ਚਾਦਰ ਇਸ ਦੇ ਆਖਰੀ ਸਫ਼ਰ ਵਿੱਚ ਇਸ ਦੇ ਨਾਲ ਜਾਵੇਗੀ। ਅੱਜ ਤੋਂ ਕਰਮ ਸਿੰਘ ਦੇ ਮਾਪੇ ਮੇਰੇ ਮਾਪੇ ਹਨ, ਜਦੋਂ ਤੱਕ ਮੇਰੇ ਸਰੀਰ ਵਿੱਚ ਸਾਹ ਹੈ, ਮੈਂ ਆਪਣੇ ਯਾਰ ਦਾ ਘਰ ਕਦੇ ਖਾਲੀ ਨਹੀਂ ਹੋਣ ਦਿਆਂਗਾ।" ਜਦੋਂ ਚਿਤਾ ਨੂੰ ਅੱਗ ਦਿਖਾਈ ਗਈ, ਤਾਂ ਸੋਹਣ ਸਿੰਘ ਉੱਥੇ ਹੀ ਬੈਠਾ ਰਿਹਾ। ਉਸ ਦੀ ਸੱਚੀ ਯਾਰੀ ਅਤੇ ਵਫ਼ਾਦਾਰੀ ਦੇਖ ਕੇ ਪਿੰਡ ਦੇ ਹਰ ਸ਼ਖਸ ਦੀ ਅੱਖ ਨਮ ਸੀ। ਪੈਸੇ ਦੀ ਇਸ ਦੁਨੀਆ ਵਿੱਚ, ਸੋਹਣ ਸਿੰਘ ਨੇ ਸਾਬਤ ਕਰ ਦਿੱਤਾ ਕਿ ਸੱਚੀ ਦੋਸਤੀ ਦੁਨੀਆ ਦਾ ਸਭ ਤੋਂ ਪਵਿੱਤਰ ਅਤੇ ਅਨਮੋਲ ਰਿਸ਼ਤਾ ਹੈ।

ਸਿੱਖਿਆ : ਸੱਚੇ ਦੋਸਤ ਸਿਰਫ਼ ਖੁਸ਼ੀਆਂ ਦੇ ਸਾਥੀ ਨਹੀਂ ਹੁੰਦੇ, ਬਲਕਿ ਮੁਸੀਬਤ ਅਤੇ ਮੌਤ ਤੋਂ ਬਾਅਦ ਵੀ ਆਪਣਾ ਵਾਅਦਾ ਅਤੇ ਯਾਰੀ ਨਿਭਾਉਂਦੇ ਹਨ। ਵਫ਼ਾਦਾਰੀ ਹੀ ਦੋਸਤੀ ਦੀ ਅਸਲੀ ਪਰਿਭਾਸ਼ਾ ਹੈ।

# ਬੁੱਢਾ ਬੋਹੜ ਤੇ ਬਾਪੂ ਦੀ ਉਡੀਕ..



ਪੰਜਾਬ ਦੇ ਮਾਝਾ ਖੇਤਰ ਦੇ ਇੱਕ ਇਤਿਹਾਸਕ ਪਿੰਡ ਵਿੱਚ ਬਾਪੂ ਜੋਗਿੰਦਰ ਸਿੰਘ ਰਹਿੰਦੇ ਸਨ। ਪਿੰਡ ਦੇ ਮੋੜ 'ਤੇ ਇੱਕ ਸੌ ਸਾਲ ਪੁਰਾਣਾ ਬੋਹੜ (ਬਰਗਦ) ਦਾ ਰੁੱਖ ਸੀ, ਜਿਸ ਦੀ ਸੰਘਣੀ ਛਾਂ ਹੇਠ ਬਾਪੂ ਰੋਜ਼ ਸਵੇਰ ਤੋਂ ਸ਼ਾਮ ਤੱਕ ਇੱਕ ਪੁਰਾਣੇ ਮੰਜੇ 'ਤੇ ਬੈਠੇ ਰਹਿੰਦੇ ਸਨ। ਉਨ੍ਹਾਂ ਦੀਆਂ ਬੁੱਢੀਆਂ ਅਤੇ ਧੁੰਦਲੀਆਂ ਅੱਖਾਂ ਹਮੇਸ਼ਾ ਪਿੰਡ ਨੂੰ ਆਉਣ ਵਾਲੀ ਕੱਚੀ ਸੜਕ ਵੱਲ ਟਿਕੀਆਂ ਰਹਿੰਦੀਆਂ ਸਨ। ਪਿੰਡ ਦਾ ਹਰ ਬੱਚਾ–ਬੁੱਢਾ ਜਾਣਦਾ ਸੀ ਕਿ ਬਾਪੂ ਜੋਗਿੰਦਰ ਸਿੰਘ ਆਪਣੇ ਇੱਕਲੌਤੇ ਪੁੱਤਰ, ਕੁਲਦੀਪ ਦੀ ਉਡੀਕ ਕਰ ਰਹੇ ਹਨ, ਜੋ ਬਾਰਾਂ ਸਾਲ ਪਹਿਲਾਂ ਰੋਜ਼ੀ–ਰੋਟੀ ਕਮਾਉਣ ਲਈ ਕੈਨੇਡਾ ਗਿਆ ਸੀ।

ਕੁਲਦੀਪ ਜਦੋਂ ਵਿਦੇਸ਼ ਗਿਆ ਸੀ, ਤਾਂ ਉਸ ਨੇ ਬਾਪੂ ਦੇ ਗਲ ਲੱਗ ਕੇ ਵਾਅਦਾ ਕੀਤਾ ਸੀ, "ਬਾਪੂ, ਮੈਂ ਦੋ ਸਾਲਾਂ ਵਿੱਚ ਬਹੁਤ ਸਾਰੇ ਪੈਸੇ ਕਮਾ ਕੇ ਵਾਪਸ ਆ ਜਾਵਾਂਗਾ। ਫਿਰ ਤੈਨੂੰ ਕਦੇ ਖੇਤਾਂ ਵਿੱਚ ਹਲ ਨਹੀਂ ਵਾਹੁਣਾ ਪਵੇਗਾ।" ਪਰ ਸਮੇਂ ਦੇ ਗੇੜ ਨਾਲ ਸ਼ਹਿਰ ਦੀ ਚਮਕ–ਦਮਕ ਅਤੇ ਪੈਸੇ ਦੀ ਦੌੜ ਵਿੱਚ ਕੁਲਦੀਪ ਅਜਿਹਾ ਫਸਿਆ ਕਿ ਉਹ ਆਪਣੇ ਬੁੱਢੇ ਪਿਤਾ ਨੂੰ ਹੀ ਭੁੱਲ ਗਿਆ। ਸ਼ੁਰੂ ਵਿੱਚ ਉਹ ਕਦੇ–ਕਦੇ ਫੋਨ ਕਰਦਾ ਸੀ, ਪਰ ਪਿਛਲੇ ਪੰਜ ਸਾਲਾਂ ਤੋਂ ਨਾ ਉਸ ਦਾ ਕੋਈ ਫੋਨ ਆਇਆ ਅਤੇ ਨਾ ਹੀ ਕੋਈ ਚਿੱਠੀ।

ਬਾਪੂ ਦੀ ਘਰਦੀ ਬਹੁਤ ਪਹਿਲਾਂ ਗੁਜ਼ਰ ਚੁੱਕੀ ਸੀ। ਉਹ ਘਰ ਵਿੱਚ ਬਿਲਕੁਲ ਇਕੱਲੇ ਸਨ। ਪਿੰਡ ਵਾਲੇ ਕਈ ਵਾਰ ਕਹਿੰਦੇ, "ਜੋਗਿੰਦਰ ਸਿਆਂ, ਹੁਣ ਉਹ ਨਹੀਂ ਆਉਂਦਾ, ਉਹ ਸ਼ਹਿਰੀ ਬਣ ਗਿਆ ਹੈ, ਤੂੰ ਆਪਣੀ ਸਿਹਤ ਖ਼ਰਾਬ ਨਾ ਕਰ।" ਪਰ ਬਾਪੂ ਹਮੇਸ਼ਾ ਇੱਕੋ ਜਵਾਬ ਦਿੰਦੇ, "ਨਹੀਂ, ਮੇਰਾ ਪੁੱਤ ਮੇਰੇ ਨਾਲ ਵਾਅਦਾ ਕਰਕੇ ਗਿਆ ਸੀ। ਉਹ ਜ਼ਰੂਰ ਆਵੇਗਾ।"

ਇੱਕ ਸਾਲ ਪਿੰਡ ਵਿੱਚ ਬਹੁਤ ਭਾਰੀ ਹੜ੍ਹ ਆ ਗਿਆ। ਖੇਤਾਂ ਦੀ ਫਸਲ ਬਰਬਾਦ ਹੋ ਗਈ ਅਤੇ ਕਈ ਕੱਚੇ ਘਰ ਢਹਿ ਗਏ। ਬਾਪੂ ਦਾ ਪੁਰਾਣਾ ਘਰ ਵੀ ਟੁੱਟ ਗਿਆ, ਪਰ ਉਨ੍ਹਾਂ ਨੇ ਪਿੰਡ ਛੱਡ ਕੇ ਸ਼ਹਿਰ ਦੇ ਰਾਹਤ ਕੈਂਪ ਵਿੱਚ ਜਾਣ ਤੋਂ ਮਨ੍ਹਾ ਕਰ ਦਿੱਤਾ। ਉਹ ਉਸੇ ਬੁੱਢੇ ਬੋਹੜ ਦੇ ਰੁੱਖ ਹੇਠਾਂ ਬੈਠੇ ਰਹੇ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇ ਕੁਲਦੀਪ ਵਾਪਸ ਆਇਆ ਅਤੇ ਉਸ ਨੂੰ ਘਰ ਖਾਲੀ ਮਿਲਿਆ, ਤਾਂ ਉਹ ਕਿੱਥੇ ਜਾਵੇਗਾ?

ਸਾਲ ਬੀਤਦੇ ਗਏ ਅਤੇ ਬਾਪੂ ਦਾ ਸਰੀਰ ਬਹੁਤ ਕਮਜ਼ੋਰ ਹੋ ਗਿਆ। ਇੱਕ ਦਿਨ, ਬਾਪੂ ਬਹੁਤ ਜ਼ਿਆਦਾ ਬਿਮਾਰ ਹੋ ਗਏ। ਪਿੰਡ ਦੇ ਸਰਪੰਚ ਨੇ ਉਨ੍ਹਾਂ ਨੂੰ ਹਸਪਤਾਲ ਦਾਖਲ ਕਰਵਾਇਆ। ਡਾਕਟਰਾਂ ਨੇ ਕਿਹਾ ਕਿ ਉਨ੍ਹਾਂ ਦੇ ਸਰੀਰ ਦੇ ਅੰਗ ਜਵਾਬ ਦੇ ਰਹੇ ਹਨ ਅਤੇ ਉਨ੍ਹਾਂ ਕੋਲ ਬਹੁਤ ਘੱਟ ਸਮਾਂ ਹੈ। ਬਾਪੂ ਨੇ ਸਰਪੰਚ ਦਾ ਹੱਥ ਫੜਿਆ ਅਤੇ ਕੰਬਦੀ ਆਵਾਜ਼ ਵਿੱਚ ਕਿਹਾ, "ਸਰਪੰਚ ਸਾਹਿਬ, ਮੈਨੂੰ ਹਸਪਤਾਲ ਦੇ ਚਿੱਟੇ ਕਮਰੇ ਵਿੱਚ ਨਹੀਂ ਮਰਨਾ। ਮੈਨੂੰ ਉਸੇ ਬੋਹੜ ਦੇ ਰੁੱਖ ਹੇਠਾਂ ਲੈ ਚੱਲੋ, ਜਿੱਥੇ ਮੇਰੇ ਪੁੱਤ ਨੇ ਮੇਰਾ ਹੱਥ ਫੜਿਆ ਸੀ।"

ਸਰਪੰਚ ਨੇ ਭਾਰੀ ਮਨ ਨਾਲ ਬਾਪੂ ਨੂੰ ਵਾਪਸ ਪਿੰਡ ਲਿਆਂਦਾ ਅਤੇ ਬੋਹੜ ਦੀ ਛਾਂ ਹੇਠ ਮੰਜੇ 'ਤੇ ਲਿਟਾ ਦਿੱਤਾ। ਪੂਰਾ ਪਿੰਡ ਇਕੱਠਾ ਹੋ ਗਿਆ। ਬਾਪੂ ਦੀਆਂ ਅੱਖਾਂ ਅਜੇ ਵੀ ਉਸੇ ਸੜਕ ਵੱਲ ਦੇਖ ਰਹੀਆਂ ਸਨ, ਪਰ ਹੁਣ ਉਨ੍ਹਾਂ ਵਿੱਚ ਰੋਸ਼ਨੀ ਖ਼ਤਮ ਹੋ ਰਹੀ ਸੀ।

ਉਸੇ ਵੇਲੇ, ਪਿੰਡ ਦੇ ਮੋੜ 'ਤੇ ਇੱਕ ਤੇਜ਼ ਗੱਡੀ ਆ ਕੇ ਰੁਕੀ। ਗੱਡੀ ਵਿੱਚੋਂ ਇੱਕ ਨੌਜਵਾਨ ਬਾਹਰ ਨਿਕਲਿਆ। ਉਹ ਹੋਰ ਕੋਈ ਨਹੀਂ, ਕੁਲਦੀਪ ਸੀ। ਬਾਰਾਂ ਸਾਲਾਂ ਬਾਅਦ, ਵਿਦੇਸ਼ ਦੀਆਂ ਸਾਰੀਆਂ ਮੁਸੀਬਤਾਂ ਅਤੇ ਕਾਗਜ਼ੀ ਚੱਕਰਾਂ ਤੋਂ ਮੁਕਤ ਹੋ ਕੇ, ਉਹ ਅੱਜ ਬਹੁਤ ਸਾਰਾ ਪੈਸਾ ਲੈ ਕੇ ਆਪਣੇ ਪਿਤਾ ਕੋਲ ਵਾਪਸ ਆਇਆ ਸੀ।

ਜਦੋਂ ਕੁਲਦੀਪ ਨੇ ਬੋਹੜ ਦੇ ਰੁੱਖ ਹੇਠਾਂ ਲੋਕਾਂ ਦੀ ਭੀੜ ਦੇਖੀ, ਤਾਂ ਉਸ ਦਾ ਦਿਲ ਜ਼ੋਰ ਦੀ ਧੜਕਿਆ। ਉਹ ਦੌੜ ਕੇ ਅੱਗੇ ਵਧਿਆ। ਜਦੋਂ ਉਸ ਨੇ ਮੰਜੇ 'ਤੇ ਆਪਣੇ ਕਮਜ਼ੋਰ, ਬੁੱਢੇ ਅਤੇ ਮਰਨ ਕਿਨਾਰੇ ਪਹੁੰਚੇ ਪਿਤਾ ਨੂੰ ਦੇਖਿਆ, ਤਾਂ ਉਸ ਦੇ ਹੱਥਾਂ ਵਿੱਚੋਂ ਸੂਟਕੇਸ ਛੁੱਟ ਗਿਆ।

"ਬਾਪੂ... ਬਾਪੂ! ਮੈਂ ਆ ਗਿਆ! ਮੈਨੂੰ ਮਾਫ਼ ਕਰ ਦੇ ਬਾਪੂ, ਤੇਰਾ ਕੁਲਦੀਪ ਵਾਪਸ ਆ ਗਿਆ!" ਕੁਲਦੀਪ ਬਾਪੂ ਦੇ ਪੈਰਾਂ ਵਿੱਚ ਡਿੱਗ ਕੇ ਬੱਚਿਆਂ ਵਾਂਗ ਫੁੱਟ–ਫੁੱਟ ਕੇ ਰੋਣ ਲੱਗਾ।

ਕੁਲਦੀਪ ਦੀ ਆਵਾਜ਼ ਸੁਣ ਕੇ ਬਾਪੂ ਦੀਆਂ ਬੰਦ ਹੋ ਰਹੀਆਂ ਅੱਖਾਂ ਇੱਕ ਪਲ ਲਈ ਖੁੱਲ੍ਹ ਗਈਆਂ। ਉਨ੍ਹਾਂ ਦੇ ਸੁੱਕੇ ਚਿਹਰੇ 'ਤੇ ਇੱਕ ਬਹੁਤ ਹੀ ਪਿਆਰੀ ਅਤੇ ਸਕੂਨ ਭਰੀ ਮੁਸਕੁਰਾਹਟ ਆ ਗਈ। ਉਨ੍ਹਾਂ ਨੇ ਬਹੁਤ ਮੁਸ਼ਕਲ ਨਾਲ ਆਪਣਾ ਕੰਬਦਾ ਹੋਇਆ ਕਾਲਾ ਹੱਥ ਚੁੱਕਿਆ ਅਤੇ ਕੁਲਦੀਪ ਦੇ ਸਿਰ 'ਤੇ ਰੱਖਿਆ।

ਬਾਪੂ ਨੇ ਹੌਲੀ ਜਿਹੀ ਆਵਾਜ਼ ਵਿੱਚ ਕਿਹਾ, "ਪੁੱਤਰਾ... ਤੂੰ ਆ ਗਿਆ... ਮੈਨੂੰ ਪਤਾ ਸੀ ਮੇਰਾ ਪੁੱਤ ਝੂਠਾ ਨਹੀਂ ਹੈ। ਹੁਣ ਮੈਂ ਚੈਨ ਨਾਲ ਸੌਂ ਸਕਦਾ ਹਾਂ।"

ਇਹ ਸ਼ਬਦ ਕਹਿੰਦਿਆਂ ਹੀ ਬਾਪੂ ਦਾ ਹੱਥ ਕੁਲਦੀਪ ਦੇ ਸਿਰ ਤੋਂ ਫਿਸਲ ਗਿਆ ਅਤੇ ਉਨ੍ਹਾਂ ਦੀਆਂ ਅੱਖਾਂ ਹਮੇਸ਼ਾ ਲਈ ਬੰਦ ਹੋ ਗਈਆਂ। ਬਾਪੂ ਜੋਗਿੰਦਰ ਸਿੰਘ ਨੇ ਆਪਣੇ ਪੁੱਤਰ ਦੇ ਆਉਣ ਦੀ ਉਡੀਕ ਵਿੱਚ ਹੀ ਆਪਣੇ ਆਖਰੀ ਸਾਹ ਰੋਕੇ ਹੋਏ ਸਨ।

ਕੁਲਦੀਪ ਨੇ ਬਾਪੂ ਦੇ ਸਰੀਰ ਨੂੰ ਗਲ ਨਾਲ ਲਗਾ ਲਿਆ ਅਤੇ ਇੰਨੀ ਜ਼ੋਰ ਦੀ ਚੀਕ ਮਾਰੀ ਕਿ ਬੋਹੜ ਦੇ ਰੁੱਖ 'ਤੇ ਬੈਠੇ ਪੰਛੀ ਵੀ ਉੱਡ ਗਏ। ਉਸ ਕੋਲ ਹੁਣ ਕੈਨੇਡਾ ਦੀ ਨਾਗਰਿਕਤਾ ਸੀ, ਬਹੁਤ ਸਾਰਾ ਪੈਸਾ ਸੀ, ਪਰ ਜਿਸ ਬਾਪੂ ਲਈ ਉਹ ਇਹ ਸਭ ਕਮਾਉਣ ਗਿਆ ਸੀ, ਉਹ ਬਾਪੂ ਹਮੇਸ਼ਾ ਲਈ ਉਸ ਨੂੰ ਛੱਡ ਕੇ ਜਾ ਚੁੱਕਾ ਸੀ। ਪੂਰੇ ਪਿੰਡ ਦੀਆਂ ਅੱਖਾਂ ਵਿੱਚੋਂ ਹੰਝੂ ਵਹਿ ਰਹੇ ਸਨ।

ਸਿੱਖਿਆ : ਵਿਦੇਸ਼ਾਂ ਦੀ ਚਮਕ ਅਤੇ ਪੈਸੇ ਦੀ ਦੌੜ ਵਿੱਚ ਕਦੇ ਵੀ ਆਪਣੇ ਬੁੱਢੇ ਮਾਪਿਆਂ ਨੂੰ ਇਕੱਲਾ ਨਾ ਛੱਡੋ। ਪੈਸਾ ਦੁਬਾਰਾ ਕਮਾਇਆ ਜਾ ਸਕਦਾ ਹੈ, ਪਰ ਮਾਪਿਆਂ ਦੀ ਉਮਰ ਅਤੇ ਉਨ੍ਹਾਂ ਦੀ ਉਡੀਕ ਦਾ ਸਮਾਂ ਕਦੇ ਵਾਪਸ ਨਹੀਂ ਆਉਂਦਾ।

# ਉਡੀਕ... !



ਬਹੁਤ ਪੁਰਾਣੀ ਗੱਲ ਹੈ ਜਦੋਂ ਸਾਡੇ ਲਿਹਾਜ ਪਿਆਰ ਆਲੇ ਪਰਵਾਰ ਨੇ ਆਵਦੇ ਵੱਡੇ ਮੁੰਡੇ ਦਾ ਵਿਆਹ ਕਰ ਦਿੱਤਾ ਤੇ ਛੋਟਾ ਮੁੰਡਾ ਪੁਲਸ ਵਿੱਚ ਭਰਤੀ ਹੋ ਗਿਆ। ਕੁਝ ਕੁ ਸਾਲਾਂ ਬਾਅਦ ਵੱਡੇ ਮੁੰਡੇ ਨੇ ਆਬੂ ਧਾਬੀ (ਯੂ.ਏ.ਈ) ਜਾਣ ਦਾ ਮਨ ਬਣਾ ਲਿਆ ਪਰ ਉਹਦੇ ਪਿਤਾ ਜੀ ਨੇ ਆਖਿਆ 'ਪੁੱਤ ਆਪਣੇ ਕੋਲ ਨੌਂ ਕਿੱਲੇ ਜ਼ਮੀਨ ਹੈਗੀ ਆ ਤੇ ਵਧੀਆ ਗੁਜ਼ਾਰਾ ਹੋਈ ਜਾਂਦਾ ਤੇ ਛੋਟੇ ਦੀ ਤਨਖਾਹ ਵੀ ਆਉਂਦੀ ਆ ਇਸ ਕਰਕੇ ਤੈਨੂੰ ਲੋੜ ਹੈਨੀ ਘਰ ਛੱਡ ਕੇ ਬਾਹਰ ਜਾਣ ਦੀ'.. ਨਾਲੇ ਅਜੇ ਕੋਈ ਬਾਲ ਬੱਚਾ ਵੀ ਨਹੀਂ ਹੈਗਾ ਤੇਰੇ। ਮੁੰਡਾ ਨਾ ਮੰਨਿਆਂ ਤੇ ਚਲਿਆ ਗਿਆ ਆਬੂ ਧਾਬੀ। 1997 ਜਾਂ 98 ਦੀ ਗੱਲ ਹੋਵੇਗੀ ਜਦੋਂ ਉਸ ਮੁੰਡੇ ਨੇ ਚਾਈਂ ਚਾਈਂ ਛੁੱਟੀ ਆਉਣਾ ਸੀ ਪਿੰਡ ਨੂੰ, ਜਿਸ ਦਿਨ ਉਹਦੀ ਆਬੂ ਧਾਬੀ ਤੋਂ ਭਾਰਤ ਨੂੰ ਫਲਾਈਟ ਹੋਣੀ ਸੀ ਓਦਣ ਪਿੰਡ ਦਿਆਂ ਕਿੰਨਿਆਂ ਈ ਮੁੰਡਿਆਂ ਨੂੰ ਮਿਲਿਆ ਸੀ ਉਹ, ਫਲਾਈਟ ਵਾਸਤੇ ਉਹ ਏਅਰ ਪੋਰਟ 'ਤੇ ਪਹੁੰਚਿਆ ਈ ਨਹੀਂ..ਉਹ ਕਿੱਥੇ ਚਲਿਆ ਗਿਆ ਕਿਸੇ ਨੂੰ ਵੀ ਖ਼ਬਰ ਨਹੀਂ। ਇੱਕ ਸਾਲ ਉਡੀਕ ਤੋਂ ਬਾਅਦ ਉਹਦੇ ਸਹੁਰੇ ਪਰਿਵਾਰ 'ਚੋਂ ਦੋ ਮੁੰਡੇ ਟੂਰਿਸਟ ਵੀਜ਼ਾ ਲੈ ਕੇ ਆਬੂ ਧਾਬੀ ਨੂੰ ਗਏ, ਇਹ ਗੱਲ 1998 ਦੀ ਹੈ ਤੇ ਉਦੋਂ ਮੈਂ ਵੀ ਆਬੂ ਧਾਬੀ ਵਿੱਚ ਹੀ ਕੰਮ ਕਰਦਾ ਸੀ.. ਖੈਰ ਉਹ ਤਿੰਨ ਮਹੀਨੇ ਪੰਜਾਬੀ ਜਾਣਕਾਰਾਂ ਨੂੰ ਨਾਲ ਲੈ ਕੇ ਥਾਣਿਆਂ ਵਿੱਚ ਗੇੜੇ ਮਾਰਦੇ ਰਹੇ, ਯੂ.ਏ.ਈ ਦੀਆਂ ਸਾਰੀਆਂ ਜੇਲ੍ਹਾਂ ਵਿੱਚ ਵੀ ਗਏ ਪਰ ਕੋਈ ਵੀ ਸੂਹ ਨਹੀਂ ਲੱਗੀ।

ਅੱਠ ਸਾਲ ਬੀਤ ਜਾਣ ਤੋਂ ਬਾਅਦ ਮੁੰਡੇ ਦੇ ਸਹੁਰੇ ਪਰਿਵਾਰ ਵਾਲੇ ਆ ਕੇ ਮੁੰਡੇ ਦੇ ਪਿਉ ਨੂੰ ਹੱਥ ਜੋੜ ਕੇ ਕਹਿਣ ਲੱਗੇ ਕਿ ਸਰਦਾਰ ਜੀ ਉਸਦੇ ਮੁੜਨ ਦੀ ਤਾਂ ਕੋਈ ਆਸ ਨਹੀਂ ਹੁਣ, ਤੁਸੀਂ ਸਾਡੀ ਬੇਨਤੀ ਪ੍ਰਵਾਨ ਕਰੋ ਤੇ ਸਾਡੀ ਧੀ ਨੂੰ ਆਪਣੇ ਛੋਟੇ ਪੁੱਤਰ ਦੀ ਪਤਨੀ ਵਜੋਂ ਸਵੀਕਾਰ ਲਵੋ। ਮੁੰਡੇ ਦਾ ਸਰੀਕਾ ਭਾਈਚਾਰਾ ਅਤੇ ਰਿਸ਼ਤੇਦਾਰ ਵੀ ਇਹੋ ਚਾਹੁੰਦੇ ਸਨ ਪਰ ਮੁੰਡੇ ਦਾ ਪਿਓ ਨਾ ਮੰਨਿਆਂ..ਤੇ ਉਹ ਇਹ ਵੀ ਨਹੀਂ ਸੀ ਚਾਹੁੰਦਾ ਕਿ ਉਸਦੀ ਨੂੰਹ ਘਰ ਛੱਡ ਕੇ ਚਲੀ ਜਾਵੇ। ਨੂੰਹ ਬੜਾ ਰੋਈ ਕਿ ਇਹ ਮੇਰੇ ਪਤੀ ਦਾ ਘਰ ਹੈ ਮੈਂ ਨਹੀਂ ਜਾਣਾ ਇੱਥੋਂ ਪਰ ਉਸਦੇ ਪੇਕਿਆਂ ਉਹਦੀ ਇੱਕ ਨਾ ਸੁਣੀ ਤੇ ਲੈ ਗਏ ਉਹਨੂੰ ਫਿਰ ਵਿਆਹ ਦਿੱਤੀ ਉਹਨਾਂ।

2020 ਵਿੱਚ ਮੈਂ ਮੁਲਖ ਨੂੰ ਗਿਆ ਤਾਂ ਉਹਨਾਂ ਦੇ ਘਰ ਮਿਲਣ ਗਿਆ ਤੇ ਬਹੁਤ ਗੱਲਾਂ ਕੀਤੀਆਂ ਉਸ ਗੁੰਮ ਹੋਏ ਦੋਸਤ ਦੇ ਪਿਉ ਨਾਲ। ਮੈਂ ਆਖਿਆ ਕਿ ਜਦੋਂ ਤੁਹਾਡੇ ਗੁੰਮ ਹੋਏ ਵੱਡੇ ਪੁੱਤ ਦੇ ਮੁੜ ਆਉਣ ਦੀ ਕੋਈ ਆਸ ਨਹੀਂ ਬਚੀ ਸੀ ਤਾਂ ਤੁਹਾਨੂੰ ਚਾਹੀਦਾ ਸੀ ਕਿ ਤੁਸੀਂ ਆਪਣੀ ਨੂੰਹ ਦਾ ਛੋਟੇ ਪੁੱਤ ਦੇ ਘਰ ਵਸੇਵਾ ਕਰਵਾ ਦਿੰਦੇ। ਮੇਰੀਆਂ ਗੱਲਾਂ ਸੁਣਨ ਤੋਂ ਬਾਅਦ ਭਰੀਆਂ ਹੋਈਆਂ ਅੱਖਾਂ ਦੇ ਅੱਥਰੂਆਂ ਨੂੰ ਸਾਫੇ ਨਾਲ ਪੂੰਝਦਿਆਂ ਹੋਇਆ ਉਹ ਬੋਲਿਆ,"ਮੈਨੂੰ ਪੂਰੀ ਉਮੀਦ ਸੀ ਕਿ ਮੇਰਾ ਪੁੱਤ ਜ਼ਰੂਰ ਆਵੇਗਾ ਇੱਕ ਦਿਨ.. ਜਦੋਂ ਉਹ ਆਵੇਗਾ ਤਾਂ ਆਪਣੀ ਪਿਆਰੀ ਪਤਨੀ ਨੂੰ ਛੋਟੇ ਭਰਾ ਦੇ ਘਰ ਵੱਸਦੀ ਵੇਖਕੇ ਉਸ 'ਤੇ ਕੀ ਬੀਤੇਗੀ?.. ਭੁੱਬਾਂ ਮਾਰ ਕੇ ਰੋਣ ਤੋਂ ਬਾਅਦ ਉਸਨੇ ਏਨਾ ਹੀ ਆਖਿਆ ਕਿ ਮੈਨੂੰ ਅੱਜ ਵੀ ਮੇਰੇ ਜੇਠੇ ਪੁੱਤ ਦੇ ਆਉਣ ਦੀ ਉਡੀਕ ਹੈ।

ਬਲਦੇਵ ਸਿੰਘ "ਪੂਨੀਆਂ"

# ਧੀ ਦਾ ਦਾਜ ਤੇ ਪਿਓ ਦੀ ਪੱਗ



ਪੰਜਾਬ ਦੇ ਇੱਕ ਛੋਟੇ ਜਿਹੇ ਪਿੰਡ ਵਿੱਚ ਨਿਰਮਲ ਸਿੰਘ ਨਾਂ ਦਾ ਇੱਕ ਗਰੀਬ ਅਤੇ ਇਮਾਨਦਾਰ ਕਿਸਾਨ ਰਹਿੰਦਾ ਸੀ। ਉਸ ਕੋਲ ਸਿਰਫ਼ ਇੱਕ ਏਕੜ ਜ਼ਮੀਨ ਸੀ, ਜਿਸ 'ਤੇ ਮਿਹਨਤ ਕਰਕੇ ਉਹ ਆਪਣੇ ਪਰਿਵਾਰ ਦਾ ਢਿੱਡ ਪਾਲਦਾ ਸੀ। ਉਸ ਦੀ ਪਤਨੀ ਦੀ ਮੌਤ ਉਦੋਂ ਹੀ ਹੋ ਗਈ ਸੀ ਜਦੋਂ ਉਨ੍ਹਾਂ ਦੀ ਧੀ, ਸੁਖਮਨ, ਸਿਰਫ਼ ਪੰਜ ਸਾਲਾਂ ਦੀ ਸੀ। ਨਿਰਮਲ ਸਿੰਘ ਨੇ ਸੁਖਮਨ ਨੂੰ ਮਾਂ ਅਤੇ ਪਿਓ ਦੋਵਾਂ ਦਾ ਪਿਆਰ ਦਿੱਤਾ। ਉਹ ਆਪਣੀ ਧੀ ਨੂੰ ਪਿੰਡ ਦੀ ਸਭ ਤੋਂ ਲਾਡਲੀ ਧੀ ਵਾਂਗ ਪਾਲਦਾ ਸੀ।

ਸੁਖਮਨ ਹੁਣ ਵਿਆਹੁਣ ਯੋਗ ਹੋ ਚੁੱਕੀ ਸੀ। ਉਹ ਜਿੰਨੀ ਸੁੰਦਰ ਸੀ, ਉੱਨੀ ਹੀ ਸਿਆਣੀ ਅਤੇ ਆਪਣੇ ਪਿਤਾ ਦੇ ਦੁੱਖ–ਸੁੱਖ ਨੂੰ ਸਮਝਣ ਵਾਲੀ ਸੀ। ਨਿਰਮਲ ਸਿੰਘ ਨੇ ਉਸ ਦੇ ਲਈ ਇੱਕ ਚੰਗੇ ਘਰ ਦਾ ਰਿਸ਼ਤਾ ਲੱਭ ਲਿਆ। ਲੜਕੇ ਵਾਲੇ ਚੰਗੇ ਪਰਿਵਾਰ ਦੇ ਸਨ, ਪਰ ਸਮਾਜ ਦੀਆਂ ਰੀਤਾਂ ਮੁਤਾਬਕ ਵਿਆਹ ਦਾ ਖਰਚਾ ਅਤੇ ਦਾਜ–ਦਹੇਜ ਦਾ ਪ੍ਰਬੰਧ ਕਰਨਾ ਨਿਰਮਲ ਸਿੰਘ ਲਈ ਇੱਕ ਬਹੁਤ ਵੱਡੀ ਚੁਣੌਤੀ ਸੀ।

ਵਿਆਹ ਦੇ ਦਿਨ ਨੇੜੇ ਆ ਰਹੇ ਸਨ। ਨਿਰਮਲ ਸਿੰਘ ਨੇ ਪਿੰਡ ਦੇ ਸ਼ਾਹੂਕਾਰ (ਕਰਜ਼ਾ ਦੇਣ ਵਾਲੇ) ਕੋਲ ਜਾ ਕੇ ਮਿੰਨਤਾਂ ਕੀਤੀਆਂ। ਸ਼ਾਹੂਕਾਰ ਚਲਾਕ ਸੀ, ਉਸ ਨੇ ਕਿਹਾ, "ਨਿਰਮਲ ਸਿਆਂ, ਮੈਂ ਤੈਨੂੰ ਕਰਜ਼ਾ ਤਾਂ ਦੇ ਦਿਆਂਗਾ, ਪਰ ਤੈਨੂੰ ਆਪਣੀ ਉਹ ਇੱਕ ਏਕੜ ਜ਼ਮੀਨ ਮੇਰੇ ਕੋਲ ਗਹਿਣੇ (ਗਿਰਵੀ) ਰੱਖਣੀ ਪਵੇਗੀ।" ਨਿਰਮਲ ਸਿੰਘ ਦੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਉਹ ਜ਼ਮੀਨ ਸਿਰਫ਼ ਮਿੱਟੀ ਦਾ ਟੁਕੜਾ ਨਹੀਂ ਸੀ, ਉਸ ਦੇ ਪੁਰਖਿਆਂ ਦੀ ਨਿਸ਼ਾਨੀ ਅਤੇ ਉਸ ਦੀ ਰੋਜ਼ੀ–ਰੋਟੀ ਦਾ ਇੱਕੋ–ਇੱਕ ਸਹਾਰਾ ਸੀ। ਪਰ ਆਪਣੀ ਧੀ ਦੀਆਂ ਖੁਸ਼ੀਆਂ ਲਈ, ਉਸ ਨੇ ਭਾਰੀ ਮਨ ਨਾਲ ਕਾਗਜ਼ਾਂ 'ਤੇ ਅੰਗੂਠਾ ਲਗਾ ਦਿੱਤਾ।

ਸੁਖਮਨ ਨੂੰ ਇਸ ਗੱਲ ਦਾ ਪਤਾ ਲੱਗ ਗਿਆ। ਉਹ ਆਪਣੇ ਪਿਤਾ ਦੇ ਕਮਰੇ ਵਿੱਚ ਗਈ, ਜਿੱਥੇ ਨਿਰਮਲ ਸਿੰਘ ਇਕੱਲਾ ਬੈਠਾ ਹੰਝੂ ਵਹਾ ਰਿਹਾ ਸੀ। ਸੁਖਮਨ ਨੇ ਉਸ ਦੇ ਹੱਥ ਫੜੇ ਅਤੇ ਰੋਂਦੇ ਹੋਏ ਬੋਲੀ, "ਬਾਪੂ! ਮੈਨੂੰ ਅਜਿਹਾ ਵਿਆਹ ਨਹੀਂ ਚਾਹੀਦਾ ਜੋ ਤੇਰੀ ਹਸਤੀ ਖੋਹ ਲਵੇ। ਮੈਂ ਬਿਨਾਂ ਕਿਸੇ ਦਾਜ ਦੇ, ਸਾਦੇ ਤਰੀਕੇ ਨਾਲ ਗੁਰਦੁਆਰੇ ਵਿੱਚ ਆਨੰਦ ਕਾਰਜ ਕਰ ਲਵਾਂਗੀ। ਤੂੰ ਆਪਣੀ ਜ਼ਮੀਨ ਨਾ ਵੇਚ, ਬਾਪੂ!"

ਨਿਰਮਲ ਸਿੰਘ ਨੇ ਸੁਖਮਨ ਦੇ ਸਿਰ 'ਤੇ ਹੱਥ ਰੱਖਿਆ ਅਤੇ ਬੜੇ ਪਿਆਰ ਨਾਲ ਬੋਲਿਆ, "ਧੀਏ, ਧੀਆਂ ਤਾਂ ਘਰ ਦੀ ਇੱਜ਼ਤ ਹੁੰਦੀਆਂ ਨੇ। ਤੂੰ ਮੇਰੀ ਪੱਗ ਦੀ ਸ਼ਾਨ ਐਂ। ਜੇ ਮੈਂ ਆਪਣੀ ਧੀ ਨੂੰ ਖੁਸ਼ੀ–ਖੁਸ਼ੀ ਵਿਦਾ ਨਾ ਕਰ ਸਕਿਆ, ਤਾਂ ਮੇਰੀ ਇਸ ਜ਼ਿੰਦਗੀ ਦਾ ਕੀ ਫਾਇਦਾ? ਜ਼ਮੀਨ ਤਾਂ ਫਿਰ ਬਣ ਜਾਵੇਗੀ, ਪਰ ਤੇਰੇ ਚਿਹਰੇ ਦੀ ਇਹ ਮੁਸਕੁਰਾਹਟ ਮੇਰੇ ਲਈ ਸਭ ਤੋਂ ਵੱਡੀ ਦੌਲਤ ਹੈ।"

ਵਿਆਹ ਦਾ ਦਿਨ ਆਇਆ। ਪੂਰਾ ਪਿੰਡ ਇਕੱਠਾ ਹੋਇਆ। ਨਿਰਮਲ ਸਿੰਘ ਨੇ ਆਪਣੀ ਸਮਰੱਥਾ ਤੋਂ ਵੱਧ ਕੇ ਬਾਰਾਤ ਦਾ ਸਵਾਗਤ ਕੀਤਾ ਅਤੇ ਸੁਖਮਨ ਨੂੰ ਸੁੰਦਰ ਤੋਹਫ਼ੇ ਦਿੱਤੇ। ਪਰ ਉਸ ਦੇ ਚਿਹਰੇ 'ਤੇ ਇੱਕ ਲੁਕਿਆ ਹੋਇਆ ਦਰਦ ਸੀ, ਜੋ ਸਿਰਫ਼ ਇੱਕ ਪਿਓ ਹੀ ਸਮਝ ਸਕਦਾ ਸੀ। ਜਦੋਂ ਡੋਲੀ ਤੁਰਨ ਦਾ ਵੇਲਾ ਆਇਆ, ਤਾਂ ਸਭ ਦੀਆਂ ਅੱਖਾਂ ਨਮ ਸਨ। ਸੁਖਮਨ ਆਪਣੇ ਪਿਤਾ ਦੇ ਗਲ ਲੱਗ ਕੇ ਫੁੱਟ–ਫੁੱਟ ਕੇ ਰੋਣ ਲੱਗੀ। ਉਸ ਨੇ ਨਿਰਮਲ ਸਿੰਘ ਦੇ ਕੰਨ ਵਿੱਚ ਹੌਲੀ ਜਿਹੀ ਕਿਹਾ, "ਬਾਪੂ, ਮੈਂ ਤੇਰੀ ਜ਼ਮੀਨ ਵਾਪਸ ਲੈ ਕੇ ਆਵਾਂਗੀ, ਤੂੰ ਹੌਂਸਲਾ ਨਾ ਹਾਰੀਂ।"

ਉਸੇ ਵੇਲੇ ਲੜਕੇ ਦੇ ਪਿਤਾ (ਸਹੁਰੇ) ਨੇ ਦੇਖਿਆ ਕਿ ਨਿਰਮਲ ਸਿੰਘ ਦੇ ਹੱਥ ਕੰਬ ਰਹੇ ਸਨ। ਉਹ ਸਮਝ ਗਏ ਕਿ ਇਸ ਗਰੀਬ ਪਿਤਾ ਨੇ ਆਪਣੀ ਹੱਦ ਤੋਂ ਬਾਹਰ ਜਾ ਕੇ ਇਹ ਸਭ ਕੀਤਾ ਹੈ। ਉਹ ਨਿਰਮਲ ਸਿੰਘ ਕੋਲ ਆਏ ਅਤੇ ਸਾਰਿਆਂ ਦੇ ਸਾਹਮਣੇ ਆਪਣੀ ਜੇਬ ਵਿੱਚੋਂ ਇੱਕ ਲਿਫ਼ਾਫ਼ਾ ਕੱਢਿਆ। ਉਸ ਲਿਫ਼ਾਫ਼ੇ ਵਿੱਚ ਉਹੀ ਜ਼ਮੀਨ ਦੇ ਕਾਗਜ਼ ਸਨ, ਜੋ ਨਿਰਮਲ ਸਿੰਘ ਨੇ ਸ਼ਾਹੂਕਾਰ ਕੋਲ ਗਿਰਵੀ ਰੱਖੇ ਸਨ। ਲੜਕੇ ਦੇ ਪਿਤਾ ਨੇ ਸ਼ਾਹੂਕਾਰ ਦਾ ਸਾਰਾ ਕਰਜ਼ਾ ਚੁਕਾ ਕੇ ਉਹ ਕਾਗਜ਼ ਪਹਿਲਾਂ ਹੀ ਵਾਪਸ ਲੈ ਲਏ ਸਨ।

ਲੜਕੇ ਦੇ ਪਿਤਾ ਨੇ ਉਹ ਕਾਗਜ਼ ਨਿਰਮਲ ਸਿੰਘ ਦੇ ਹੱਥਾਂ ਵਿੱਚ ਰੱਖੇ ਅਤੇ ਕਿਹਾ, "ਨਿਰਮਲ ਸਿੰਘ ਜੀ, ਤੁਸੀਂ ਸਾਨੂੰ ਜੋ ਸੁਖਮਨ ਦੇ ਰੂਪ ਵਿੱਚ ਘਰ ਦੀ ਲਕਸ਼ਮੀ ਦਿੱਤੀ ਹੈ, ਉਸ ਤੋਂ ਵੱਡਾ ਕੋਈ ਦਾਜ ਨਹੀਂ ਹੋ ਸਕਦਾ। ਇੱਕ ਪਿਓ ਦੀ ਪੱਗ ਅਤੇ ਉਸ ਦੀ ਜ਼ਮੀਨ ਉਸ ਦਾ ਮਾਣ ਹੁੰਦੀ ਹੈ। ਅਸੀਂ ਤੁਹਾਡਾ ਇਹ ਮਾਣ ਕਦੇ ਟੁੱਟਣ ਨਹੀਂ ਦਿਆਂਗੇ। ਇਹ ਜ਼ਮੀਨ ਤੁਹਾਡੀ ਸੀ ਅਤੇ ਤੁਹਾਡੀ ਹੀ ਰਹੇਗੀ।"

ਇਹ ਦੇਖ ਕੇ ਸੁਖਮਨ ਅਤੇ ਨਿਰਮਲ ਸਿੰਘ ਦੇ ਹੰਝੂ ਰੁਕਣ ਦਾ ਨਾਂ ਨਹੀਂ ਲੈ ਰਹੇ ਸਨ, ਪਰ ਇਸ ਵਾਰ ਇਹ ਅੰਝੂ ਦੁੱਖ ਦੇ ਨਹੀਂ, ਬਲਕਿ ਬਹੁਤ ਵੱਡੀ ਖੁਸ਼ੀ ਅਤੇ ਸੁਕੂਨ ਦੇ ਸਨ। ਪੂਰੀ ਪੰਚਾਇਤ ਅਤੇ ਪਿੰਡ ਵਾਲਿਆਂ ਨੇ ਲੜਕੇ ਵਾਲਿਆਂ ਦੀ ਇਸ ਸਿਆਣਪ ਦੀ ਬਹੁਤ ਸ਼ਲਾਘਾ ਕੀਤੀ।

ਸਿੱਖਿਆ: ਧੀਆਂ ਪਰਿਵਾਰ ਦਾ ਮਾਣ ਹੁੰਦੀਆਂ ਹਨ, ਕੋਈ ਬੋਝ ਨਹੀਂ। ਅਸਲੀ ਰਿਸ਼ਤੇ ਪੈਸੇ ਜਾਂ ਦਾਜ ਨਾਲ ਨਹੀਂ, ਬਲਕਿ ਇੱਕ–ਦੂਜੇ ਦੇ ਜਜ਼ਬਾਤਾਂ ਅਤੇ ਇੱਜ਼ਤ ਨੂੰ ਸਮਝਣ ਨਾਲ ਬਣਦੇ ਹਨ।

# ਸੁਹੱਪਣ ਕੀ ਹੈ...?

ਪਹਿਲੀ ਨਜ਼ਰ 'ਚ ਸੁਹੱਪਣ ਰੰਗ ਰੂਪ ਹੁੰਦਾ।
ਦੂਜੀ ਨਜ਼ਰ 'ਚ ਨੈਣ ਨਕਸ਼ ਸੁਹੱਪਣ ਹੁੰਦੇ।
ਤੀਜੀ ਨਜ਼ਰ ਵਿੱਚ ਸੁਹੱਪਣ ਵਿਹਾਰ ਹੁੰਦਾ।
ਚੌਥੀ ਨਜ਼ਰ ਵਿੱਚ ਸੁਹੱਪਣ ਇਖਲਾਕ ਹੁੰਦਾ।




ਇਸ ਲਈ ਸੁਹੱਪਣ ਦੀ ਅਸਲ ਪਰਿਭਾਸ਼ਾ ਤਾਂ ਵਿਹਾਰ ਤੇ ਇਖਲਾਕ ਹੀ ਹੈ। ਕਈ ਵਾਰ ਕਿਸੇ ਨੂੰ ਇੱਕ ਨਜ਼ਰ ਵੇਖਦੇ ਹਾਂ ਤਾਂ ਉਸਦਾ ਚਿਹਰਾ ਮਨ ਨੂੰ ਮੋਹ ਲੈਂਦਾ। ਉਸਦੇ ਨੈਣ ਨਕਸ਼ ਪ੍ਰਭਾਵਿਤ ਕਰਦੇ। ਉਸਦੀ ਖੂਬਸੂਰਤੀ ਸਾਡੇ ਮਨ ਤੇ ਅਸਰ ਕਰਦੀ। ਖਿੱਚ ਪਾਉਂਦੀ। ਪਰ ਜਦੋਂ ਅਸੀਂ ਉਸ ਵਿਅਕਤੀ ਨਾਲ ਕੁਝ ਪਲ ਲਈ ਗੱਲ ਕਰਦੇ ਤਾਂ ਸਾਡੇ ਨਜ਼ਰ ਵਿੱਚ ਉਸਦਾ ਵਿਹਾਰ ਮਹੱਤਵਪੂਰਨ ਹੋ ਜਾਂਦਾ। ਉਸ ਦੇ ਰੰਗ ਰੂਪ ਨੂੰ ਦੇ ਨੈਣ ਨਕਸ਼ਾ ਨੂੰ ਫਿਰ ਅਸੀਂ ਅਹਿਮੀਅਤ ਨਹੀਂ ਦਿੰਦੇ। ਜੇਕਰ ਉਸ ਦਾ ਵਿਹਾਰ ਚੰਗਾ ਹੋਵੇ ਤਾਂ ਉਹ ਸੋਹਣਾ ਲੱਗਦਾ।

ਥੋੜਾ ਸਮਾਂ ਉਸ ਵਿਅਕਤੀ ਦੇ ਨਾਲ ਵਰਤਣ ਵਿੱਚ ਜਦੋਂ ਅਸੀਂ ਉਸਦਾ ਇਖਲਾਕ ਵੇਖਦੇ ਤਾਂ ਉਹ ਸਾਨੂੰ ਬੇਹਦ ਸੋਹਣਾ ਲੱਗਦਾ। ਅਸਲ ਸੁਹੱਪਣ ਉਸ ਵੇਲੇ ਹੀ ਨਜ਼ਰ ਆਉਂਦਾ।

ਇਸ ਲਈ ਸੁਹੱਪਣ ਦੀ ਕੋਈ ਇੱਕ ਪਰਿਭਾਸ਼ਾ ਨਹੀਂ ਹੋ ਸਕਦੀ। ਪਲ ਦਾ ਪਲ ਕਿਸੇ ਨੂੰ ਮਿਲੇ ਤਾਂ ਚਿਹਰੇ ਨੇ ਹੀ ਪ੍ਰਭਾਵਿਤ ਕਰ ਲਿਆ। ਸੋ ਆਪਾਂ ਇਸ ਗੱਲ ਤੇ ਨਿਰਭਰ ਕਰਦਾ ਹੈ ਕਿ ਤੁਹਾਡਾ ਕਿਸੇ ਨਾਲ ਕਿੰਨਾ ਕੁ ਵਾਹ ਵਾਸਤਾ ਹੈ। ਕਹਿੰਦੇ ਨੇ ਨਾ ਇੱਕ ਵਾਰ ਅਕਬਰ ਨੇ ਬੀਰਬਲ ਨੂੰ ਕਿਹਾ।

ਸਿੰਗ ਬਾਂਕੀ ਮੱਝ ਸੋਹੇ
ਪੂੰਚ ਬਾਂਕੀ ਘੋੜੀਆਂ।
ਮੁੱਛ ਬਾਂਕਾ ਮਰਦ ਸੋਹੇ
ਨੈਣ ਬਾਂਕੀ ਨਾਰੀਆਂ।

ਭਾਵ ਇਹ ਕਿ ਮੱਝ ਆਪਣੇ ਸਿੰਗਾਂ ਨਾਲ ਸੋਹਣੀ ਲੱਗਦੀ ਹੈ ਤੇ ਘੋੜੀ ਪੂੰਛ ਨਾਲ। ਮਰਦਾ ਸੁਹੱਪਣ ਉਸਦੀ ਮੁੱਛ ਵਿੱਚ ਹੁੰਦਾ ਹੈ ਤੇ ਔਰਤ ਦਾ ਅੱਖਾਂ ਵਿੱਚ।

ਬੀਰਬਲ ਨੇ ਕਿਹਾ ਮਹਾਰਾਜ ਇੰਜ ਨਹੀਂ ਹੁੰਦਾ। ਕੋਈ ਵੀ ਆਪਣੇ ਕਰਮਾਂ ਨਾਲ ਹੀ ਸੋਹਣਾ ਹੋ ਸਕਦਾ।

ਅਕਬਰ ਨੇ ਉਸ ਤੋਂ ਪੁੱਛਿਆ ਕਿ ਤੇਰੇ ਮੁਤਾਬਕ ਸੁਹੱਪਣ ਕੀ ਹੈ।

ਬੀਰਬਲ ਨੇ ਜਵਾਬ ਦਿੱਤਾ
ਦੁੱਧ ਬਾਂਕੀ ਮੱਝ ਸੋਹੇ
ਚਾਲ ਬਾਂਕੀ ਘੋੜੀਆਂ
ਸੁਖਨ ਬਾਂਕਾ ਮਰਦ ਸੋਹੇ
ਕੁੱਖ ਬਾਂਕੀ ਨਾਰੀਆਂ।

ਅਰਥਾਤ ਮੱਝ ਆਪਣੇ ਦੁੱਧ ਨਾਲ ਚੰਗੀ ਲੱਗਦੀ ਹੈ ਇਹੀ ਉਸਦਾ ਸੁਹੱਪਣ ਹੁੰਦਾ ਹੈ। ਘੋੜੀ ਦੀ ਚਾਲ ਉਸਦੀ ਖੂਬਸੂਰਤੀ ਦੱਸਦੀ ਹੈ। ਮਰਦ ਆਪਣੇ ਕੰਮਾਂ ਨਾਲ ਸੋਹਣਾ ਲੱਗਦਾ ਹੈ ਤੇ ਔਰਤ ਆਪਣੀ ਔਲਾਦ ਤੇ ਚੰਗੇ ਹੋਣ ਨਾਲ। ਹਰ ਥਾਂ ਤੇ ਹਰ ਕਿਸੇ ਲਈ ਸੌਂਪਣ ਦਾ ਇੱਕ ਵੱਖਰਾ ਮਿਆਰ ਹੈ।

ਹਰਪ੍ਰੀਤ ਕੌਰ ਸੰਧੂ

ਪੰਜਾਬ ਸਟਾਰ
www.punjabstar.com

# ਟੈਸਟ ਮੈਚ: ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਇੰਗਲੈਂਡ ਨੂੰ 270 ਦੌੜਾਂ ਨਾਲ ਹਰਾਇਆ



ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਟੈਸਟ ਮੈਚ ਦੇ ਚੌਥੇ ਅਤੇ ਆਖਰੀ ਦਿਨ ਅੱਜ ਇੰਗਲੈਂਡ ਨੂੰ 270 ਦੌੜਾਂ ਦੇ ਵੱਡੇ ਫਰਕ ਨਾਲ ਹਰਾ ਦਿੱਤਾ ਹੈ। ਆਫ-ਸਪਿੰਨਰ ਸਨੇਹ ਰਾਣਾ ਦੀ ਅਗਵਾਈ ਵਿੱਚ ਭਾਰਤੀ ਗੇਂਦਬਾਜ਼ਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜਿੱਤ ਦਿਵਾਈ।

ਲੰਡਨ ਵਿੱਚ ਖੇਡੇ ਗਏ ਇਸ ਮੈਚ ਵਿੱਚ ਜਿੱਤ ਲਈ 457 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਇੰਗਲੈਂਡ ਦੀ ਪੂਰੀ ਟੀਮ ਦੂਜੀ ਪਾਰੀ ਵਿੱਚ ਸਿਰਫ਼ 186 ਦੌੜਾਂ 'ਤੇ ਹੀ ਸਿਮਟ ਗਈ। ਇੰਗਲੈਂਡ ਨੇ ਦਿਨ ਦੀ ਸ਼ੁਰੂਆਤ ਆਪਣੀ ਪਿਛਲੀ ਰਾਤ ਦੇ ਸਕੋਰ 6 ਵਿਕਟਾਂ 'ਤੇ 130 ਦੌੜਾਂ ਤੋਂ ਕੀਤੀ ਸੀ ਪਰ ਭਾਰਤੀ ਗੇਂਦਬਾਜ਼ਾਂ ਨੇ ਉਨ੍ਹਾਂ ਨੂੰ ਜ਼ਿਆਦਾ ਦੇਰ ਟਿਕਣ ਨਹੀਂ ਦਿੱਤਾ।

ਭਾਰਤ ਵੱਲੋਂ ਸਪਿੰਨਰ ਦੀਪਤੀ ਸ਼ਰਮਾ ਅਤੇ ਸਨੇਹ ਰਾਣਾ ਸਭ ਤੋਂ ਸਫ਼ਲ ਗੇਂਦਬਾਜ਼ ਰਹੀਆਂ। ਇਨ੍ਹਾਂ ਦੋਵਾਂ ਨੇ 6 ਵਿਕਟਾਂ ਹਾਸਲ ਕੀਤੀਆਂ ਅਤੇ ਇੰਗਲੈਂਡ ਦੇ ਬੱਲੇਬਾਜ਼ੀ ਕ੍ਰਮ ਨੂੰ ਚੱਲਣ ਨਾ ਦਿੱਤਾ। ਸਨੇਹ ਰਾਣਾ ਨੇ ਸ਼ਾਨਦਾਰ ਗੇਂਦਬਾਜ਼ੀ ਕਰਦੇ ਹੋਏ 42 ਦੌੜਾਂ ਦੇ ਕੇ 4 ਵਿਕਟਾਂ ਹਾਸਲ ਕੀਤੀਆਂ। ਦੂਜੇ ਪਾਸੇ, ਇੰਗਲੈਂਡ ਦੀ ਤਰਫੋਂ ਵਿਕਟਕੀਪਰ ਬੱਲੇਬਾਜ਼ ਐਮੀ ਜੋਨਸ ਨੇ 52 ਦੌੜਾਂ ਦੀ ਪਾਰੀ ਖੇਡ ਕੇ ਸੰਘਰਸ਼ ਜ਼ਰੂਰ ਕੀਤਾ ਪਰ ਉਨ੍ਹਾਂ ਦੀ ਪਾਰੀ ਟੀਮ ਨੂੰ ਹਾਰ ਤੋਂ ਬਚਾਉਣ ਲਈ ਨਾਕਾਫ਼ੀ ਸਾਬਤ ਹੋਈ।

ਇਸ ਇਤਿਹਾਸਕ ਮੈਚ ਵਿੱਚ ਭਾਰਤ ਨੇ ਪਹਿਲੀ ਪਾਰੀ ਵਿੱਚ 285 ਦੌੜਾਂ ਬਣਾਈਆਂ ਸਨ ਅਤੇ ਦੂਜੀ ਪਾਰੀ 7 ਵਿਕਟਾਂ 'ਤੇ 341 ਦੌੜਾਂ ਬਣਾ ਕੇ ਪਾਰੀ ਐਲਾਨੀ। ਇਸ ਦੇ ਜਵਾਬ ਵਿੱਚ ਇੰਗਲੈਂਡ ਦੀ ਟੀਮ ਪਹਿਲੀ ਪਾਰੀ ਵਿੱਚ 170 ਦੌੜਾਂ ਹੀ ਬਣਾ ਸਕੀ ਸੀ ਅਤੇ ਦੂਜੀ ਪਾਰੀ ਵਿੱਚ 62.5 ਓਵਰਾਂ ਵਿੱਚ 186 ਦੌੜਾਂ 'ਤੇ ਆਊਟ ਹੋ ਗਈ। ਇੰਗਲੈਂਡ ਲਈ ਦੂਜੀ ਪਾਰੀ ਵਿੱਚ ਐਮੀ ਜੋਨਸ ਨੇ 54 ਦੌੜਾਂ ਅਤੇ ਸੋਫੀ ਐਕਲਸਟੋਨ ਨੇ 50 ਦੌੜਾਂ ਬਣਾਈਆਂ। ਭਾਰਤ ਲਈ ਸਨੇਹ ਰਾਣਾ ਨੇ 42 ਦੌੜਾਂ ਦੇ ਕੇ 4 ਵਿਕਟਾਂ ਅਤੇ ਦੀਪਤੀ ਸ਼ਰਮਾ ਨੇ 36 ਦੌੜਾਂ ਦੇ ਕੇ 2 ਵਿਕਟਾਂ ਹਾਸਲ ਕੀਤੀਆਂ ਜਿਸ ਸਦਕਾ ਭਾਰਤ ਨੇ ਇਹ ਮੈਚ 270 ਦੌੜਾਂ ਨਾਲ ਜਿੱਤ ਲਿਆ।

# ਨੀਰੂ ਨੇ ਸੋਨ ਤਗ਼ਮਾ ਜਿੱਤਿਆ



ਭਾਰਤ ਦੀ ਮਹਿਲਾ ਨਿਸ਼ਾਨੇਬਾਜ਼ ਨੀਰੂ ਢਾਂਡਾ ਨੇ ਇੱਥੇ ਚੱਲ ਰਹੇ ਆਈ ਐੱਸ ਐੱਸ ਐੱਫ ਸ਼ਾਟਗਨ ਆਲਮੀ ਕੱਪ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਮਹਿਲਾ ਟਰੈਪ ਮੁਕਾਬਲੇ ਵਿੱਚ ਸੋਨ ਤਗ਼ਮਾ ਜਿੱਤ ਲਿਆ ਹੈ। ਨੀਰੂ ਨੇ 30 ਨਿਸ਼ਾਨਿਆਂ ਵਾਲੇ ਫਾਈਨਲ ਵਿੱਚ 27 ਸਟੀਕ ਨਿਸ਼ਾਨੇ ਲਾ ਕੇ ਆਪਣੇ ਕਰੀਅਰ ਦੀ ਸਭ ਤੋਂ ਵੱਡੀ ਕੌਮਾਂਤਰੀ ਜਿੱਤ ਦਰਜ ਕੀਤੀ। ਇਹ ਇਸ ਸਾਲ ਦੇ ਵਿਸ਼ਵ ਕੱਪ ਸੀਜ਼ਨ ਵਿੱਚ ਭਾਰਤ ਦਾ ਪਹਿਲਾ ਵਿਅਕਤੀਗਤ ਸ਼ਾਟਗਨ ਤਗ਼ਮਾ ਹੈ।

ਨੀਰੂ ਨੇ ਕੁਆਲੀਫਿਕੇਸ਼ਨ ਗੇੜ ਵਿੱਚ 125 'ਚੋਂ 121 ਅੰਕ ਹਾਸਲ ਕਰ ਕੇ ਪਹਿਲਾ ਸਥਾਨ ਹਾਸਲ ਕੀਤਾ ਸੀ। ਫਾਈਨਲ 'ਚ 8 ਨਿਸ਼ਾਨੇਬਾਜ਼ਾਂ ਵਿਚਾਲੇ ਹੋਏ ਮੁਕਾਬਲੇ ਦੌਰਾਨ ਨੀਰੂ ਨੇ ਫਰਾਂਸ ਦੀ ਸਾਬਕਾ ਵਿਸ਼ਵ ਚੈਂਪੀਅਨ ਅਤੇ ਓਲੰਪੀਅਨ ਕੈਰੋਲ ਕੋਰਮੇਨੀਅਰ ਨੂੰ ਸਖ਼ਤ ਟੱਕਰ ਦਿੱਤੀ। ਆਖ਼ਰੀ ਦੋ ਸ਼ਾਟ ਤੱਕ ਦੋਵੇਂ ਖਿਡਾਰਨਾਂ 25-25 ਦੀ ਬਰਾਬਰੀ 'ਤੇ ਸਨ, ਪਰ ਫਰਾਂਸ ਦੀ ਖਿਡਾਰਨ ਦਬਾਅ ਹੇਠ ਆ ਗਈ ਅਤੇ ਨੀਰੂ ਨੇ ਸੋਨ ਤਗ਼ਮਾ ਪੱਕਾ ਕਰ ਲਿਆ। ਇਟਲੀ ਦੀ ਐਰਿਕਾ ਸੇਸਾ ਨੇ ਕਾਂਸੇ ਦਾ ਤਗ਼ਮਾ ਜਿੱਤਿਆ।

ਨੀਰੂ ਦਾ ਇਹ ਦੂਜਾ ਆਲਮੀ ਕੱਪ ਤਗ਼ਮਾ ਹੈ, ਇਸ ਤੋਂ ਪਹਿਲਾਂ ਉਸ ਨੇ ਅਲਮਾਟੀ ਵਿੱਚ ਵਿਵਾਨ ਕੁਮਾਰ ਨਾਲ ਮਿਲ ਕੇ ਮਿਕਸਡ ਟਰੈਪ ਵਿੱਚ ਕਾਂਸੇ ਦਾ ਤਗ਼ਮਾ ਜਿੱਤਿਆ ਸੀ। ਇਸੇ ਮੁਕਾਬਲੇ ਵਿੱਚ ਭਾਰਤ ਦੀ ਮਨੀਸ਼ਾ ਕੀਰ 10ਵੇਂ ਸਥਾਨ 'ਤੇ ਰਹਿ ਕੇ ਫਾਈਨਲ ਵਿੱਚ ਪਹੁੰਚਣ ਤੋਂ ਖੁੰਝ ਗਈ।

# ਮੁਚੋਵਾ ਨੂੰ ਹਰਾ ਕੇ ਨੋਸਕੋਵਾ ਬਣੀ ਵਿੰਬਲਡਨ ਚੈਂਪੀਅਨ

ਚੈੱਕ ਗਣਰਾਜ ਦੀ 21 ਸਾਲਾ ਲਿੰਡਾ ਨੋਸਕੋਵਾ ਨੇ ਵਿੰਬਲਡਨ ਵਿੱਚ ਆਪਣੀ ਪਹਿਲੀ ਗਰੈਂਡ ਸਲੈਮ ਟਰਾਫੀ ਜਿੱਤ ਕੇ ਆਪਣੇ ਦੇਸ਼ ਦੀ ਸ਼ਾਨਦਾਰ ਪਰੰਪਰਾ ਨੂੰ ਕਾਇਮ ਰੱਖਿਆ ਹੈ। ਚੈੱਕ ਗਣਰਾਜ ਦੀਆਂ ਖਿਡਾਰਨਾਂ ਵਿਚਕਾਰ ਖੇਡੇ ਗਏ ਇਸ ਫਾਈਨਲ ਮੁਕਾਬਲੇ ਵਿੱਚ ਨੋਸਕੋਵਾ ਨੇ ਦੂਜੇ ਸੈੱਟ ਵਿੱਚ ਪੰਜ ਮੈਚ ਪੁਆਇੰਟ ਗੁਆਉਣ ਤੋਂ ਬਾਅਦ ਸ਼ਾਨਦਾਰ ਵਾਪਸੀ ਕਰਦੇ ਹੋਏ ਕਾਰੋਲੀਨਾ ਮੁਚੋਵਾ ਨੂੰ 6-2, 5-7, 6-3 ਨਾਲ ਹਰਾਇਆ।

ਨੋਸਕੋਵਾ ਪਿਛਲੇ ਚਾਰ ਸਾਲਾਂ ਵਿੱਚ ਵਿੰਬਲਡਨ ਦਾ ਮਹਿਲਾ ਸਿੰਗਲਜ਼ ਖਿਤਾਬ ਜਿੱਤਣ ਵਾਲੀ ਆਪਣੇ ਦੇਸ਼ ਦੀ ਤੀਜੀ ਖਿਡਾਰਨ ਬਣ ਗਈ ਹੈ। ਉਸ ਤੋਂ ਪਹਿਲਾਂ 2023 ਵਿੱਚ ਮਾਰਕੇਟਾ ਵੋਂਡਰੋਉਸੋਵਾ ਅਤੇ 2024 ਵਿੱਚ ਬਾਰਬੋਰਾ ਕ੍ਰੇਜਸੀਕੋਵਾ ਨੇ ਇਹ ਪ੍ਰਾਪਤੀ ਹਾਸਲ ਕੀਤੀ ਸੀ। ਨੋਸਕੋਵਾ ਨੇ ਫਾਈਨਲ ਮੈਚ ਦੀ ਸ਼ੁਰੂਆਤ ਤੋਂ ਹੀ ਆਪਣਾ ਦਬਦਬਾ ਬਣਾਉਂਦੇ ਹੋਏ ਪਹਿਲਾ ਸੈੱਟ ਆਸਾਨੀ ਨਾਲ ਆਪਣੇ ਨਾਮ ਕਰ ਲਿਆ ਸੀ। ਦੂਜੇ ਸੈੱਟ ਵਿੱਚ ਵੀ ਉਹ ਜਿੱਤ ਦੇ ਬਹੁਤ ਨਜ਼ਦੀਕ ਪਹੁੰਚ ਗਈ ਸੀ ਪਰ ਮੁਚੋਵਾ ਨੇ ਹਾਰ ਨਹੀਂ ਮੰਨੀ ਅਤੇ ਪੰਜ ਮੈਚ ਪੁਆਇੰਟ ਬਚਾਉਂਦੇ ਹੋਏ ਮੁਕਾਬਲੇ ਨੂੰ ਆਖਰੀ ਨਿਰਣਾਇਕ ਸੈੱਟ ਵਿੱਚ ਪਹੁੰਚਾ ਦਿੱਤਾ। ਇਸ ਦੇ ਬਾਵਜੂਦ ਨੋਸਕੋਵਾ ਨੇ ਤੀਜੇ ਸੈੱਟ ਵਿੱਚ ਆਪਣਾ ਸਬਰ ਬਣਾਈ ਰੱਖਿਆ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਖਿਤਾਬ ਆਪਣੇ ਨਾਮ ਕਰ ਲਿਆ।

ਇੱਥੇ ਦਿਲਚਸਪ ਗੱਲ ਇਹ ਹੈ ਕਿ ਮੁਚੋਵਾ ਅਤੇ ਨੋਸਕੋਵਾ ਨੇ 2024 ਦੀਆਂ ਪੈਰਿਸ ਓਲੰਪਿਕ ਖੇਡਾਂ ਵਿੱਚ ਜੋੜੀ ਬਣਾ ਕੇ ਮਹਿਲਾ ਡਬਲਜ਼ ਮੁਕਾਬਲੇ ਵਿੱਚ ਹਿੱਸਾ ਲਿਆ ਸੀ, ਜਿੱਥੇ ਇਹ ਜੋੜੀ ਸੈਮੀਫਾਈਨਲ ਤੱਕ ਪਹੁੰਚੀ ਸੀ। ਦੂਜੇ ਪਾਸੇ, ਪੁਰਸ਼ ਸਿੰਗਲਜ਼ ਦੇ ਫਾਈਨਲ ਮੁਕਾਬਲੇ ਵਿੱਚ ਐਤਵਾਰ ਨੂੰ ਦੁਨੀਆ ਦੇ ਨੰਬਰ ਇੱਕ ਖਿਡਾਰੀ ਜੈਨਿਕ ਸਿਨਰ ਆਪਣੇ ਖਿਤਾਬ ਦਾ ਬਚਾਅ ਕਰਨ ਲਈ ਮੈਦਾਨ ਵਿੱਚ ਉਤਰਨਗੇ, ਜਿਨ੍ਹਾਂ ਦਾ ਮੁਕਾਬਲਾ ਫਰੈਂਚ ਓਪਨ ਦੇ ਜੇਤੂ ਅਲੈਗਜ਼ੈਂਡਰ ਜ਼ਵੇਰੇਵ ਨਾਲ ਹੋਵੇਗਾ।

# ਸਵਿਟਜ਼ਰਲੈਂਡ ਨੂੰ ਹਰਾ ਕੇ ਅਰਜਨਟੀਨਾ ਸੈਮੀਫਾਈਨਲ 'ਚ



ਮੌਜੂਦਾ ਚੈਂਪੀਅਨ ਅਰਜਨਟੀਨਾ ਨੇ ਇੱਕ ਵਾਰ ਫਿਰ ਮੁਸ਼ਕਲ ਹਾਲਾਤ ਵਿੱਚੋਂ ਨਿਕਲਦਿਆਂ ਫੁਟਬਾਲ ਆਲਮੀ ਕੱਪ ਦੇ ਸੈਮੀਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। ਐਰੋਹੈੱਡ ਸਟੇਡੀਅਮ ਵਿੱਚ ਖੇਡੇ ਗਏ ਰੋਮਾਂਚਕ ਕੁਆਰਟਰ ਫਾਈਨਲ ਮੁਕਾਬਲੇ ਵਿੱਚ ਅਰਜਨਟੀਨਾ ਨੇ ਸਵਿਟਜ਼ਰਲੈਂਡ ਨੂੰ 3-1 ਨਾਲ ਹਰਾਇਆ। ਇਸ ਜਿੱਤ ਦੇ ਨਾਲ ਹੀ ਅਰਜਨਟੀਨਾ ਹੁਣ ਅਗਲੇ ਮੁਕਾਬਲੇ ਵਿੱਚ ਇੰਗਲੈਂਡ ਦਾ ਸਾਹਮਣਾ ਕਰੇਗਾ, ਜੋ ਨਾਰਵੇ ਨੂੰ 2-1 ਨਾਲ ਹਰਾ ਕੇ ਸੈਮੀਫਾਈਨਲ ਵਿੱਚ ਪਹੁੰਚਿਆ। ਦੂਜੇ ਪਾਸੇ, ਫਰਾਂਸ ਅਤੇ ਸਪੇਨ ਪਹਿਲਾਂ ਹੀ ਆਖਰੀ ਚਾਰ ਵਿੱਚ ਪਹੁੰਚ ਚੁੱਕੇ ਹਨ। ਆਲਮੀ ਕੱਪ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਫੀਫਾ ਰੈਂਕਿੰਗ ਦੀਆਂ ਸਿਖਰਲੀਆਂ ਚਾਰ ਟੀਮਾਂ ਸੈਮੀਫਾਈਨਲ ਵਿੱਚ ਆਹਮੋ-ਸਾਹਮਣੇ ਹੋਣਗੀਆਂ।

ਨਿਰਧਾਰਤ ਸਮੇਂ ਤੱਕ ਦੋਵੇਂ ਟੀਮਾਂ 1-1 ਦੀ ਬਰਾਬਰੀ 'ਤੇ ਸਨ, ਜਿਸ ਮਗਰੋਂ ਵਾਧੂ ਸਮੇਂ ਵਿੱਚ ਜੂਲੀਅਨ ਅਲਵਾਰੇਜ਼ ਅਤੇ ਬਾਅਦ ਵਿੱਚ ਲੌਟਾਰੋ ਮਾਰਟੀਨੇਜ਼ ਦੇ ਸ਼ਾਨਦਾਰ ਗੋਲਾਂ ਸਦਕਾ ਅਰਜਨਟੀਨਾ ਨੇ ਜਿੱਤ ਹਾਸਲ ਕੀਤੀ। ਅਰਜਨਟੀਨਾ ਲਈ ਪਹਿਲਾ ਗੋਲ ਅਲੈਕਸਿਸ ਮੈਕ ਐਲਿਸਟਰ ਨੇ ਲਿਓਨਲ ਮੈਸੀ ਦੇ ਕਾਰਨਰ ਕਿੱਕ ਪਾਸ 'ਤੇ ਕੀਤਾ।

ਸਵਿਟਜ਼ਰਲੈਂਡ ਦੇ ਡੈਨ ਐਨਡੋਏ ਨੇ 67ਵੇਂ ਮਿੰਟ ਵਿੱਚ ਗੋਲ ਕਰ ਕੇ ਸਕੋਰ ਬਰਾਬਰ ਕਰ ਦਿੱਤਾ ਸੀ ਪਰ ਮੈਚ ਦਾ ਰੁਖ਼ ਉਦੋਂ ਬਦਲ ਗਿਆ ਜਦੋਂ ਵੀਡੀਓ ਅਸਿਸਟੈਂਟ ਰੈਫਰੀ ਦੀ ਦਖ਼ਲਅੰਦਾਜ਼ੀ ਮਗਰੋਂ ਸਵਿਸ ਖਿਡਾਰੀ ਬ੍ਰੀਲ ਐਂਬੋਲੋ ਨੂੰ ਲਾਲ ਕਾਰਡ ਦਿਖਾ ਕੇ ਮੈਦਾਨ ਤੋਂ ਬਾਹਰ ਕਰ ਦਿੱਤਾ ਗਿਆ। ਸਵਿਟਜ਼ਰਲੈਂਡ ਦੇ ਕੋਚ ਮੁਰਾਤ ਯਾਕਿਨ ਨੇ ਇਸ ਫ਼ੈਸਲੇ 'ਤੇ ਸਖ਼ਤ ਨਾਰਾਜ਼ਗੀ ਜ਼ਾਹਰ ਕੀਤੀ।

# ਜੂਡ ਬੇਲਿੰਗਮ ਦੇ ਦੋ ਗੋਲਾਂ ਸਦਕਾ ਇੰਗਲੈਂਡ ਵੀ ਆਖ਼ਰੀ ਚਾਰ 'ਚ ਪੁੱਜਿਆ

ਮਿਆਮੀ ਗਾਰਡਨਜ਼: ਜੂਡ ਬੇਲਿੰਗਮ ਦੇ ਸ਼ਾਨਦਾਰ ਦੋ ਗੋਲਾਂ ਸਦਕਾ ਇੰਗਲੈਂਡ ਨੇ ਨਾਰਵੇ ਨੂੰ 2-1 ਨਾਲ ਹਰਾ ਕੇ ਆਲਮੀ ਕੱਪ ਦੇ ਸੈਮੀਫਾਈਨਲ ਵਿੱਚ ਜਗ੍ਹਾ ਬਣਾ ਲਈ ਹੈ। 2018 ਤੋਂ ਬਾਅਦ ਇੰਗਲੈਂਡ ਪਹਿਲੀ ਵਾਰ ਸੈਮੀਫਾਈਨਲ ਵਿੱਚ ਪਹੁੰਚਿਆ ਹੈ।

ਨਾਰਵੇ ਵੱਲੋਂ 36ਵੇਂ ਮਿੰਟ ਵਿੱਚ ਐਂਡਰੀਆਸ ਸ਼ਜੈਲਡਰੂਪ ਨੇ ਗੋਲ ਕਰ ਕੇ ਟੀਮ ਨੂੰ ਲੀਡ ਦਿਵਾਈ ਸੀ ਪਰ ਬੇਲਿੰਗਮ ਨੇ ਪਹਿਲੇ ਅੱਧ ਵਿੱਚ ਹੀ ਗੋਲ ਕਰ ਕੇ ਸਕੋਰ ਬਰਾਬਰ ਕਰ ਦਿੱਤਾ। ਮੈਚ ਦੇ ਵਾਧੂ ਸਮੇਂ ਦੇ ਤੀਜੇ ਮਿੰਟ ਵਿੱਚ ਬੇਲਿੰਗਮ ਨੇ ਆਪਣਾ ਦੂਜਾ ਗੋਲ ਕਰ ਕੇ ਟੀਮ ਨੂੰ ਜਿੱਤ ਦਿਵਾਈ। ਨਾਰਵੇ ਦਾ ਸਟਾਰ ਸਟਰਾਈਕਰ ਅਰਲਿੰਗ ਹਾਲੈਂਡ ਇਸ ਮੈਚ ਵਿੱਚ ਕੋਈ ਗੋਲ ਨਹੀਂ ਕਰ ਸਕਿਆ। ਜਿੱਤ ਦੇ ਬਾਵਜੂਦ ਇੰਗਲੈਂਡ ਦੇ ਕੋਚ ਥੌਮਸ ਟੂਚਲ ਟੀਮ ਦੇ ਪ੍ਰਦਰਸ਼ਨ ਤੋਂ ਨਾਖੁਸ਼ ਨਜ਼ਰ ਆਏ। ਉਨ੍ਹਾਂ ਕਿਹਾ ਕਿ ਟੀਮ ਨੇ ਆਪਣੇ ਲਈ ਮੈਚ ਬਹੁਤ ਔਖਾ ਬਣਾ ਲਿਆ ਸੀ। ਹਾਲਾਂਕਿ ਬੇਲਿੰਗਮ ਨੇ ਕੋਚ ਦੀ ਆਲੋਚਨਾ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਖਿਡਾਰੀਆਂ ਦੀ ਸ਼ਲਾਘਾ ਕੀਤੀ।

# ਸੈਨੇਗਲ ਵੱਲੋਂ ਮੁੱਖ ਕੋਚ ਅਤੇ ਤਕਨੀਕੀ ਸਟਾਫ਼ ਬਰਖ਼ਾਸਤ

ਡਕਾਰ: ਸੈਨੇਗਲ ਨੇ ਆਲਮੀ ਕੱਪ ਵਿੱਚ ਟੀਮ ਦੇ ਖ਼ਰਾਬ ਪ੍ਰਦਰਸ਼ਨ ਤੋਂ ਬਾਅਦ ਫੁਟਬਾਲ ਦੇ ਮੁੱਖ ਕੋਚ ਪਾਪੇ ਥੀਆਵ ਅਤੇ ਉਸ ਦੇ ਸਮੁੱਚੇ ਤਕਨੀਕੀ ਸਟਾਫ ਨੂੰ ਅਹੁਦੇ ਤੋਂ ਬਰਖ਼ਾਸਤ ਕਰ ਦਿੱਤਾ ਹੈ। ਕੌਮੀ ਫੁਟਬਾਲ ਫੈਡਰੇਸ਼ਨ ਅਨੁਸਾਰ ਟੀਮ ਦੇ ਪ੍ਰਦਰਸ਼ਨ ਦੀ ਸਮੀਖਿਆ ਤੋਂ ਬਾਅਦ ਇਹ ਫ਼ੈਸਲਾ ਕੀਤਾ ਗਿਆ ਹੈ।

ਆਲਮੀ ਕੱਪ ਦੇ ਆਖਰੀ 16 ਗੇੜ ਦੇ ਮੁਕਾਬਲੇ ਵਿੱਚ ਸੈਨੇਗਲ ਦੀ ਟੀਮ 83ਵੇਂ ਮਿੰਟ ਤੱਕ 2-0 ਨਾਲ ਅੱਗੇ ਹੋਣ ਦੇ ਬਾਵਜੂਦ ਬੈਲਜੀਅਮ ਹੱਥੋਂ ਹਾਰ ਕੇ ਬਾਹਰ ਹੋ ਗਈ ਸੀ। ਇਸ ਤੋਂ ਪਹਿਲਾਂ ਗਰੁੱਪ ਗੇੜ ਵਿੱਚ ਵੀ ਫਰਾਂਸ ਅਤੇ ਨਾਰਵੇ ਤੋਂ ਮਿਲੀ ਹਾਰ ਕਾਰਨ ਟੀਮ ਮੁਸ਼ਕਲ ਵਿੱਚ ਫਸ ਗਈ ਸੀ।

# ਇਟਲੀ ਦੇ ਸਿਨਰ ਨੇ ਲਗਾਤਾਰ ਦੂਜੀ ਵਾਰ ਜਿੱਤਿਆ ਵਿੰਬਲਡਨ ਖ਼ਿਤਾਬ



ਦੁਨੀਆ ਦੇ ਨੰਬਰ ਇੱਕ ਟੈਨਿਸ ਖਿਡਾਰੀ ਯਾਨਿਕ ਸਿਨਰ ਨੇ ਇੱਕ ਵਾਰ ਮੁੜ ਸਾਬਤ ਕਰ ਦਿੱਤਾ ਹੈ ਕਿ ਉਹ ਫਰੈਂਚ ਓਪਨ ਦੇ ਨਿਰਾਸ਼ਾਜਨਕ ਪ੍ਰਦਰਸ਼ਨ ਤੋਂ ਬਾਅਦ ਵਾਪਸੀ ਕਰਨਾ ਜਾਣਦਾ ਹੈ। ਇਟਲੀ ਦੇ ਇਸ ਸਟਾਰ ਖਿਡਾਰੀ ਨੇ ਐਤਵਾਰ ਨੂੰ ਖੇਡੇ ਗਏ ਪੁਰਸ਼ ਸਿੰਗਲਜ਼ ਦੇ ਫਾਈਨਲ ਮੁਕਾਬਲੇ ਵਿੱਚ ਜਰਮਨੀ ਦੇ ਅਲੈਗਜ਼ੈਂਡਰ ਜ਼ਵੇਰੇਵ ਨੂੰ 6-7, 7-6, 6-3, 6-4 ਨਾਲ ਹਰਾ ਕੇ ਲਗਾਤਾਰ ਦੂਜੀ ਵਾਰ ਵਿੰਬਲਡਨ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ। ਇਸ ਹਾਈ-ਵੋਲਟੇਜ ਮੁਕਾਬਲੇ ਦਾ ਸਭ ਤੋਂ ਅਹਿਮ ਮੋੜ ਤੀਜੇ ਸੈੱਟ ਵਿੱਚ ਆਇਆ ਜਦੋਂ ਇੱਕ ਮਹੱਤਵਪੂਰਨ ਅੰਕ ਦੌਰਾਨ ਜ਼ਵੇਰੇਵ ਘਾਹ ਦੀ ਕੋਰਟ 'ਤੇ ਫਿਸਲ ਗਿਆ।

ਇਸ ਤੋਂ ਬਾਅਦ ਉਹ ਗੋਡੇ ਦੀ ਤਕਲੀਫ਼ ਨਾਲ ਜੂਝਦਾ ਨਜ਼ਰ ਆਇਆ ਜਿਸ ਦਾ ਸਿੱਧਾ ਅਸਰ ਉਸ ਦੇ ਖੇਡ ਪ੍ਰਦਰਸ਼ਨ 'ਤੇ ਵੀ ਪਿਆ। ਸਿਨਰ ਨੇ ਆਪਣੇ ਕਰੀਅਰ ਦਾ ਇਹ ਪੰਜਵਾਂ ਗਰੈਂਡ ਸਲੈਮ ਖ਼ਿਤਾਬ ਅਜਿਹੇ ਸਮੇਂ ਜਿੱਤਿਆ ਹੈ, ਜਦੋਂ ਉਸ ਨੂੰ ਹਾਲ ਹੀ ਵਿੱਚ ਫਰੈਂਚ ਓਪਨ ਦੇ ਦੂਜੇ ਦੌਰ ਵਿੱਚ ਹਾਰ ਦਾ ਸਾਹਮਣਾ ਕਰਨਾ ਪਿਆ ਸੀ।

### ਸ਼ੁਰੂਆਤ ਵਿਚ ਲੀਡ ਹਾਸਲ ਕਰਨ ਦੇ ਬਾਵਜੂਦ ਖ਼ਿਤਾਬ ਤੋਂ ਖੁੰਝਿਆ ਜਰਮਨ ਖਿਡਾਰੀ

ਜ਼ਿਕਰਯੋਗ ਹੈ ਕਿ ਪਿਛਲੇ ਸਾਲ ਵੀ ਸਿਨਰ ਨੇ ਫਰੈਂਚ ਓਪਨ ਦੇ ਫਾਈਨਲ ਵਿੱਚ ਕਾਰਲੋਸ ਅਲਕਾਰੇਜ਼ ਖ਼ਿਲਾਫ਼ ਤਿੰਨ ਮੈਚ ਪੁਆਇੰਟ ਗੁਆਉਣ ਤੋਂ ਬਾਅਦ ਵਿੰਬਲਡਨ ਵਿੱਚ ਸ਼ਾਨਦਾਰ ਵਾਪਸੀ ਕੀਤੀ ਸੀ ਅਤੇ ਆਲ ਇੰਗਲੈਂਡ ਕਲੱਬ ਦੇ ਫਾਈਨਲ ਵਿੱਚ ਅਲਕਾਰੇਜ਼ ਨੂੰ ਹਰਾ ਕੇ ਖ਼ਿਤਾਬ ਜਿੱਤਿਆ ਸੀ। ਇਹ ਜ਼ਵੇਰੇਵ ਖ਼ਿਲਾਫ਼ ਸਿਨਰ ਦੀ ਲਗਾਤਾਰ 10ਵੀਂ ਜਿੱਤ ਵੀ ਹੈ। ਜਰਮਨ ਖਿਡਾਰੀ ਜ਼ਵੇਰੇਵ ਹਾਲ ਹੀ ਵਿੱਚ ਫਰੈਂਚ ਓਪਨ ਜਿੱਤ ਕੇ ਆਪਣੇ ਕਰੀਅਰ ਦਾ ਪਹਿਲਾ ਗਰੈਂਡ ਸਲੈਮ ਖ਼ਿਤਾਬ ਹਾਸਲ ਕਰਨ ਤੋਂ ਬਾਅਦ ਪੂਰੇ ਆਤਮਵਿਸ਼ਵਾਸ ਨਾਲ ਵਿੰਬਲਡਨ ਪਹੁੰਚਿਆ ਸੀ। ਫਾਈਨਲ ਮੈਚ ਦੇ ਪਹਿਲੇ ਦੋ ਸੈੱਟਾਂ ਵਿੱਚ ਉਸ ਨੇ ਸਿਨਰ ਨੂੰ ਸਖ਼ਤ ਟੱਕਰ ਦਿੱਤੀ, ਪਰ ਉਸ ਤੋਂ ਬਾਅਦ ਉਹ ਇਟਲੀ ਦੇ ਸਟਾਰ ਖਿਡਾਰੀ ਦੀ ਸ਼ਾਨਦਾਰ ਖੇਡ ਅੱਗੇ ਜ਼ਿਆਦਾ ਦੇਰ ਟਿਕ ਨਹੀਂ ਸਕੇ ਅਤੇ ਸਿਨਰ ਨੇ ਲਗਾਤਾਰ ਦੂਜੀ ਵਾਰ ਚੈਂਪੀਅਨ ਬਣਨ ਦਾ ਮਾਣ ਹਾਸਲ ਕੀਤਾ।











